# ਵਿਲੱਖਣ ਸ਼ਖ਼ਸੀਅਤਾਂ

ਸੰਪਾਦਕ : ਡਾ: ਇੰਦਰਜੀਤ ਕੌਰ

*ਪ੍ਰਕਾਸ਼ਕ :*

**ਡਾ. ਇੰਦਰਜੀਤ ਕੌਰ**

ਪ੍ਰਧਾਨ,

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.)**

ਅੰਮ੍ਰਿਤਸਰ ।

**ਵਿਲੱਖਣ ਸ਼ਖ਼ਸੀਅਤਾਂ**

ਸੰਪਾਦਕ : ਡਾ. ਇੰਦਰਜੀਤ ਕੌਰ

ਜੁਲਾਈ 2019 ਨੂੰ ਛਪੀ 5,000

ਪ੍ਰਕਾਸ਼ਕ :

ਡਾ. ਇੰਦਰਜੀਤ ਕੌਰ, ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅੰਮ੍ਰਿਤਸਰ ।

ਟੈਲੀਫ਼ੋਨ ਨੰ: 0183-2584713, 2584586

website: www.pingalwara.org

Email: pingalwara57@gmail.com

ਛਾਪਕ : ਪੂਰਨ ਪ੍ਰਿੰਟਿੰਗ ਪ੍ਰੈਸ,

ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਜੀ.ਟੀ.ਰੋਡ, ਅੰਮ੍ਰਿਤਸਰ ।

## ਤਤਕਰਾ


ਕ੍ਰਮ ਅੰਕ ਪੰਨਾ

*ਭੂਮਿਕਾ ਡਾ. ਇੰਦਰਜੀਤ ਕੌਰ 5

1. ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ
ਡਾ. ਹਰਬੰਸ ਕੌਰ ਸਾਗੂ 9

2. ਰਾਇ ਬੁਲਾਰ ਖ਼ਾਨ ਜੀ
ਡਾ. ਸਰਬਜੀਤ ਕੌਰ ਸੰਧਾਵਾਲੀਆ 17

3. ਮੁਹੱਬਤ ਦੇ ਰਾਹਾਂ ਦਾ ਪਾਂਧੀ ਭਾਈ ਮਰਦਾਨਾ
ਅਵਤਾਰ ਸਿੰਘ ਆਨੰਦ 19

4. ਭਾਈ ਹਿੰਮਤ ਸਿੰਘ ਦੀ ਜਨਮ ਭੂਮੀ
ਗੁਰਮੇਲ ਸਿੰਘ ਸੰਗਤਪੁਰਾ 22

5. ਇੱਕ ਸੀ ਦੀਵਾਨ ਆਨੰਦ ਕੁਮਾਰ
ਡਾ. ਕੁਲਦੀਪ ਸਿੰਘ ਧੀਰ 24

6. ਨੇਤਰਹੀਣਾਂ ਲਈ ਬਰੇਲ ਲਿਪੀ
ਦੀ ਖੋਜ ਕਰਨ ਵਾਲਾ—ਲੂਈ ਬਰੇਲ
ਕਰਨੈਲ ਸਿੰਘ ਐਮ. ਏ. 36

7. ਪ੍ਰੋਫ਼ੈਸਰ ਪ੍ਰੀਤਮ ਸਿੰਘ ਨੂੰ ਯਾਦ ਕਰਦਿਆਂ
ਦਲੀਪ ਕੌਰ ਟਿਵਾਣਾ (ਡਾ.) 38

8. ਵਿਗਿਆਨਕ ਚੇਤਨਾ ਨੂੰ ਸਮਰਪਿਤ ਸੀ ਡਾ. ਦਾਭੋਲਕਰ
ਸੁਮੀਤ ਸਿੰਘ 44

9. ਮਲਾਲਾ ਤੇਰੀ ਸੋਚ ਨੂੰ ਸਲਾਮ
ਜਗਜੀਤ ਸਿੰਘ ਗਨੇਸ਼ਪੁਰ 47

10. ਬਖ਼ਸ਼ੀਆਂ ਨਹੀਂ ਜਾ ਰਹੀਆਂ ਮਲਾਲਾ ਤੇ ਮੁਖਤਾਰਾਂ
ਅਸਦ ਹਾਸ਼ਿਮ 50

11. ਕਈ ਵਿਗਿਆਨਾਂ ਦਾ ਮਾਹਰ ਸੀ
ਇਬਨ-ਅਲ-ਹੇਥਮ
ਡਾ. ਵਿਦਵਾਨ ਸਿੰਘ ਸੋਨੀ 54

12. ਅਣਖੀ ਕੁੱਖ ਦਾ ਵਾਰਸ
'ਦ ਮਾਊਂਟੇਨ ਮੈਨ' ਦਸ਼ਰਥ ਮਾਂਝੀ
ਮਨਜਿੰਦਰ ਸਿੰਘ ਸਰੌਦ 58

13. ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੀ
ਪਹਿਰੇਦਾਰ ਸੀ ਅਸਮਾ ਜਹਾਂਗੀਰ
ਕੁਲਦੀਪ ਨਈਅਰ 62

14. ਗ਼ਦਰ ਪਾਰਟੀ ਦੇ ਸੰਸਥਾਪਕ ਬਾਬਾ ਸੋਹਨ ਸਿੰਘ ਭਕਨਾ
ਪ੍ਰਿਥੀਪਾਲ ਸਿੰਘ ਮਾੜੀਮੇਘਾ 66

15. ਗ਼ਦਰੀ ਦੇਸ਼ ਭਗਤ ਬਾਵਾ ਨਨਕਾਣਾ ਬਿਸ਼ਨ
ਜਸਦੇਵ ਸਿੰਘ ਲਲਤੋਂ 69

16. ਗ਼ਦਰੀ ਬਾਬਾ ਚੂਹੜ ਸਿੰਘ ਲੀਲ੍ਹ
ਸੁਖਵਿੰਦਰ ਲੀਲ੍ਹ 72

17. ਸੇਵਾ ਸਿੰਘ ਠੀਕਰੀਵਾਲਾ : ਸੰਘਰਸ਼ ਦੀ ਦਾਸਤਾਨ
ਡਾ. ਗੁਰਤੇਜ ਸਿੰਘ ਠੀਕਰੀਵਾਲਾ 76

18. ਅਕਾਲੀ ਲਹਿਰ ਦਾ ਮੋਢੀ ਮਾਸਟਰ ਸੁੰਦਰ ਸਿੰਘ ਲਾਇਲਪੁਰੀ
ਹਰਵਿੰਦਰ ਸਿੰਘ ਖ਼ਾਲਸਾ 80

19. ਨੋਬਲ ਪੁਰਸਕਾਰ ਜੇਤੂ ਹਰਗੋਬਿੰਦ ਖੁਰਾਣਾ
ਪ੍ਰੋ: ਜਤਿੰਦਰ ਬੀਰ ਸਿੰਘ ਨੰਦਾ 83

20. ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਉਪਾਸ਼ਕ ਸਨ
ਬਾਬਾ ਜੋਰਾ ਸਿੰਘ ਲੱਖਾ
ਜਸਵਿੰਦਰ ਸਿੰਘ ਛਿੰਦਾ 86

21. ਬਹੁਚਰਚਿਤ ਤੇ ਵਚਿੱਤਰ ਭੌਤਿਕ ਵਿਗਿਆਨੀ
ਡਾ. ਕੁਲਦੀਪ ਸਿੰਘ ਧੀਰ 89

22. ਸਿਰ ਤੋਂ ਪਰ੍ਹੇ ਇਸ਼ਕ ਦਾ ਡੇਰਾ ਭਾਈ ਜੈ ਸਿੰਘ
ਡਾ: ਸਰਬਜੀਤ ਕੌਰ ਸੰਧਾਵਾਲੀਆ 96

23. ਗ਼ਦਰ ਲਹਿਰ ਦਾ ਨਾਇਕ ਲਾਲਾ ਹਰਦਿਆਲ
ਹਰਦੀਪ ਸਿੰਘ ਝੱਜ 98

24. ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ
ਹਰਪ੍ਰੀਤ ਸਿੰਘ 'ਸਵੈਚ' 101

25. 1857 ਦਾ ਗ਼ਦਰ : ਪੰਜਾਬੀ ਨਾਇਕ ਅਹਿਮਦ ਖਾਂ ਖਰਲ
ਨੂਰ ਮੁਹੰਮਦ 'ਨੂਰ' 104

26. ਜੈ ਸਿੰਘ ਖਲਕਟ
ਜੈ ਸਿੰਘ 'ਜੱਸਾ' 111

26. ਪਿੰਗਲਵਾੜਾ ਵੱਲੋਂ ਕੀਤੇ ਜਾ ਰਹੇ ਕਾਰਜ 113

# ਭੂਮਿਕਾ

ਜ਼ਿੰਦਗੀ ਵਿੱਚ ਜਦੋਂ ਵਿਚਰੀਦਾ ਹੈ ਤਾਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਅਜਿਹੀਆਂ ਹੁੰਦੀਆਂ ਹਨ ਜੋ ਤੁਹਾਡੇ ਵਾਸਤੇ ਰਾਹ-ਦਸੇਰਾ ਬਣ ਜਾਂਦੀਆਂ ਹਨ ਅਤੇ ਹਰ ਕਦਮ 'ਤੇ ਤੁਹਾਡਾ ਸਾਥ ਦਿੰਦੀਆਂ ਹਨ ਅਤੇ ਦੁਖ ਤਕਲੀਫ਼ਾਂ ਵਿੱਚ ਡੋਲਣ ਨਹੀਂ ਦੇਂਦੀਆਂ। ਜ਼ਿੰਦਗੀ ਦੇ ਥਪੇੜਿਆਂ ਨੂੰ ਸਹਿਣ ਦੀ ਸ਼ਕਤੀ ਬਖਸ਼ਦੀਆਂ ਹਨ। ਅੱਜ ਦੀ ਦੁਨੀਆਂ ਵਿੱਚ ਇਹੋ ਜਿਹੀਆਂ ਸ਼ਖ਼ਸੀਅਤਾਂ ਕਈ ਵਾਰੀ ਭਾਲਿਆਂ ਵੀ ਨਹੀਂ ਲੱਭਦੀਆਂ। ਗੁਰਬਾਣੀ ਦਾ ਵਾਕ ਹੈ—

**ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥** (ਅੰ: ੧੪੧੧)

ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਭਾਗਾਂ ਵਾਲੇ ਨੂੰ ਚੰਗੀ ਸੰਗਤ ਮਿਲਦੀ ਹੈ।

**ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥**
(ਅੰ: ੯੫)

ਮਹਾਂਪੁਰਸ਼ਾਂ ਦੀਆਂ ਜੀਵਨੀਆਂ ਅਤੇ ਕਾਰਨਾਮਿਆਂ ਬਾਰੇ ਬਹੁਤ ਸਾਰੀਆਂ ਕਿਤਾਬਾਂ ਮਿਲ ਜਾਂਦੀਆਂ ਹਨ, ਜਿਨ੍ਹਾਂ ਨੂੰ ਪੜ੍ਹਨ ਨਾਲ ਜੀਵਨ ਵਿੱਚ ਕਰਾਮਾਤੀ ਤਬਦੀਲੀ ਆਉਂਦੀ ਹੈ। ਕਈ ਵਾਰੀ ਅਖ਼ਬਾਰਾਂ ਵਿੱਚ ਵੀ ਕੁਰਬਾਨੀ ਅਤੇ ਤਿਆਗ ਕਰਨ ਵਾਲਿਆਂ ਦੇ ਜਨਮ ਦਿਨ ਜਾਂ ਸ਼ਹੀਦੀ ਦਿਨ 'ਤੇ ਅਜਿਹੇ ਲੇਖ ਛਪਦੇ ਹਨ ਜਿਹੜੇ ਹਿਰਦੇ ਦੀਆਂ ਤਰਬਾਂ ਹਿਲਾ ਦਿੰਦੇ ਹਨ ਅਤੇ ਆਪ-ਮੁਹਾਰੇ ਇਨ੍ਹਾਂ ਸ਼ਖ਼ਸੀਅਤਾਂ ਅੱਗੇ ਸਿਰ ਝੁਕ ਜਾਂਦਾ ਹੈ। ਜਦੋਂ ਮੈਂ ਇਹ ਲੇਖ ਪੜ੍ਹੇ ਤਾਂ ਮੇਰਾ ਦਿਲ ਕੀਤਾ ਕਿ ਇਨ੍ਹਾਂ ਸਾਰੀਆਂ ਸ਼ਖ਼ਸੀਅਤਾਂ ਬਾਰੇ ਇਕ ਕਿਤਾਬ ਛਾਪੀ ਜਾਵੇ ਤੇ ਸੰਗਤਾਂ ਨੂੰ ਭੇਟ ਕੀਤੀ ਜਾਵੇ, ਤਾਂ ਕਿ ਜਿਹੜੇ ਪੜ੍ਹਨ ਉਹ ਸਮਾਜ-ਸੇਵਾ ਲਈ ਤਿਆਰ-ਬਰ-ਤਿਆਰ ਯੋਧੇ ਤਿਆਰ ਹੋ ਜਾਣ। ਗੁਰੂ ਨਾਨਕ ਸਾਹਿਬ ਦਾ ਫ਼ਰਮਾਣ ਹੈ—

**"ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥"** (ਅੰਗ ੧੪੧੨)

ਸੋ, ਇਸ ਕਿਤਾਬ ਵਿੱਚ ਉਹ ਸਿਰ-ਲੱਥ ਯੋਧਿਆਂ ਦੇ ਕਾਰਨਾਮੇ ਹਨ ਜਿਨ੍ਹਾਂ ਨੇ ਦੁਨੀਆਂ ਵਿੱਚ ਰਹਿੰਦਿਆਂ ਵੱਖਰੇ-ਵੱਖਰੇ ਖੇਤਰਾਂ ਵਿੱਚ ਸਮਾਜ ਦੀ ਸੇਵਾ ਕੀਤੀ ਹੈ। ਭਾਈ ਗੁਰਦਾਸ ਜੀ ਦੀ ਵਾਰ ਮੁਤਾਬਕ ਉਹਨਾਂ ਨੇ ਸਿਰ ਧੜ ਦੀ ਬਾਜ਼ੀ ਲਾਈ ਹੈ ਅਤੇ ਆਪਾ ਵਾਰਿਆ ਹੈ। ਲਿਖਦੇ ਹਨ—



**ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ ।**
**ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ ।**
**ਗੋਲਾ ਮੁਲ ਖਰੀਦੁ ਕਾਰੇ ਜੋਵਣਾ ।**
**ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ ।**
**ਪੀਹਣਿ ਹੋਇ ਜਦੀਦ ਪਾਣੀ ਢੋਵਣਾ ।**
**ਪਖੇ ਦੀ ਤਾਗੀਦ ਪਗ ਮਲਿ ਧੋਵਣਾ ।**
**ਸੇਵਕ ਹੋਇ ਸੰਜੀਦੁ ਨ ਹਸਣੁ ਰੋਵਣਾ ।**
**ਦਰ ਦਰਵੇਸ ਰਸੀਦੁ ਪਿਰਮ ਰਸੁ ਭੋਵਣਾ ।**
**ਚੰਦ ਮੁਮਾਰਖਿ ਈਦ ਪੁਗਿ ਖਲੋਵਣਾ ॥੧੮॥**
**(ਵਾ: ਭਾ: ਗੁ: ੩, ਪਉ: ੧੮)**

ਗੁਰੂ ਨਾਨਕ ਪਾਤਿਸ਼ਾਹ ਜੀ ਦੀ ਭਾਈ ਮਰਦਾਨਾ ਜੀ 'ਤੇ ਐਸੀ ਕ੍ਰਿਪਾ ਦ੍ਰਿਸ਼ਟੀ ਹੋਈ ਕਿ ਆਪਣਾ ਘਰ-ਬਾਰ ਤਿਆਗ ਕੇ ਸਾਰਾ ਜੀਵਨ ਗੁਰੂ ਨਾਨਕ ਪਾਤਿਸ਼ਾਹ ਨਾਲ ਕਈ ਹੁਨਾਲ, ਸਿਆਲ, ਜੰਗਲ, ਬੀਆਬਾਨਾਂ ਵਿੱਚ ਔਖੇ ਰਾਹਾਂ 'ਤੇ ਬਿਤਾਂਦਿਆਂ ਉਹਨਾਂ ਦਾ ਹੀ ਰੂਪ ਹੋ ਗਏ। ਇਸ ਕਿਤਾਬ ਵਿੱਚ ਲਿਖਿਆ ਹੈ ਕਿ **ਭਾਈ ਮਰਦਾਨਾ ਜੀ ਨੇ ਗੁਰੂ ਨਾਨਕ ਜੀ ਨੂੰ ਕਿਹਾ, "ਤੁਸਾਂ ਬ੍ਰਹਮ ਨੂੰ ਪਛਾਣ ਲਿਆ ਹੈ ਅਤੇ ਮੈਂ ਤੁਹਾਨੂੰ ਪਛਾਣ ਲਿਆ ਹੈ। ਹੁਣ ਤੁਹਾਡੇ ਤੇ ਮੇਰੇ ਵਿੱਚ ਬਹੁਤਾ ਫ਼ਰਕ ਨਹੀਂ ਰਿਹਾ।" ਗੁਰੂ ਨਾਨਕ ਦੇਵ ਜੀ ਕਹਿਣ ਲੱਗੇ, "ਮਰਦਾਨਿਆਂ ਬਹੁਤਾ ਲਫ਼ਜ਼ ਵਿੱਚੋਂ ਕੱਢ ਦੇ।"**

ਗ਼ੁਲਾਮੀ ਦਾ ਜੂਲਾ ਗਲੋਂ ਲਾਉਣ ਲਈ ਬੱਬਰ ਵੀਰਾਂ ਨੇ ਅਨੇਕਾਂ ਕਸ਼ਟ ਝੱਲੇ, ਘਰਾਂ ਦੀਆਂ ਕੁਰਕੀਆਂ ਕਰਵਾਈਆਂ, ਕਾਲੇ ਪਾਣੀਆਂ ਵਿੱਚ ਜੇਲਾਂ ਕੱਟੀਆਂ, ਅਨੇਕਾਂ ਸ਼ਰੀਰਕ ਕਸ਼ਟ ਝੱਲਦਿਆਂ ਸ਼ਹੀਦੀਆਂ ਪਾਈਆਂ।

ਇਕ ਵਿਲੱਖਣ ਗੱਲ ਹੈ ਕਿ ਗ਼ਦਰ ਲਹਿਰ ਵਿੱਚ ਵੀ ਸਾਰੇ ਧਰਮਾਂ ਦੇ ਲੋਕਾਂ ਨੇ ਕੁਰਬਾਨੀਆਂ ਕੀਤੀਆਂ। ਇਸ ਵਿੱਚ ਅੰਮ੍ਰਿਤਧਾਰੀ ਸਿੱਖ, ਲਾਲਾ ਹਰਦਿਆਲ ਅਤੇ ਨੂਰ ਮੁਹੰਮਦ ਨੂਰ ਦੀ ਵੀ ਗੱਲ ਕੀਤੀ ਗਈ ਹੈ। ਸਾਰੇ ਧਰਮਾਂ ਵਿੱਚ ਹੀ ਕੁਰਬਾਨੀਆਂ ਕਰਨ ਵਾਲੇ ਸੱਚੇ-ਸੁੱਚੇ ਲੋਕ ਹੁੰਦੇ ਹਨ। ਸਾਨੂੰ ਸਭਨਾਂ ਦਾ ਸਤਿਕਾਰ ਕਰਨਾ ਬਣਦਾ ਹੈ ਭਾਵੇਂ ਉਹ ਮਲਾਲਾ ਹੋਵੇ ਯਾ ਅਸਮਾਂ ਜਹਾਂਗੀਰ। ਮਲਾਲਾ ਨੇ ਲੜਕੀਆਂ ਦੀ ਵਿਦਿਆ ਲਈ ਕੁਰਬਾਨੀ ਕੀਤੀ ਅਤੇ ਅਸਮਾਂ ਜਹਾਂਗੀਰ ਨੇ ਭਾਰਤ ਅਤੇ ਪਾਕਿਸਤਾਨ ਦੇ ਵਾਸੀਆਂ ਵਿੱਚ ਪਿਆਰ ਅਤੇ ਸੁਖ-ਸ਼ਾਂਤੀ ਲਈ ਕੰਮ ਕੀਤਾ। ਇਸ ਕਿਤਾਬ ਵਿੱਚ ਸਾਇੰਸਦਾਨ ਸਟੀਫਨ ਹਾਕਿੰਗ ਦੀ ਗੱਲ ਵੀ ਕੀਤੀ ਗਈ ਹੈ, ਜਿਸਨੂੰ ਇਕ

ਭੈੜੀ ਬੀਮਾਰੀ ਨੇ ਘੇਰ ਲਿਆ ਸੀ, ਪਰ ਉਸਨੇ ਪਰਵਾਹ ਕੀਤੇ ਬਿਨਾਂ ਆਪਣੀ ਖੋਜ ਜਾਰੀ ਰੱਖੀ ।

ਸੋ ਇਹਨਾਂ ਵਿਲੱਖਣ ਸ਼ਖ਼ਸੀਅਤਾਂ ਨੂੰ ਕੁਲਦੀਪ ਸਿੰਘ ਰੁਪਾਲ ਦੀ ਇਕ ਕਵਿਤਾ ਰਾਹੀਂ ਸਿੱਜਦਾ ਕਰਦੀ ਹਾਂ—

**ਖ਼ੁਦਾ ਕੱਚੀ ਗੜ੍ਹੀ ਅੱਗੇ ਵੀ**
**ਲੱਖਾਂ ਸਿਰ ਝੁਕਾ ਦਿੰਦੇ ।**
**ਕਦੇ ਸੋਨੇ ਦੀ ਲੰਕਾ ਵੀ**
**ਧੂੰਏਂ ਵਿੱਚ ਉਡਾ ਦਿੰਦੇ ।**
**ਕਿਸੇ ਦੀ ਜ਼ਿੰਦਗੀ ਖ਼ਾਤਰ ਸਿਰਾਂ ਦੀ**
**ਲੋੜ ਜਦ ਪੈਂਦੀ, ਉਹ ਕੋਈ ਆਮ ਨਹੀਂ ਹੁੰਦਾ,**
**ਜੋ ਆਪਣਾ ਸਿਰ ਕਟਾ ਦਿੰਦੇ ।**
**ਜੋ ਦਿਲ ਨੂੰ ਚੀਰਦਾ ਲੰਘੇ,**
**ਤਾਂ ਇਕੋ ਸ਼ਬਦ ਹੀ ਕਾਫ਼ੀ ਹੈ**
**ਕਿ ਮਾਧੋ ਦਾਸ ਨੂੰ ਵੀ ਫਿਰ,**
**ਉਹ ਬੰਦਾ ਸਿੰਘ ਬਣਾ ਦਿੰਦੇ ।**
**ਕਿ ਸਾਰੀ ਕੌਮ ਦਾ ਵਾਲੀ,**
**ਕਹਾਉਂਦਾ ਹੈ ਫਕੜ ਉਹੀ,**
**ਜੋ ਖ਼ਾਤਰ ਕੌਮ ਦੇ ਲਖਤੇ**
**ਜਿਗਰ ਤਕ ਵੀ ਲੁਟਾ ਦਿੰਦੇ ।**
**ਕਦੇ ਕੁਲਦੀਪ ਉਸਨੂੰ**
**ਦਿਲ ਵਿੱਚ ਆਪਣੇ ਭਾਲ ਕੇ ਵੇਖੀਂ,**
**ਉਹ ਜਿਊਣਾ ਵੀ ਸਿਖਾ ਦੇਂਦੇ,**
**ਤੇ ਮਰਨਾ ਵੀ ਸਿਖਾ ਦਿੰਦੇ ।**

ਆਸ ਹੈ ਸੰਗਤਾਂ ਨੂੰ ਇਹ ਕਿਤਾਬ ਪੜ੍ਹ ਕੇ ਆਨੰਦ ਆਵੇਗਾ ਅਤੇ ਆਸ ਕਰਦੀ ਹਾਂ ਕਿ ਢੇਰ ਸਾਰੀਆਂ ਅਸੀਸਾਂ ਨਾਲ ਨਿਵਾਜਣਗੀਆਂ, ਤਾਂ ਕਿ ਪਿੰਗਲਵਾੜਾ ਸੰਸਥਾ ਸਮਾਜ ਦੀ ਸੇਵਾ ਵਿੱਚ ਲੱਗੀ ਰਹੇ ।

**ਡਾ: ਇੰਦਰਜੀਤ ਕੌਰ,**
**ਮੁੱਖ ਸੇਵਾਦਾਰ**
**ਪਿੰਗਲਵਾੜਾ ਅੰਮ੍ਰਿਤਸਰ।**



"ਮੇਰੇ ਲਈ ਸਿੱਖ ਦਾ ਮਤਲਬ ਪੂਰਾ ਇਨਸਾਨ ਹੈ ਜਿਹੜਾ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਗੁਰੂ ਗ੍ਰੰਥ ਸਾਹਿਬ ਦੀ ਮੱਤ ਲੈ ਕੇ ਆਪਣਾ ਮਨ ਹੇਠਲੀ ਸਿੱਖਿਆ ਨਾਲ ਮਾਂਜੇ :

(੧) ਸੱਚ ਦਾ "ਵਿਉਪਾਰ" ਕਰੇ ਤੇ ਉਸ ਦਾ ਵਿਹਾਰ ਹਮੇਸ਼ਾਂ ਸੱਚਾ ਹੋਣਾ ਚਾਹੀਦਾ ।
(੨) ਸਭ ਨਾਲ ਪਿਆਰ ਕਰੇ ਤੇ ਨਫ਼ਰਤ ਦਾ ਬੂਟਾ ਪੁੱਟਣਾ ਚਾਹੀਦਾ ।
(੩) ਸਵਾਸ-ਸਵਾਸ ਵਾਹਿਗੁਰੂ ਨਾਲ ਜੁੜ ਕੇ ਵਾਹਿਗੁਰੂ ਦੀ ਰਜ਼ਾ ਮੰਨਣਾ ਕਬੂਲੇ ।
(੪) ਵਾਹਿਗੁਰੂ ਦੇ ਚਰਨਾਂ ਵਿੱਚ ਪੂਰਨ ਤੌਰ 'ਤੇ ਮਨ ਵੇਚ ਦੇਵੇ ਤੇ ਉਸ ਦਾ ਸਦਕਾ ਸਭ ਦੀ ਚਰਨਧੂੜ ਬਣਨਾ ਚਾਹੇ ।
(੫) ਕਦੇ ਕਿਸੇ ਨੂੰ ਭੈੜਾ ਨਾ ਆਖੇ ।
(੬) ਕਦੇ ਪਰਾਈ ਇਸਤਰੀ-ਮਰਦ ਨਾਲ **Illegitimate** (ਨਾਜਾਇਜ਼ ਤਅੱਲਕਾਤ) ਵਾਸਤਾ ਨਾ ਰੱਖੇ ।
(੭) ਦਸਵੰਧ ਹਮੇਸ਼ਾਂ ਕੱਢੇ ।
(੮) ਹਰ ਹਾਲਤ ਵਿੱਚ ਨਿਮਰਤਾ ਨਾਲ ਵਰਤੇ ।
(੯) ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਚੜੇਲਾਂ ਨਾਲ ਹਰ ਘੜੀ ਜੰਗ ਕਰੇ ।
(੧੦) ਸਭ ਦੀ ਸੇਵਾ ਬਗੈਰ ਜਤਾਏ ਤੇ ਬਗੈਰ ਵਿਤਕਰੇ ਦੇ ਕਰੇ ।
(੧੧) ਹਮੇਸ਼ਾਂ ਮਿੱਠਾ ਬੋਲੇ ।
(੧੨) ਕਦੇ ਨਿੰਦਾ ਨਾ ਕਰੇ ਤੇ ਨਾ ਸੁਣੇ ।
(੧੩) ਪਰਾਏ ਧਨ ਨੂੰ ਜ਼ਹਿਰ ਸਮਝੇ ।
(੧੪) ਕਦੇ ਕਿਸੇ ਧਰਮ ਨੂੰ ਜਾਂ ਧਰਮੀ ਆਗੂ ਨੂੰ ਸਿੱਖੀ ਧਰਮ ਨਾਲੋਂ ਮਾੜਾ ਨਾ ਸਮਝੇ ।
(੧੫) ਬਗੈਰ ਵਿਤਕਰੇ ਦੇ ਸੱਚ ਦੀ ਭਾਲ ਕਰਨ ਵਾਲਿਆਂ 'ਤੇ ਆਪਣੀ ਵਡਿਆਈ ਦਾ ਰੋਹਬ ਨਾ ਪਾਵੇ ।"

—ਭਗਵੰਤ ਸਿੰਘ ਦਲਾਵਰੀ

# ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ

**ਡਾ. ਹਰਬੰਸ ਕੌਰ ਸਾਗੂ**

1748 ਈਸਵੀ ਵਿੱਚ ਜਦੋਂ 11 ਮਿਸਲਾਂ ਬਣੀਆਂ ਤਾਂ ਬਾਬਾ ਦੀਪ ਸਿੰਘ ਜੀ ਸ਼ਹੀਦ ਮਿਸਲ ਦੇ ਜਥੇਦਾਰ ਬਣੇ, ਆਪ ਤੋਂ ਪਹਿਲਾਂ ਬਾਬਾ ਬਿਨੋਧ ਸਿੰਘ ਜੀ ਇਸ ਮਿਸਲ ਦੇ ਜਥੇਦਾਰ ਸਨ। ਸਿੱਖ ਕੌਮ ਵਿੱਚ ਇਹ ਇੱਕ ਅਜਿਹਾ ਜਥਾ ਸੀ ਜੋ ਲੜਨ ਮਰਨ ਤੇ ਸ਼ਹੀਦੀਆਂ ਪਾਉਣ ਲਈ ਹਮੇਸ਼ਾਂ ਤਿਆਰ ਰਹਿੰਦਾ ਸੀ। ਬਾਬਾ ਦੀਪ ਸਿੰਘ ਜੀ ਇਸੇ ਜਥੇ ਦੇ ਨਾਲ ਸੰਬੰਧ ਰੱਖਦੇ ਸਨ। ਗੁਰੂ ਗੋਬਿੰਦ ਜੀ ਨੇ ਇਸ ਜਥੇ ਨੂੰ ਨਿਹੰਗ ਸਿੰਘ ਦਾ ਖ਼ਿਤਾਬ ਦਿੱਤਾ ਸੀ। ਨਿਹੰਗ ਸਿੰਘ ਆਪਣਾ ਘੱਟ ਤੇ ਦੂਸਰੇ ਦਾ ਬਹੁਤ ਖ਼ਿਆਲ ਰੱਖਦੇ ਸਨ। ਜੋ ਚੜ੍ਹਦੀ ਕਲਾ ਦੇ ਬੋਲੇ ਸਿੱਖਾਂ ਵਿੱਚ ਪ੍ਰਚੱਲਿਤ ਹੋਏ ਅਸਲ ਵਿੱਚ ਉਹ ਇਸ ਜਥੇ ਦੀ ਹੀ ਕਾਢ ਸਨ। ਬਾਕੀ ਜਥਿਆਂ ਵਾਲੇ ਸਿੰਘ ਵੀ ਇਸ ਜਥੇ ਦੀ ਜੁਰਅਤ ਤੇ ਸਿਦਕ ਦਿਲੀ ਦਾ ਸਤਿਕਾਰ ਕਰਦੇ ਸਨ। ਬਾਬਾ ਦੀਪ ਸਿੰਘ ਜੀ ਜਿੱਥੇ ਸੂਰਮੇ, ਆਗੂ, ਜਰਨੈਲ ਤੇ ਸਿਪਾਹੀ ਸਨ ਉੱਥੇ ਵਿਦਵਾਨ ਵੀ ਰੱਜ ਕੇ ਸਨ। ਆਪ ਨੇ ਕਈ ਉਤਾਰੇ ਗੁਰੂ ਗ੍ਰੰਥ ਸਾਹਿਬ ਦੇ ਦਮਦਮਾ ਸਾਹਿਬ ਬੈਠ ਕੇ ਕੀਤੇ। ਪੰਜਾਬ ਦੇ ਸ਼ਾਹੀ ਰਾਹ ਤੋਂ ਦੂਰ ਰੇਤਲੇ, ਮਾਰੂਥਲ ਵਿੱਚ ਵਸਦੇ ਸ੍ਰੀ ਦਮਦਮਾ ਸਾਹਿਬ ਵੱਲ ਵੈਰੀ ਘੱਟ ਹੀ ਪੁੱਜਦਾ ਸੀ ਅਤੇ ਉਸ ਤਰਫ਼ ਕੁਝ ਅਮਨ ਵੀ ਸੀ। ਬਾਬਾ ਦੀਪ ਸਿੰਘ ਜੀ ਪ੍ਰਚਾਰ ਦਾ ਕੰਮ ਤੇ ਗੁਰਬਾਣੀ ਦੇ ਉਤਾਰਿਆਂ ਦਾ ਕੰਮ ਕਰੀ ਜਾਂਦੇ ਸਨ, ਕਿਉਂਕਿ ਉਸ ਵਕਤ ਤਕ ਪੰਜਾਬ ਵਿੱਚ ਪ੍ਰਿੰਟਿੰਗ ਪ੍ਰੈੱਸ ਨਹੀਂ ਸੀ ਆਈ ਅਤੇ ਸਿੱਖ ਗੁਰਬਾਣੀ ਪੜ੍ਹਨ ਲਈ ਬਿਹਬਲ ਹੁੰਦੇ ਸਨ। ਬਾਬਾ ਦੀਪ ਸਿੰਘ ਜੀ ਗੁਰਬਾਣੀ ਦੇ ਉਤਾਰੇ ਪੋਥੀਆਂ ਦੀ ਸ਼ਕਲ ਵਿੱਚ ਸਿੱਖਾਂ ਨੂੰ ਦਿੰਦੇ ਤੇ ਸਿੱਖ ਗੁਰਬਾਣੀ ਪੜ੍ਹ ਕੇ ਗੁਰਬਾਣੀ ਦਾ ਅਨੰਦ ਮਾਣਦੇ ਤੇ ਧੰਨ ਬਾਬਾ ਦੀਪ ਸਿੰਘ ਜੀ ਆਖਦੇ, ਜਿਨ੍ਹਾਂ ਆਪਣੀ ਸਾਰੀ ਜ਼ਿੰਦਗੀ ਗੁਰੂ ਤੇ ਗੁਰਬਾਣੀ ਦੇ ਲੇਖੇ ਲਗਾ ਦਿੱਤੀ।

ਦਮਦਮਾ ਸਾਹਿਬ ਜੱਦੋ-ਜਹਿਦ ਦੇ ਕੇਂਦਰ ਤੋਂ ਭਾਵੇਂ ਦੂਰ ਤੇ ਨਿਵੇਕਲਾ ਸੀ, ਪਰ ਭੀੜ ਦੇ ਸਮੇਂ ਇੱਥੋਂ ਦੇ ਸਿੱਖ ਆਪ ਮਦਦ ਕਰਦੇ ਤੇ ਅੱਗੇ ਹੋ ਹੋ ਕੇ ਕੁਰਬਾਨੀਆਂ ਦਿੰਦੇ। ਸ੍ਰ. ਗੁਰਬਖ਼ਸ਼ ਸਿੰਘ ਜਿਨ੍ਹਾਂ ਅਕਾਲ ਤਖ਼ਤ ਦੀ ਰੱਖਿਆ ਲਈ 30 ਸਾਥੀਆਂ ਸਮੇਤ ਜਾਨ ਵਾਰੀ ਸੀ, ਇਸੇ ਜਥੇ ਦੇ ਸਿੱਖ ਸਨ। ਕਾਜ਼ੀ ਨੂਰ ਮੁਹੰਮਦ ਨੇ ਵੀ ਇਸ ਸ਼ਹਾਦਤ ਦਾ ਜ਼ਿਕਰ ਕੀਤਾ ਹੈ। ਬਾਬਾ ਨੌਧ ਸਿੰਘ, ਬਾਬਾ ਫ਼ਤਹਿ ਸਿੰਘ ਵੀ ਇਸੇ ਜਥੇ ਦੇ ਉੱਘੇ ਵਿਅਕਤੀ ਸਨ। ਇਸ ਮਿਸਲ ਦੇ ਬਾਅਦ ਦੇ ਆਗੂਆਂ ਨੇ ਆਪਣਾ ਪ੍ਰਭਾਵ



ਖੇਤਰ ਸਤਲੁਜ ਤੋਂ ਪਾਰ ਦਮਦਮਾ ਸਾਹਿਬ ਦੇ ਇਰਦ-ਗਿਰਦ ਹੀ ਰੱਖਿਆ। ਦਮਦਮਾ ਸਾਹਿਬ ਹੁਣ ਤਕ ਨਿਹੰਗ ਸਿੰਘਾਂ ਦੀ ਛਾਵਣੀ ਕਰਕੇ ਪ੍ਰਸਿੱਧ ਹੈ। ਬਾਬਾ ਦੀਪ ਸਿੰਘ ਜੀ ਉਪਰੰਤ ਜਥੇਦਾਰ ਕਰਮ ਸਿੰਘ ਇਸ ਮਿਸਲ ਦੇ ਆਗੂ ਰਹੇ ਹਨ। ਉਨ੍ਹਾਂ ਉਪਰੰਤ ਅਕਾਲੀ ਫੂਲਾ ਸਿੰਘ ਅਤੇ ਸਰਦਾਰ ਸਾਧੂ ਸਿੰਘ ਜੀ ਨੇ ਇਸ ਮਿਸਲ ਦੀ ਸ਼ਾਨ ਕਾਇਮ ਰੱਖੀ। ਇਸ ਮਿਸਲ ਦੇ ਸਿਪਾਹੀਆਂ ਦੀ ਗਿਣਤੀ ਬਹੁਤ ਘੱਟ ਸੀ । ਮੁਸ਼ਕਲ ਨਾਲ ਇਸ ਦੀ ਗਿਣਤੀ 2000 ਦੇ ਕਰੀਬ ਪੁੱਜੀ ਸੀ । ਇਸ ਮਿਸਲ ਦਾ ਨਾਮ ਬਹਾਦਰੀ ਤੇ ਜੁਰਅਤ ਕਰਕੇ ਸਦਾ ਹੀ ਕਾਇਮ ਰਹੇਗਾ। ਮਹਾਰਾਜਾ ਰਣਜੀਤ ਸਿੰਘ ਵੇਲੇ ਇਸ ਮਿਸਲ ਨੇ ਆਪਣਾ ਕੇਂਦਰ ਅਕਾਲ ਤਖ਼ਤ ਬਣਾ ਲਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਵੀ ਇਸ ਮਿਸਲ ਨੂੰ ਛੇੜਨਾ ਠੀਕ ਨਾ ਸਮਝਿਆ ਤੇ ਹਮੇਸ਼ਾਂ ਇਸ ਮਿਸਲ ਦਾ ਸਤਿਕਾਰ ਕਰਦੇ ਰਹੇ ਅਤੇ ਅਕਾਲੀ ਫੂਲਾ ਸਿੰਘ ਜੀ ਨੂੰ ਕਿਹਾ ਕਰਦੇ ਸਨ ਕਿ ਤੁਸੀਂ ਗੁਰੂ ਦੀ ਨਗਰੀ ਤੇ ਸਿੱਖੀ ਦੇ ਰਾਖੇ ਹੋ।

ਬਾਬਾ ਦੀਪ ਸਿੰਘ ਜੀ ਪੰਥ ਦੀ ਅਗਵਾਈ ਦਮਦਮਾ ਸਾਹਿਬ ਟਿਕ ਕੇ ਕਰਦੇ ਰਹੇ। ਆਪ ਐਸੇ ਵਿਅਕਤੀ ਸਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤੋਂ ਪੰਥ ਦੀ ਅਗਵਾਈ ਕਰ ਰਹੇ ਸਨ। ਜਦੋਂ ਅਹਿਮਦ ਸ਼ਾਹ ਅਬਦਾਲੀ ਦੇ ਜਰਨੈਲ ਜ਼ਹਾਨ ਖਾਂ ਦਾ ਸੰਨ 1757 ਈ. ਵਿੱਚ ਦਰਬਾਰ ਸਾਹਿਬ ਨੂੰ ਢਾਹੁਣਾ ਤੇ ਸਰੋਵਰ ਨੂੰ ਪੂਰਨਾ ਸੁਣਿਆ ਤਾਂ ਆਪ ਜੀ ਨੇ 75 ਸਾਲ ਦੀ ਉਮਰ ਵਿੱਚ ਖੰਡਾ ਹੱਥ ਲਿਆ ਤੇ ਬਚਨ ਕੀਤਾ:

**ਸੀਸ ਸੁਧਾਸਰ ਹੇਤ ਕਰ ਦੇਵੇਗੇ ਹਮ ਜਾਇ,**
**ਕਰ ਅਰਦਾਸ ਟੁਰ ਪਏ ਸਿੰਘ ਜੀ ਫਤਹਿ ਗਜਾਇ।**

ਅਖੰਡ ਪਾਠ ਕਰਾਉਣ ਦਾ ਜ਼ਿਕਰ ਵੀ ਗਿਆਨੀ ਗਿਆਨ ਸਿੰਘ ਜੀ ਨੇ ਕੀਤਾ ਹੈ: 'ਸੁਨ ਸਿੰਘ ਪਾਠ-ਅਖੰਡ ਕਰਯੋ।'

ਬਾਬਾ ਦੀਪ ਸਿੰਘ ਜੀ ਨੇ ਅਰਦਾਸਾ ਸੋਧਿਆ ਅਤੇ ਗੁਰੂ ਕਲਗੀਧਰ ਪਾਤਸ਼ਾਹ ਦੇ ਚਰਨਾਂ ਵਿੱਚ ਧਿਆਨ ਧਰ ਕੇ ਬੜੇ ਸਤਿਕਾਰ ਤੇ ਪਿਆਰ ਨਾਲ ਇਹ ਸ਼ਬਦ ਪੜ੍ਹਿਆ:

**ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ।**
**ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰਿ ਅਪੁਨੀ ਜੀਤ ਕਰੋਂ।**
**ਅਰੁ ਸਿਖਹੋਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ।**
**ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ ।**

(ਚੰਡੀ ਚਰਿਤ੍ਰ)

ਅਰਦਾਸ ਦੇ ਸ਼ਬਦ ਧਿਆਨ ਯੋਗ ਹਨ: ਜੁਗੋ ਜੁਗ ਅਟੱਲ, ਚਵਰ-ਤਖ਼ਤ ਦੇ ਮਾਲਕ ਪਾਤਿਸ਼ਾਹ ਤੋਂ ਮੰਗ ਕੀਤੀ ਕਿ ਸੱਚੇ ਪਾਤਿਸ਼ਾਹ ਜੀ ! ਇਹ ਘੋਰ ਬੇਅਦਬੀ ਅਸੀਂ ਨਹੀਂ ਸਹਾਰ ਸਕਦੇ । ਸਾਨੂੰ ਬਲ ਬਖ਼ਸ਼ੋ, ਤਾਣ ਬਖ਼ਸ਼ੋ ਕਿ ਅਸੀਂ ਜ਼ਾਲਮਾਂ ਨੂੰ ਉਨ੍ਹਾਂ ਦੇ ਅਪਰਾਧ ਦਾ ਦੰਡ ਦੇ ਸਕੀਏ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਕਰ ਸਕੀਏ ਤੇ ਜੇ ਜ਼ਾਲਮਾਂ ਨੂੰ ਦੰਡ ਦਿੰਦਿਆਂ ਇਹ ਨਕਾਰਾ ਸਰੀਰ ਆਪ ਜੀ ਦੇ ਲੇਖੇ ਲੱਗ ਜਾਵੇ ਤਾਂ ਸਾਡੇ ਧੰਨ ਭਾਗ ਹਨ ।

**ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥**
**ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥**

(ਅੰਗ ੧੩੬੭)

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥**

(ਅੰਗ ੧੩੬੫)

ਡਾ. ਹਰੀ ਰਾਮ ਗੁਪਤਾ, ਡਾ. ਪਿਆਰਾ ਸਿੰਘ ਪਦਮ, ਡਾ. ਗੰਡਾ ਸਿੰਘ ਦੇ ਅਨੁਸਾਰ ਬਾਬਾ ਦੀਪ ਸਿੰਘ ਜੀ ਨੇ 500 ਸਿੱਖਾਂ ਦਾ ਜਥਾ ਤਿਆਰ ਕੀਤਾ ਅਤੇ 1757 ਈਸਵੀ ਦੀ ਦੀਪਮਾਲਾ ਦਾ ਮੇਲਾ ਸ੍ਰੀ ਅੰਮ੍ਰਿਤਸਰ ਕਰਨ ਲਈ ਕੂਚ ਕਰ ਦਿੱਤਾ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਅਨੁਸਾਰ ਦਮਦਮਾ ਸਾਹਿਬ ਤੋਂ ਟੁਰਨ ਵਕਤ ਬਾਬਾ ਜੀ ਦੇ ਨਾਲ ਸਿਰਫ਼ ਅੱਠ ਸਿੱਖ ਸਨ। ਰਸਤੇ ਵਿੱਚ ਹੀ ਜਥੇਦਾਰ ਗੁਰਬਖ਼ਸ਼ ਸਿੰਘ ਅਨੰਦਪੁਰ ਵਾਲੇ ਆ ਰਲੇ। ਹੋਰ ਵੀ ਜਿਸ ਕਿਸੇ ਸੁਣਿਆ ਉਹ ਨਾਲ ਹੋ ਟੁਰਿਆ। ਬਾਬਾ ਜੀ ਵੰਗਾਰ ਹੀ ਐਸੀ ਪਾਉਂਦੇ ਸਨ ਕਿ ਹਰ ਕੋਈ ਨਿੱਜ ਦਾ ਖ਼ਿਆਲ ਛੱਡ ਨਾਲ ਹੋ ਟੁਰਦਾ। ਗਿਆਨੀ ਗਿਆਨ ਸਿੰਘ ਅਨੁਸਾਰ ਦਮਦਮਾ ਸਾਹਿਬ ਤੋਂ ਚੱਲਣ ਵਕਤ ਬਾਬਾ ਜੀ ਨਾਲ 500 ਸਿੱਖ ਸਨ। ਗਿਆਨੀ ਭਜਨ ਸਿੰਘ ਦਮਦਮੇ ਤੋਂ ਚੱਲਣ ਵਕਤ ਕਿਤਨੇ ਸਿੱਖ ਸਨ ਇਸ ਦਾ ਜ਼ਿਕਰ ਤਾਂ ਨਹੀਂ ਕਰਦੇ ਪਰ ਉਹ ਲਿਖਦੇ ਹਨ ਕਿ ਚੱਲਦੇ ਚੱਲਦੇ ਮਾਲਵੇ ਤਕ 5000 ਸਿਰਲੱਥ ਸਿੰਘ ਬਾਬਾ ਜੀ ਨਾਲ ਹੋ ਤੁਰੇ ਸਨ। ਇਹ ਲੜਾਈ ਅੰਮ੍ਰਿਤਸਰ ਤੋਂ 5 ਮੀਲ ਦੀ ਦੂਰੀ 'ਤੇ ਹੋਈ ਸੀ।

ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ ਕਿ, ਬਹਮਨ, ਨੀਂਹਾ ਵਾਲੀ, ਗੁਰੂ ਦੇ ਚੌਤਰੇ, ਲੱਖੀ ਜੰਗਲ, ਫੂਲ, ਮਹਾਰਾਜ, ਭੁਚੂ, ਗੋਬਿੰਦਪੁਰਾ, ਕੋਟ ਦਰਾਜ ਵਿੱਚੋਂ ਕਿਤਨੇ ਹੀ ਸਿੰਘ ਤਿਆਰ ਹੋ ਨਾਲ ਰਲ ਗਏ। ਪ੍ਰਿੰਸੀਪਲ ਸਾਹਿਬ ਫਿਰ ਲਿਖਦੇ ਹਨ ਕਿ ਹਰੀ ਕੇ ਪੱਤਣ ਤਕ 4000 ਸਿਰਲੱਥ ਸਿੰਘਾਂ



ਦਾ ਜਥਾ ਬਣ ਗਿਆ। ਤਰਨ ਤਾਰਨ ਵੀ ਬਹੁਤ ਸਾਰੇ ਸਿੱਖ ਨਾਲ ਮਿਲ ਗਏ। ਸ਼ਹੀਦ ਨੱਥਾ ਸਿੰਘ, ਹੀਰਾ ਸਿੰਘ, ਪ੍ਰੇਮ ਸਿੰਘ, ਸੁਧਾ ਸਿੰਘ, ਬਾਬਾ ਬਸੰਤ ਸਿੰਘ ਤੇ ਬਾਬਾ ਨੌਧ ਸਿੰਘ ਵਰਗੇ ਮੋਢੀ ਸਿੰਘ ਵੀ ਜਥੇ ਨਾਲ ਹੀ ਸਨ। ਤਰਨ ਤਾਰਨ ਦੇ ਪਵਿੱਤਰ ਸਰੋਵਰ ਵਿੱਚ ਸਭ ਨੇ ਇਸ਼ਨਾਨ ਕੀਤਾ ਤੇ ਮੌਤ ਰਾਣੀ ਨੂੰ ਵਿਆਹੁਣ ਤੁਰ ਪਏ। ਤਰਨ-ਤਾਰਨ ਤੋਂ ਇਹ ਜਥਾ ਸੰਗਰਾਣੇ ਪਹੁੰਚਿਆ। ਇੱਥੇ ਬਾਬਾ ਦੀਪ ਸਿੰਘ ਜੀ ਨੇ ਇੱਕ ਹੋਰ ਤਕਰੀਰ ਕੀਤੀ ਕਿ 'ਹੁਣ ਅਸੀਂ ਇੱਥੋਂ ਪ੍ਰਣ ਕਰਕੇ ਚੱਲਣਾ ਹੈ ਕਿ ਅਸੀਂ ਜ਼ਾਲਮਾਂ, ਪਾਪੀਆਂ ਨੂੰ ਉਨ੍ਹਾਂ ਦੇ ਅਪਰਾਧ ਦਾ ਦੰਡ ਦੇਣਾ ਹੈ। ਸ੍ਰੀ ਹਰਿਮੰਦਰ ਸਾਹਿਬ ਪਹੁੰਚ ਕੇ ਉੱਥੇ ਸਰੋਵਰ ਸਾਹਿਬ ਦੀ ਸੇਵਾ ਕਰਨੀ ਹੈ। ਜੇ ਇਹ ਕੁਝ ਨਾ ਕਰ ਸਕੀਏ ਤਾਂ ਵਾਪਸ ਨਹੀਂ ਮੁੜਨਾ। ਇਸ ਲਈ ਅਸੀਂ ਜਿਊਣ ਦੀ ਨਹੀਂ ਮੌਤ ਦੀ ਆਸ ਨਾਲ ਜਾਣਾ ਹੈ। ਇਸ ਲਈ ਉਹੀ ਸਿੰਘ ਅੱਗੇ ਆਉਣ ਜਿਨ੍ਹਾਂ ਕੇਵਲ ਮਰਨ ਲਈ ਜਾਣਾ ਹੈ।ਇਸ ਤੋਂ ਬਾਅਦ ਉਨ੍ਹਾਂ ਖੰਡੇ ਨਾਲ ਜ਼ਮੀਨ 'ਤੇ ਇੱਕ ਲਕੀਰ ਖਿੱਚ ਦਿੱਤੀ ਤੇ ਕਿਹਾ ਕੇਵਲ ਉਹ ਸਿੰਘ ਲਕੀਰ ਨੂੰ ਟੱਪ ਕੇ ਸਾਡੇ ਨਾਲ ਰਲਣ ਜਿਨ੍ਹਾਂ ਨੇ ਸ਼ਹੀਦੀ ਜਾਮ ਪੀਣੇ ਹਨ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਲਈ ਸ਼ਹੀਦੀਆਂ ਪਾਉਣੀਆਂ ਹਨ। ਇਹ ਸੁਣ ਕੇ ਸਾਰੇ ਜਥੇ ਦੇ ਸਿੰਘ ਲਕੀਰ ਟੱਪ ਗਏ, ਕੋਈ ਵੀ ਪਿਛਾਂਹ ਨਾ ਹਟਿਆ। ਇਸ ਥਾਂ 'ਤੇ ਅੱਜਕੱਲ੍ਹ ਗੁਰਦੁਆਰਾ ਲਕੀਰ ਸਾਹਿਬ ਸੁਸ਼ੋਭਿਤ ਹੈ। ਬਾਬਾ ਜੀ ਨੇ ਅਖੀਰ ਵਿੱਚ ਇਹ ਸ਼ਬਦ ਪੜ੍ਹਿਆ:

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**

(ਅੰਗ ੧੪੧੨)

ਬਾਬਾ ਦੀਪ ਸਿੰਘ ਜੀ ਨੇ **'ਮਰਾਂ ਤਾਂ ਹਰਿ ਕੈ ਦੁਆਰਿ'** ਅਰਦਾਸ ਕਰਕੇ ਅੰਮ੍ਰਿਤਸਰ ਵੱਲ ਚੱਲ ਪਏ। ਜ਼ਹਾਨ ਖ਼ਾਨ ਨੂੰ ਪਤਾ ਲੱਗ ਗਿਆ ਕਿ ਸਿੱਖ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਹੇਠ ਦੀਵਾਲੀ ਦਾ ਮੇਲਾ ਦਰਬਾਰ ਸਾਹਿਬ ਮਨਾਉਣ ਲਈ ਇਕੱਠੇ ਹੋ ਰਹੇ ਹਨ। ਮਸਕੀਨ ਉਸ ਵਖ਼ਤ ਦਾ ਅੱਖੀਂ ਡਿੱਠਾ ਹਾਲ ਇਉਂ ਲਿਖਦਾ ਹੈ:

'ਜ਼ਹਾਨ ਖ਼ਾਨ ਨੂੰ ਖ਼ਬਰ ਪੁੱਜੀ ਕਿ ਸਿੱਖ ਕਾਫ਼ੀ ਗਿਣਤੀ ਵਿੱਚ ਸ੍ਰੀ ਅੰਮ੍ਰਿਤਸਰ ਦਾ ਇਸ਼ਨਾਨ ਕਰਨ ਲਈ ਇਕੱਠੇ ਹੋਏ ਹਨ। ਸੂਬੇ ਦੀ ਫੌਜ

ਹਾਜੀ ਅਤਾਈ ਖ਼ਾਨ ਦੀ ਕਮਾਨ ਹੇਠ ਨਾਲ ਲੱਗਦੇ ਇਲਾਕੇ ਵਿੱਚੋਂ ਸਿੱਖਾਂ ਨੂੰ ਮਾਰਨ ਤੇ ਕੱਢਣ ਲਈ ਲੱਗੀ ਹੋਈ ਸੀ। ਵਜ਼ੀਰ ਨੇ ਹਾਜ਼ੀ ਅਤਾਈ ਖ਼ਾਨ ਨੂੰ ਇਸ ਅਸ਼ਾਂਤੀ ਬਾਰੇ ਇੱਕ ਖ਼ਤ ਲਿਖਿਆ। ਉਸ ਨੂੰ ਕਿਹਾ ਗਿਆ ਕਿ ਸ਼ੀਘਰ ਫੌਜ ਸਮੇਤ (ਚੱਕ ਅੰਮ੍ਰਿਤਸਰ) ਪਹੁੰਚੇ। ਉਸ ਨੇ ਲਾਹੌਰ ਵਿੱਚ ਐਲਾਨ ਕੀਤਾ ਕਿ ਹਰੇਕ ਸ਼ਾਹੀ ਨੌਕਰ ਜਾਂ ਘੋੜ ਸਵਾਰ ਜੰਗ ਵਿੱਚ ਸ਼ਾਮਲ ਹੋਵੇ । ਬੇਗ਼ਮ ਸਾਹਿਬਾਂ ਨੂੰ ਕਿਹਾ ਗਿਆ ਕਿ ਉਹ ਮਸਕੀਨ ਸਮੇਤ ਸਾਰੇ ਨੌਕਰ ਭੇਜੇ । ਬੇਗ਼ਮ ਨੇ ਮਸਕੀਨ ਦੀ ਕਮਾਨ ਹੇਠ ਸਾਰੇ ਨੌਕਰ ਭੇਜੇ ਜੋ 25 ਕੁ ਸਨ । ਕਾਸਮ ਖ਼ਾਨ ਪੱਟੀ ਵੀ ਉਨ੍ਹਾਂ ਦੇ ਨਾਲ ਸੀ । ਇਹ ਸਾਰੇ ਵਜ਼ੀਰ ਦੀ ਸੈਨਾ ਨਾਲ ਜਾ ਮਿਲੇ । ਇਨ੍ਹਾਂ ਦੀ ਗਿਣਤੀ 2000 ਤਕ ਸੀ । ਰਾਤ ਨੂੰ ਇਹ ਲਾਹੌਰੋਂ 6 ਕੋਹ ’ਤੇ ਸਰਾਂ ਖ਼ਾਨ ਖ਼ਾਨਾਂ ਵਿੱਚ ਪਹੁੰਚੇ । ਦੂਜੇ ਦਿਨ ਚੱਕ ਤੋਂ ਦੋ ਕੋਹ ’ਤੇ ਗੋਲੇਵਾਲ ਪੁੱਜੇ। ਉਨ੍ਹਾਂ ਨੂੰ ਇਹ ਮਾਲੂਮ ਕਰਕੇ ਬੜੀ ਹੈਰਾਨੀ ਹੋਈ ਕਿ ਸਖ਼ਤ ਹਦਾਇਤਾਂ ਦੇ ਬਾਵਜੂਦ ਹਾਜ਼ੀ ਅਤਾਈ ਖ਼ਾਨ ਅੱਗੇ ਵਧਣ ਤੋਂ ਟਾਲ ਮਟੋਲ ਕਰਦਾ ਹੈ।

ਗੋਹੜਵਾਲ (ਗੋਲੇਵਾਲ) ਦੇ ਪਾਸ ਦੋਹਾਂ ਦਲਾਂ ਦੀ ਟੱਕਰ ਹੋਈ। ਸਿੰਘ ਸ਼ਾਹੀ ਫੌਜ ’ਤੇ ਟੁੱਟ ਕੇ ਪੈ ਗਏ। ਸਿੱਖਾਂ ਨੇ ਸ਼ਾਹੀ ਫੌਜ ਦੇ ਸਿਪਾਹੀਆਂ ਲਈ ਨੱਸਣ ਦਾ ਕੋਈ ਰਾਹ ਨਾ ਰਹਿਣ ਦਿੱਤਾ। ਇਹ ਦੇਖ ਕੇ ਜ਼ਹਾਨ ਖ਼ਾਨ ਤਲਵਾਰ ਲੈ ਕੇ ਆਪ ਮੈਦਾਨ ਵਿੱਚ ਅੱਗੇ ਵਧਿਆ। ਉਸ ਨੇ ਆਪਣੇ ਨੱਠੇ ਜਾਂਦੇ ਆਦਮੀਆਂ ਨੂੰ ਇਕੱਠਾ ਕੀਤਾ ਤੇ ਕਿਹਾ, ‘ਕਿੱਧਰ ਨੱਠੇ ਜਾਂਦੇ ਹੋ?’ ਹਾਲਤ ਇਹ ਹੋ ਗਈ ਕਿ ਹਰੇਕ ਆਦਮੀ ਇਹ ਅਨੁਭਵ ਕਰਨ ਲੱਗਾ ਕਿ ਉਸ ਵਿੱਚ ਜਾਨ ਨਹੀਂ ਰਹੀ। ਇਸ ਸਮੇਂ ਅਤਾਈ ਖ਼ਾਨ ਬੜੀ ਸਖ਼ਤ ਫੌਜ ਲੈ ਕੇ ਪਹੁੰਚ ਗਿਆ। ਉਹ ਬੇਰਹਿਮ ਤਲਵਾਰਾਂ ਤੇ ਸਖ਼ਤ ਬੰਦੂਕਾਂ ਦੇ ਸਾਹਮਣੇ ਹਾਰ ਗਏ। ਉਹ ਟਾਕਰਾ ਨਾ ਕਰ ਸਕੇ ਤੇ ਨੱਠ ਗਏ। ਜੇਤੂ ਫੌਜ ਨੇ ਚੱਕ ਗੁਰੂ ਵੱਲ ਜਿੱਥੋਂ ਤਕ ਉਨ੍ਹਾਂ ਦਾ ਪਿੱਛਾ ਕਰ ਸਕਦੀ ਸੀ ਉਸ ਨੇ ਕੀਤਾ। ਇਹ ਥਾਂ ਸ੍ਰੀ ਹਰਿਮੰਦਰ ਸਾਹਿਬ ਨਾਲ ਢੱਕੀ ਹੋਈ ਸੀ, ਜਿਸ ਦੇ ਦਰਵਾਜ਼ੇ ’ਤੇ ਪੰਜ ਸਿਪਾਹੀ (ਸਿੰਘ) ਖੜ੍ਹੇ ਪਹਿਰਾ ਦੇ ਰਹੇ ਸਨ। ਸਾਡੀ ਫੌਜ ਦੇ ਬਹਾਦਰਾਂ ਨੇ ਹਮਲਾ ਕਰਕੇ ਉਨ੍ਹਾਂ ਨੂੰ ਮਾਰ ਦਿੱਤਾ। ਇਸ ਥਾਂ ’ਤੇ ਲਾਹੌਰ ਦਾ ਇੱਕ ਜਵਾਨ ਮਰਦ ਮੀਰ-ਨਿਆਮੁਤੁਲਾ ਖ਼ਾਨ ਲੜਾਈ ਵਿੱਚ ਮਾਰਿਆ ਗਿਆ। ਤਦ ਸਾਡੀ ਜੇਤੂ ਫੌਜ ਇੱਥੇ ਜਾ ਕੇ ਠਹਿਰੀ।

ਭਗਤ ਲਕਛਮਣ ਸਿੰਘ ਆਪਣੀ ਪੁਸਤਕ ‘ਸਿੱਖ ਮਾਰਟਿਅਰਸ’ ਵਿੱਚ ਲਿਖਦੇ ਹਨ ਕਿ ਗੋਹੜਵਾਲ ਦੀ ਲੜਾਈ ਵਿੱਚ ਜ਼ਹਾਨ ਖ਼ਾਨ ਦੀ



ਸੈਨਾ ਦੀ ਗਿਣਤੀ 20,000 ਸੀ ਤੇ ਖ਼ਾਲਸਾ ਦੀ 6000; ਲੜਾਈ ਸ਼ੁਰੂ ਹੋ ਗਈ। ਸਿੱਖ ਬਹਾਦਰੀ ਤੇ ਨਿਡਰਤਾ ਨਾਲ ਲੜ ਰਹੇ ਸਨ। ਜ਼ਹਾਨ ਖ਼ਾਨ ਹਾਥੀ ਉੱਪਰ ਚੜ੍ਹਿਆ ਹੋਇਆ ਲੜਾਈ ਵੇਖ ਰਿਹਾ ਸੀ ਕਿ ਦਿਆਲ ਸਿੰਘ ਆਪਣੇ 500 ਸਿੱਖਾਂ ਨਾਲ ਜ਼ਹਾਨ ਖ਼ਾਨ ’ਤੇ ਟੁੱਟ ਕੇ ਪੈ ਗਿਆ। ਦਿਆਲ ਸਿੰਘ ਨੇ ਘੋੜੇ ਨੂੰ ਉਛਾਲਿਆ ਤੇ ਬਿਜਲੀ ਦੀ ਫੁਰਤੀ ਨਾਲ ਜ਼ਹਾਨ ਖ਼ਾਨ ਦਾ ਸਿਰ ਲਾਹ ਦਿੱਤਾ ਅਤੇ ਜ਼ਹਾਨ ਖ਼ਾਨ ਦੇ ਦੂਸਰੇ ਕਮਾਂਡਰ ਨੇ ਦਿਆਲ ਸਿੰਘ ’ਤੇ ਹਮਲਾ ਕੀਤਾ, ਪਰ ਦਿਆਲ ਸਿੰਘ ਬੜੀ ਸਿਆਣਪ ਨਾਲ ਵਾਰ ਤੋਂ ਬਚ ਗਿਆ, ਪਰ ਕਿਸੀ ਹੋਰ ਇਤਿਹਾਸਕਾਰ ਜਾਂ ਸਮਕਾਲੀ ਲੇਖਕ ਨੇ ਜ਼ਹਾਨ ਖ਼ਾਨ ਦੀ ਮੌਤ ਦਾ ਜ਼ਿਕਰ ਨਹੀਂ ਕੀਤਾ।

11 ਨਵੰਬਰ 1757 ਈ. ਨੂੰ ਗੋਹੜਵਾਲ ਦੇ ਲਾਗੇ ਦੋਹਾਂ ਦਲਾਂ ਦੀ ਟੱਕਰ ਹੋ ਗਈ। ਇਕ ਵਾਰ ਤਾਂ ਸਿੰਘਾਂ ਦੇ ਅਥਾਹ ਸ਼ਹੀਦੀ ਚਾਅ ਨੇ ਵੈਰੀ ਨੂੰ ਭਾਜੜ ਪਾ ਦਿੱਤੀ। ਸਿੰਘ ਜਾਣਦੇ ਸਨ ਕਿ ਭਾਵੇਂ ਸ਼ਾਹੀ ਲਸ਼ਕਰ ਦੇ ਸਾਹਮਣੇ ਉਨ੍ਹਾਂ ਦੀ ਗਿਣਤੀ ਥੋੜ੍ਹੀ ਹੈ ਪਰ ਉਹ ਤਾਂ ਗਿਣਤੀਆਂ ਨੂੰ ਛੱਡ ਕੇ ਨਿਰੋਲ ਗੁਰੂ ਤੇ ਗੁਰੂ ਧਾਮਾਂ ਦੇ ਪਿਆਰ ਵਿੱਚ ਦੀਵਾਨੇ ਹੋ ਅੱਗੇ ਵਧ-ਵਧ ਸ਼ਹੀਦੀਆਂ ਪਾ ਰਹੇ ਸਨ। ਉਹ ਜਾਣਦੇ ਸਨ ਕਿ ਸ਼ਹੀਦਾਂ ਦਾ ਖ਼ੂਨ ਅਜ਼ਾਈਂ ਨਹੀਂ ਜਾਂਦਾ, ਉਹ ਜ਼ਰੂਰ ਰੰਗ ਲਿਆਉਂਦਾ ਹੈ। ਸ਼ਹੀਦਾਂ ਦਾ ਪਵਿੱਤਰ ਲਹੂ ਧਰਤੀ ’ਤੇ ਡੁੱਲ੍ਹ ਕੇ ਬੇਜਾਨ ਕੌਮਾਂ ਵਿੱਚ ਜਾਨ ਪਾ ਦਿੰਦਾ ਹੈ। ਜਦ ਕੋਈ ਹਕੂਮਤ ਜ਼ੁਲਮ ਕਰਦੀ ਹੈ ਤਾਂ ਸ਼ਹੀਦ ਆਤਮਾ ਉਸਨੂੰ ਸਹਿੰਦੀ ਹੈ ਅਤੇ ਆਪਾ ਵਾਰ ਕੇ ਜ਼ੁਲਮ ਨੂੰ ਠੱਲ੍ਹ ਪਾ ਦਿੰਦੀ ਹੈ। ਸ਼ਹੀਦ ਅਸੰਭਵ ਨੂੰ ਸੰਭਵ ਕਰ ਦਿੰਦਾ ਹੈ। ਜਿਸ ਕੰਮ ਨੂੰ ਅਸੀਂ ਅਤਿ ਕਠਿਨ ਸਮਝਦੇ ਹਾਂ ਸ਼ਹੀਦ ਉਸਨੂੰ ਸਹਿਲ ਕਰ ਦਿੰਦਾ ਹੈ। ਸ਼ਹੀਦ ਦੇ ਲਹੂ ਵਿੱਚ ਜੀਵਨ ਦੀ ਜੋਤ ਹੁੰਦੀ ਹੈ ਜੋ ਅਨੇਕਾਂ ਮਰ ਮਿਟਣ ਵਾਲੀਆਂ ਰੂਹਾਂ ਨੂੰ ਜਨਮ ਦੇਂਦੀ ਹੈ। ਬਾਬਾ ਨੌਧ ਸਿੰਘ ਜੀ ਚੱਬੇ ਪਾਸ ਸ਼ਹੀਦ ਹੋ ਗਏ ਸਨ।

ਸਿੰਘ ਲੜਦੇ ਤੇ ਸ਼ਹੀਦੀਆਂ ਪਾਉਂਦੇ, ਬਾਬਾ ਦੀਪ ਸਿੰਘ ਜੀ ਦੀ ਅਗਵਾਈ ਹੇਠ ਅੱਗੇ ਵਧਦੇ ਜਾ ਰਹੇ ਸਨ। ਜਿਸ ਵਕਤ ਰਾਮਸਰ ਦੇ ਕੋਲ ਪਹੁੰਚੇ ਤਾਂ ਪਠਾਣੀ ਫੌਜ ਦੇ ਇੱਕ ਹੋਰ ਕਮਾਂਡਰ ਜਮਾਲ ਸ਼ਾਹ (ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਇਹ ਨਾਮ ਯਕੂਬ ਖ਼ਾਨ ਕਰਕੇ ਲਿਖਿਆ ਹੈ) ਨੇ ਬਾਬਾ ਦੀਪ ਸਿੰਘ ਜੀ ਨੂੰ ਵੰਗਾਰਿਆ ਕਿ ਉਹਦੇ ਨਾਲ ਇਕੱਲੇ ਮੁਕਾਬਲਾ ਕਰ ਲੈਣ। ਜਮਾਲ ਸ਼ਾਹ ਅਜੇ ਜਵਾਨ ਸੀ ਤੇ ਬਾਬਾ ਦੀਪ ਸਿੰਘ ਜੀ 75 ਸਾਲ ਦੇ ਬਿਰਧ, ਪਰ ਉਨ੍ਹਾਂ ਤੁਰੰਤ ਚੈਲੰਜ ਪ੍ਰਵਾਨ ਕਰ ਲਿਆ ਤੇ ਜ਼ਬਰਦਸਤ

ਲੜਾਈ ਹੋਈ। ਪਹਿਲਾਂ ਦੋਵਾਂ ਦੇ ਘੋੜੇ ਜ਼ਖ਼ਮੀ ਹੋਏ ਤੇ ਦੋਵੇਂ ਹੀ ਧਰਤੀ 'ਤੇ ਆ ਡਿੱਗੇ। ਫਿਰ ਇੱਕ ਦੂਜੇ ਨਾਲ ਗੁਥਮ ਗੁੱਥਾ ਹੋ ਗਏ। ਜਮਾਲ ਸ਼ਾਹ ਦੇ ਸਿਰ 'ਤੇ ਬਾਬਾ ਜੀ ਨੇ ਇਤਨੇ ਜ਼ੋਰ ਨਾਲ ਗੁਰਜ ਮਾਰਿਆ ਕਿ ਉਹ ਥਾਂ 'ਤੇ ਹੀ ਖ਼ਤਮ ਹੋ ਗਿਆ। ਬਾਬਾ ਸੁਰ ਸਿੰਘ ਨੇ ਦੂਜੇ ਅਫ਼ਗਾਨ ਸਰਦਾਰ ਮੀਰ ਜ਼ਹਾਨ ਨੂੰ ਥਾਂ 'ਤੇ ਖ਼ਤਮ ਕਰ ਦਿੱਤਾ। ਜਮਾਨ ਖ਼ਾਨ ਨੂੰ ਡਿੱਗਦਾ ਦੇਖ ਕੇ ਇਕ ਹੋਰ ਪਠਾਣ ਅਮਾਨ ਖ਼ਾਨ ਸਾਹਮਣੇ ਆਇਆ ਤੇ ਦੋਹਾਂ ਨੇ ਇਸ ਫੁਰਤੀ ਨਾਲ ਤਲਵਾਰਾਂ ਚਲਾਈਆਂ ਕਿ ਦੋਹਾਂ ਨੂੰ ਬੜੇ ਮਾਰੂ ਫੱਟ ਵੱਜੇ। ਇਹ ਦੇਖ ਕੇ ਇੱਕ ਸਿੱਖ ਨੇ ਕਿਹਾ 'ਬਾਬਾ ਜੀ ਆਪ ਨੇ ਅਰਦਾਸਾ ਸੋਧਿਆ ਸੀ ਕਿ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਸ਼ਹੀਦੀ ਪਾਵਾਂਗੇ, ਪਰ ਆਪ ਤਾਂ ਉਰੇ ਹੀ ਫ਼ਤਹਿ ਗਜਾ ਚੱਲੇ। ਬਾਬਾ ਜੀ ਨੇ ਉੱਤਰ ਦਿੱਤਾ, 'ਅਰਦਾਸ ਕਰਨੀ ਸਾਡਾ ਫ਼ਰਜ਼ ਹੈ, ਤੋੜ ਚੜ੍ਹਾਉਣਾ ਗੁਰੂ ਦੀ ਮਰਜ਼ੀ ਹੈ, ਸਿੱਖ ਗੁਰੂ 'ਤੇ ਸਿਦਕ ਰੱਖਦਾ ਹੈ, ਉਸ 'ਤੇ ਮਾਣ ਕਰਦਾ ਹੈ, ਪ੍ਰੀਖਿਆ ਨਹੀਂ ਲੈ ਸਕਦਾ। ਸਾਨੂੰ ਨਿਸ਼ਚਾ ਹੈ ਕਿ ਗੁਰੂ ਮਹਾਰਾਜ ਸਾਨੂੰ ਆਪਣੇ ਚਰਨਾਂ ਵਿੱਚ ਹੀ ਸ਼ਹੀਦੀ ਪਾਣ ਦਾ ਅਵਸਰ ਦੇਣਗੇ'। ਇਹ ਆਖ ਕੇ ਖੱਬੇ ਹੱਥ ਨਾਲ ਮਾਰੂ ਫੱਟ ਨੂੰ ਦਬਾ ਲਿਆ ਅਤੇ ਸੱਜੇ ਹੱਥ ਨਾਲ ਖੰਡਾ ਚਲਾਉਂਦੇ ਦੁਸ਼ਮਣ ਦੇ ਦਲ ਨੂੰ ਚੀਰਦੇ ਹੋਏ ਅਖੀਰ ਵਿੱਚ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਪਹੁੰਚ ਕੇ ਸਵਾਸ ਦੇ ਦਿੱਤੇ। ਉੱਥੇ ਅੱਜਕੱਲ੍ਹ ਆਪ ਜੀ ਦੀ ਸਮਾਧੀ ਹੈ ਤੇ ਜਿੱਥੇ ਆਪ ਨੂੰ ਮਾਰੂ ਫੱਟ ਵੱਜਾ ਸੀ ਉਸ ਥਾਂ ਆਪ ਦਾ ਸ਼ਹੀਦੀ ਸਥਾਨ ਹੈ ਜਿਸ ਨੂੰ ਕਿਹਾ ਜਾਂਦਾ ਹੈ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ। ਇਹ ਸਾਕਾ, 11 ਨਵੰਬਰ 1757 ਈ. ਦਾ ਹੈ। ਇਸ ਵਕਤ ਬਾਬਾ ਦੀਪ ਸਿੰਘ ਜੀ ਦੀ ਉਮਰ 75 ਕੁ ਸਾਲ ਸੀ।

ਜ਼ਹਾਨ ਖ਼ਾਨ ਤਾਂ ਹਾਰ ਹੀ ਚੁੱਕਾ ਸੀ ਪਰ ਹਾਜ਼ੀ ਅਤਾਈ ਖ਼ਾਨ ਨੇ ਤਾਜ਼ਾ ਦਮ ਹਮਲਾ ਕਰਕੇ ਸਿੱਖਾਂ ਨੂੰ ਸ਼ਹੀਦ ਕੀਤਾ ਤੇ ਫਿਰ ਦਰਬਾਰ ਸਾਹਿਬ ਦੀ ਬੇਪੱਤੀ ਕੀਤੀ। ਸਿੱਖ ਗਿਣਤੀ ਵਿੱਚ ਭਾਵੇਂ ਥੋੜ੍ਹੇ ਸਨ ਪਰ ਉਨ੍ਹਾਂ ਗੁਰੂ ਕੇ ਬਾਗ਼ ਵਿੱਚ ਸਰਦਾਰ ਅਘੜ ਸਿੰਘ, ਸ੍ਰ. ਸੰਤ ਸਿੰਘ, ਸ੍ਰ. ਸਜਨ ਸਿੰਘ, ਸ੍ਰ. ਹੀਰਾ ਸਿੰਘ, ਸ੍ਰ. ਨਿਹਾਲ ਸਿੰਘ, ਸ੍ਰ. ਬਹਾਦਰ ਸਿੰਘ, ਬਾਬਾ ਬਾਲਾ ਸਿੰਘ ਤੇ ਬਾਬਾ ਖਿਆਲਾ ਸਿੰਘ ਨੇ ਵੀ 11 ਨਵੰਬਰ 1757 ਈ. ਨੂੰ ਹੀ ਸ਼ਹਾਦਤਾਂ ਦਿੱਤੀਆਂ। ਇਨ੍ਹਾਂ ਦੀ ਪਵਿੱਤਰ ਯਾਦ ਵਿੱਚ ਥੜ੍ਹਾ ਸਾਹਿਬ ਬਣਿਆ ਹੋਇਆ ਹੈ ਤੇ ਉਸ ਉੱਪਰ ਨਿਸ਼ਾਨ ਸਾਹਿਬ ਝੂਲਦਾ ਹੈ। ਜਥੇਦਾਰ ਰਾਮ ਸਿੰਘ ਨੇ ਕੱਟੜਾ ਰਾਮਗੜ੍ਹੀਆ ਵਿੱਖੇ ਸ਼ਹੀਦੀ ਪਾਈ। ਬਾਬਾ ਬਸੰਤ ਸਿੰਘ ਦਾ ਅਸਥਾਨ



ਚੌਂਕ ਪਰਾਗ ਦਾਸ ਵਿੱਚ ਮੌਜੂਦ ਹੈ। ਬਿਬੇਕਸਰ ਦੇ ਕੰਡੇ ਸ੍ਰ. ਧਰਮ ਸਿੰਘ ਜੀ ਦੀ ਯਾਦ ਵਿੱਚ ਗੁਰਦੁਆਰਾ ਹੈ। ਮਾਂਗੀ ਰਾਮ ਦੇ ਅਖਾੜੇ ਪਾਸ ਸਰਦਾਰ ਕੌਰ ਸਿੰਘ, ਮਹਿਲਾ ਸਿੰਘ, ਸੰਤ ਸਿੰਘ ਦੀ ਯਾਦਗਾਰ ਮੌਜੂਦ ਹੈ। ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ ਬਾਬਾ ਗੁਰਬਖ਼ਸ਼ ਸਿੰਘ ਜੀ ਵੀ ਇਸ ਜੰਗ ਵਿੱਚ ਸ਼ਹੀਦ ਹੋਏ ਪਰ ਇਹ ਠੀਕ ਨਹੀਂ ਜਾਪਦਾ। ਭਾਈ ਰਤਨ ਸਿੰਘ ਨੇ ਉਨ੍ਹਾਂ ਦੀ ਸ਼ਹੀਦੀ ਬਾਅਦ ਵਿੱਚ ਲਿਖੀ ਹੈ। ਜਿੱਥੇ ਇਸ ਲੜਾਈ ਵਿੱਚ ਬਹੁਤ ਸਾਰੇ ਸਿੰਘ ਸ਼ਹੀਦ ਹੋਏ ਉੱਥੇ ਉਨ੍ਹਾਂ ਤੋਂ ਕਈ ਗੁਣਾਂ ਜ਼ਿਆਦਾ ਪਠਾਣ ਅਤੇ ਉਨ੍ਹਾਂ ਦੇ ਕਮਾਂਡਰ ਵੀ ਇਸ ਲੜਾਈ ਵਿੱਚ ਮਾਰੇ ਗਏ ਜਿਨ੍ਹਾਂ ਵਿੱਚ ਸਾਬਰ ਅਲੀ, ਜਬਰਦਸਤ ਖ਼ਾਨ, ਰੁਸਤਮ ਅਲੀ ਖ਼ਾਨ ਸ਼ਾਮਲ ਸਨ। ਜਬਰਦਸਤ ਖ਼ਾਨ ਦੀ ਮੌਤ ਤੋਂ ਪਿੱਛੋਂ ਪਠਾਣਾਂ ਦੇ ਹੌਂਸਲੇ ਟੁੱਟ ਗਏ ਤੇ ਉਹ ਮੈਦਾਨ ਛੱਡ ਕੇ ਨੱਠ ਗਏ।

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬਾਬਾ ਦੀਪ ਸਿੰਘ ਜੀ 'ਸ਼ਹੀਦ' ਬਾਬਾ ਨੌਧ ਸਿੰਘ ਜੀ ਅਤੇ ਬਾਬਾ ਗੁਰਬਖ਼ਸ਼ ਸਿੰਘ ਸ਼ਹੀਦ ਦੇ ਸ਼ਸਤਰ ਮੌਜੂਦ ਹਨ। ਬਾਬਾ ਦੀਪ ਸਿੰਘ ਜੀ ਦਾ ਇੱਕ ਵੱਡਾ ਖੰਡਾ, ਚਾਰ ਛੋਟੇ ਖੰਡੇ ਦਮਾਲੇ 'ਤੇ ਸਜਾਣ ਵਾਲੇ, ਤਿੰਨ ਕ੍ਰਿਪਾਨਾਂ, ਇੱਕ ਵੱਡਾ ਚੱਕਰ, ਗਿਆਰਾਂ ਛੋਟੇ ਚੱਕਰ, ਚਾਰ ਵਿਚਕਾਰਲੇ ਮੇਲ ਦੇ ਜਿਨ੍ਹਾਂ ਵਿੱਚ ਦੋ ਸੁਨਹਿਰੀ ਹਨ, ਇੱਕ ਪਿਸਤੌਲ, ਇੱਕ ਪੇਸ਼ ਕਬਜ ਤੇ ਇੱਕ ਕਰਦ ਹਨ। ਇਕ ਖੰਡਾ ਬਾਬਾ ਨੌਧ ਸਿੰਘ ਜੀ ਤੇ ਇੱਕ ਬਾਬਾ ਗੁਰਬਖ਼ਸ਼ ਸਿੰਘ ਜੀ ਦਾ ਹੈ। ਸਵੇਰੇ ਸ਼ਾਮ ਗੁਰੂ ਸਾਹਿਬਾਨ ਦੇ ਸ਼ਸਤਰਾਂ ਦੇ ਨਾਲ ਇਨ੍ਹਾਂ ਸ਼ਸਤਰਾਂ ਦੇ ਵੀ ਦਰਸ਼ਨ ਕਰਾਏ ਜਾਂਦੇ ਹਨ। ਬਾਬਾ ਦੀਪ ਸਿੰਘ ਜੀ ਦੇ ਪਿੱਛੋਂ ਬਾਬਾ ਕਰਮ ਸਿੰਘ ਜੀ ਸ਼ਹੀਦ ਮਿਸਲ ਦੇ ਜਥੇਦਾਰ ਬਣੇ।

(ਪੁਸਤਕ ਅਠਾਰਵ੍ਹੀਂ ਸ਼ਤਾਬਦੀ ਦੇ ਸਿੱਖ ਸ਼ਹੀਦ 'ਚੋਂ)

(ਖ਼ਾਲਸਾ ਸਮਾਚਾਰ, ਨਵੀਂ ਦਿੱਲੀ ਵਿੱਚ ਭੀ 9-15 ਨਵੰਬਰ 2017 ਨੂੰ ਛਪਿਆ ਹੈ ।)

## ਸਿਰ ਤੋਂ ਪਰ੍ਹੇ ਇਸ਼ਕ ਦਾ ਡੇਰਾ

# ਰਾਇ ਬੁਲਾਰ ਖ਼ਾਨ ਜੀ

### ਡਾ. ਸਰਬਜੀਤ ਕੌਰ ਸੰਧਾਵਾਲੀਆ

ਤਲਵੰਡੀ ਦੇ ਹਾਕਮ ਰਾਇ ਬੁਲਾਰ ਖ਼ਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੁਹੱਬਤ ਦੀ ਜ਼ਾਹਿਰਾ ਤਸਵੀਰ ਸਨ । ਉਨ੍ਹਾਂ ਕੋਲ ਉਹ ਬਿਅੰਤ ਅੱਖੀਆਂ ਸਨ, ਜਿਨ੍ਹਾਂ ਨਾਲ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਜੀ ਵਿੱਚੋਂ ਅੱਲਾ ਦੇ ਦਰਸ਼ਨ ਕੀਤੇ । ਉਨ੍ਹਾਂ ਨੇ ਇਸ ਇਲਾਹੀ ਨੂਰ ਨੂੰ ਪਛਾਣਿਆ, ਸਤਿਕਾਰਿਆ, ਪਿਆਰਿਆ ਅਤੇ ਆਪਣਾ ਸਭ ਕੁਝ ਨਿਛਾਵਰ ਕਰ ਦਿੱਤਾ । ਉਨ੍ਹਾਂ ਨੇ ਮਹਾਰਾਜ ਜੀ ਦੇ ਬਚਪਨ ਨੂੰ ਦੇਖਿਆ, ਮਾਣਿਆ ਅਤੇ ਨਿਹਾਲ ਹੋ ਕੇ ਕਈ ਵਾਰ ਕਿਹਾ ਕਿ ਇਨ੍ਹਾਂ ਦੇ ਸਦਕੇ ਹੀ ਮੇਰਾ ਨਗਰ ਵਸਦਾ ਹੈ । ਜਦੋਂ ਜਗਤ ਦੇ ਉਧਾਰ ਹਿਤ ਸਾਹਿਬਾਂ ਨੇ ਲੰਮੀਆਂ ਉਦਾਸੀਆਂ ਆਰੰਭੀਆਂ ਤਾਂ ਰਾਇ ਜੀ ਦੇ ਪਿਆਰ ਦੀ ਖਿੱਚ ਕਾਰਨ ਕਈ ਵਾਰ ਅੱਧ-ਵਾਟਿਓਂ ਮੁੜ ਕੇ ਉਨ੍ਹਾਂ ਨੂੰ ਨਿਹਾਲ ਕੀਤਾ । ਇਹ ਜ਼ਾਹਿਰਾ ਪੀਰ ਰਾਇ ਜੀ ਦੀ ਜ਼ਿੰਦਗੀ, ਬੰਦਗੀ, ਰਿੰਦਗੀ ਅਤੇ ਮਸਤਾਨਗੀ ਸਨ । ਉਹ ਸਦਾ ਮਹਾਰਾਜ ਜੀ ਦੇ ਮੁਬਾਰਕ ਚਰਨਾਂ ਨੂੰ ਚੁੰਮ ਕੇ ਬਰਕਤਾਂ ਅਤੇ ਬਖ਼ਸ਼ਿਸ਼ਾਂ ਪ੍ਰਾਪਤ ਕਰਦੇ ਰਹੇ ।

ਰਾਇ ਜੀ ਨੇ ਆਪਣੇ ਸਾਹਿਬ ਦੇ ਨਾਂ ਅੱਧੀ ਜ਼ਮੀਨ ਇੰਤਕਾਲ ਕਰ ਦਿੱਤੀ, ਜੋ ਸਾਢੇ ਸੱਤ ਸੌ ਮੁਰੱਬਾ ਬਣਦੀ ਸੀ । ਅੱਜ ਵੀ ਫਰਦ ਵਿੱਚ ਦਰਜ ਹੈ ਕਿ ਇਸ ਜ਼ਮੀਨ ਦਾ ਮਾਲਕ, ਕਾਬਜ਼, ਕਾਸ਼ਤਕਾਰ ਹਜ਼ਰਤ ਬਾਬਾ ਨਾਨਕ ਅਲਹਿ ਸਲਾਮ । ਉਸ ਨੇ ਵਲੀ ਅੱਲਾ ਨਾਨਕ ਜੀ ਲਈ ਨਨਕਾਣਾ ਸਾਹਿਬ ਵਿੱਚ ਪਹਿਲਾ ਸਰੋਵਰ ਬਣਾਇਆ । ਉਸ ਨੇ ਤਲਵੰਡੀ ਦਾ ਨਾਂ ਵੀ ਆਪਣੇ ਪਾਤਸ਼ਾਹ ਜੀ ਦੇ ਨਾਂ ’ਤੇ ਨਨਕਾਣਾ ਸਾਹਿਬ ਰੱਖਿਆ ਸੀ । ਉਹ ਹਮੇਸ਼ਾ ਸਰੂਰ ਵਿੱਚ ਆ ਕੇ ਕਿਹਾ ਕਰਦੇ ਕਿ ਆਲਮ ਵਿੱਚ ਸਾਡੇ ਜਿਹਾ ਖੁਸ਼ਨਸੀਬ ਕੌਣ ਹੈ, ਜਿਨ੍ਹਾਂ ਨੇ ਬੈਠੇ-ਬਿਠਾਏ ਇਲਾਹੀ ਨੂਰ ਨਾਲ ਝੋਲੀ ਭਰ ਲਈ । 40 ਵਰ੍ਹਿਆਂ ਦੀ ਉਮਰ ਤਕ ਵੀ ਰਾਇ ਜੀ ਸੰਤਾਨਹੀਣ ਸਨ । ਉਨ੍ਹਾਂ ਨੇ 15 ਵਰ੍ਹਿਆਂ ਦੇ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਵਿੱਚ ਡਿਗ ਕੇ ਮੁਰਾਦ ਮੰਗੀ, ਜੋ ਪੂਰੀ ਹੋਈ । ਆਪਣੇ ਪੁੱਤਰ ਦੇ ਜਨਮ ’ਤੇ ਰਾਇ ਜੀ ਨੇ 18750 ਏਕੜ ਰਕਬੇ ਦੀ ਮਲਕੀਅਤ ਬਾਬਾ ਜੀ ਦੇ ਨਾਮ ਕਰ ਦਿੱਤੀ। ਰਾਇ ਜੀ ਸਦਾ ਹੀ ਗੁਰੂ ਸਾਹਿਬ ਜੀ ਦੇ ਦੀਦਾਰ ਦੀ ਅਰਜ਼ ਗੁਜ਼ਾਰਦੇ ਰਹੇ । ਬਿਰਧ



ਹੋਏ ਰਾਇ ਜੀ ਨੂੰ ਸਾਹਿਬ ਦਰਸ਼ਨ ਦੇਣ ਆਏ ਤਾਂ ਰਾਇ ਜੀ ਬੋਲੇ ਕਿ ਮੈਨੂੰ ਬਖ਼ਸ਼ੋ ਤੇ ਰੱਬ ਤੋਂ ਬਖ਼ਸ਼ਾਓ । ਮਹਾਰਾਜ ਜੀ ਨੇ ਕਿਹਾ ਕਿ ਤੁਸੀਂ ਧੁਰੋਂ ਹੀ ਬਖ਼ਸ਼ੇ ਹੋਏ ਹੋ । ਰਾਇ ਜੀ ਉਮਰ ਭਰ ਆਪਣੇ ਪਿਆਰੇ ਦੇ ਸਿਮਰਨ ਵਿੱਚ ਰਹੇ । ਰਾਇ ਜੀ ਦੀ ਖਿੱਚ ਕਾਰਨ ਮਹਾਰਾਜ ਜੀ ਸਿੱਧੇ ਉਨ੍ਹਾਂ ਕੋਲ ਪਹੁੰਚੇ। ਸੰਨ 1515 ਈ: ਵਿੱਚ ਆਪਣੇ ਹੱਥੀਂ ਆਪਣੇ ਪਿਆਰੇ ਨੂੰ ਅਣਡਿੱਠ ਦੇਸ਼ ਵੱਲ ਰੁਖ਼ਸਤ ਕੀਤਾ । ਭੱਟੀਆਂ ਦੇ ਇਸ ਸਰਦਾਰ ਦੀ ਪੇਂਟਿੰਗ ਸ੍ਰੀ ਦਰਬਾਰ ਸਾਹਿਬ ਦੇ ਸਿੱਖ ਅਜਾਇਬ ਘਰ ਵਿੱਚ ਸੁਸ਼ੋਭਿਤ ਹੈ । ਉਨ੍ਹਾਂ ਦੇ ਮਕਬਰੇ ਦੀ ਸੇਵਾ-ਸੰਭਾਲ ਵੀ ਸਿੱਖ ਪਰਿਵਾਰ ਹੀ ਕਰ ਰਹੇ ਹਨ। ਇਹ ਇਕ ਸੱਚੀ ਸੁੱਚੀ ਮੁਹੱਬਤ ਨੂੰ ਸੱਚੀ ਸ਼ਰਧਾਂਜਲੀ ਹੈ ।

(ਰੋਜ਼ਾਨਾ ਅਜੀਤ 4-12-18 ’ਚੋਂ ਧੰਨਵਾਦ ਸਹਿਤ !)

# ਮੁਹੱਬਤ ਦੇ ਰਾਹਾਂ ਦਾ ਪਾਂਧੀ ਭਾਈ ਮਰਦਾਨਾ

**ਅਵਤਾਰ ਸਿੰਘ ਆਨੰਦ**

ਗੁਰੂ ਨਾਨਕ ਦੇਵ ਦੇ ਨਾਲ ਜੇਕਰ ਕਿਸੇ ਨੇ ਸਭ ਤੋਂ ਲੰਬਾ ਸਮਾਂ ਬਿਤਾਇਆ, ਤਾਂ ਉਹ ਸੀ ਭਾਈ ਮਰਦਾਨਾ । ਗੁਰੂ ਨਾਨਕ ਦੇਵ ਦੇ ਨਾਲ ਹਰ ਘੜੀ ਦੁੱਖ ਸੁੱਖ ਵਿੱਚ ਸਾਥੀ ਰਹੇ ਭਾਈ ਮਰਦਾਨਾ ਨੂੰ ਉਨ੍ਹਾਂ ਦੇ ਸਮਰਪਣ ਭਾਵਨਾ ਕਰਕੇ ਯਾਦ ਕੀਤਾ ਜਾਂਦਾ ਹੈ। ਭਾਈ ਮਰਦਾਨੇ ਦਾ ਜਨਮ ਰਾਇ ਭੋਇ ਦੀ ਤਲਵੰਡੀ ਵਿੱਚ 1459 ਵਿੱਚ ਪਿਤਾ ਬਾਦਰਾ ਤੇ ਮਾਤਾ ਲੱਖੋ ਦੇ ਘਰ ਹੋਇਆ । ਭਾਈ ਮਰਦਾਨੇ ਦੇ ਪਹਿਲੇ ਸਾਰੇ ਭੈਣ ਭਰਾ ਗੁਜ਼ਰ ਗਏ ਸਨ । ਜਦੋਂ ਮਰਦਾਨਾ ਪੈਦਾ ਹੋਇਆ ਤਾਂ ਉਸ ਦੀ ਮਾਂ ਨੇ ਬੜੀ ਨਿਰਾਸ਼ਤਾ ਵਿੱਚ ਉਸ ਨੂੰ 'ਮਰ ਜਾਣਾ' ਭਾਵ ਮਰ ਜਾਣ ਵਾਲਾ ਨਾਂ ਨਾਲ ਬੁਲਾਇਆ । ਮਰਦਾਨੇ ਦਾ ਪਹਿਲਾ ਨਾਂ ਦਾਨਾ ਸੀ ।

ਉਨ੍ਹਾਂ ਨੇ 47 ਸਾਲ ਗੁਰੂ ਨਾਨਕ ਦਾ ਸਾਥ ਦਿੱਤਾ । ਭਾਈ ਮਰਦਾਨੇ ਲਈ ਪਹਾੜੀਆਂ ਦੀ ਸਰਦੀ, ਰੇਗਿਸਤਾਨਾਂ ਦੀ ਗਰਮੀ, ਜੰਗਲਾਂ ਵਿੱਚ ਜਾਨਵਰਾਂ ਦਾ ਡਰ, ਉਜਾੜ ਅਤੇ ਵੀਰਾਨੇ ਵਿੱਚ ਭੁੱਖ ਪਿਆਸ ਜਾਂ ਘਰ ਦਾ ਮੋਹ, ਗੁਰੂ ਦਾ ਸਾਥ ਦੇਣ ਵਿੱਚ ਔਕੜ ਨਾ ਬਣੇ । ਗੁਰੂ ਨੇ ਉਸ ਵਿੱਚੋਂ ਪੰਜ ਵਿਕਾਰ—ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਕੱਢ ਕੇ ਪੰਜ ਗੁਣ—ਸਤ, ਸੰਤੋਖ, ਸਬਰ, ਦਇਆ ਅਤੇ ਧਰਮ ਉਸ ਵਿੱਚ ਭਰ ਦਿੱਤੇ ।

ਭਾਈ ਮਰਦਾਨਾ ਗੁਰੂ ਜੀ ਨਾਲੋਂ ਉਮਰ ਵਿੱਚ ਨੌਂ ਸਾਲ ਵੱਡੇ ਸਨ। ਭਾਈ ਮਰਦਾਨੇ ਵਿੱਚ ਆਪਣੇ ਖ਼ਾਨਦਾਨ ਦੀਆਂ ਸਾਰੀਆਂ ਚੰਗਿਆਈਆਂ ਹੋਣ ਤੋਂ ਇਲਾਵਾ, ਰਬਾਬ ਵਜਾਉਣ ਦਾ ਖ਼ਾਸ ਗੁਣ ਸੀ, ਜਿਸ ਨਾਲ ਉਨ੍ਹਾਂ ਨੇ ਗੁਰੂ ਜੀ ਦੀ ਰਚੀ ਬਾਣੀ ਗਾਇਨ ਕੀਤੀ ।

ਇਕ ਦਿਨ ਮਰਦਾਨਾ ਸੁਭਾਵਿਕ ਹੀ ਬਾਬਾ ਨਾਨਕ ਦੇ ਦਰ ਅੱਗੇ ਆ ਕੇ ਰਬਾਬ ਵਜਾਉਣ ਲੱਗਾ । ਉਹ ਰਬਾਬ ਵਜਾ ਰਿਹਾ ਸੀ ਤੇ ਨਾਲ-ਨਾਲ ਗਾ ਰਿਹਾ ਸੀ। ਮਰਦਾਨੇ ਦਾ ਰਾਗ, ਉਸ ਦੀ ਸੁਰੀਲੀ ਆਵਾਜ਼ ਤੇ ਸਾਧੇ ਹੋਏ ਹੱਥਾਂ ਵਿਚਲੀ ਰਬਾਬ ਦੀ ਰਵਾਨਗੀ ਬਾਬੇ ਨਾਨਕ ਨੂੰ ਭਾਅ ਗਈ ਤੇ ਇੱਥੋਂ ਹੀ ਦੋਸਤੀ ਦਾ ਮੁੱਢ ਬੱਝਾ । ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ ਕਿ ਇਹ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਸੰਸਾਰ ਪ੍ਰਸਿੱਧ ਗਾਇਕ ਤਾਨਸੇਨ ਦੇ ਗੁਰੂ ਹਰਿਦਾਸ, ਮਰਦਾਨਾ ਜੀ ਦੇ ਹੀ ਸ਼ਗਿਰਦ ਸਨ । ਭਾਈ ਗੁਰਦਾਸ ਜੀ



ਨੇ ਵੀ ਉਚਾਰਿਆ :

**'ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ ।'**

(ਵਾਰ ੧੧ਵੀਂ, ਪਉੜੀ ੧੩ਵੀਂ)

ਭਾਵ ਕਿ ਮਜਲਸ ਵਿੱਚ ਕੋਈ ਭਾਈ ਮਰਦਾਨਾ ਵਰਗਾ ਰਬਾਬ ਨਹੀਂ ਸੀ ਵਜਾ ਸਕਦਾ । ਇਕ ਥਾਂ ਹੋਰ ਭਾਈ ਗੁਰਦਾਸ ਜੀ ਨੇ ਉਚਾਰਿਆ :

**'ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ ।'**

(ਵਾਰ ਪਹਿਲੀ, ਪਉੜੀ ੩੫ਵੀਂ)

ਇਹ ਉਸ ਵੇਲੇ ਦਾ ਜ਼ਿਕਰ ਹੈ ਜਦ ਗੁਰੂ ਨਾਨਕ ਦੇਵ ਜੀ ਨੇ ਬਗ਼ਦਾਦ ਜਾ ਕੇ ਬਾਹਰ ਡੇਰਾ ਲਾਇਆ ਸੀ । ਇਕ ਬਾਬਾ ਅਕਾਲ ਦਾ ਰੂਪ ਤੇ ਦੂਜਾ ਰਬਾਬੀ ਮਰਦਾਨਾ ਉਨ੍ਹਾਂ ਦੇ ਨਾਲ ਸੀ । ਗੁਰੂ ਨਾਨਕ ਦੇਵ ਕੀਰਤਨ ਦੀ ਮਹੱਤਤਾ ਤਲਵੰਡੀ ਵਿੱਚ ਹੀ ਦ੍ਰਿੜ੍ਹਾਉਣ ਲੱਗ ਪਏ ਸਨ । ਭਾਈ ਮਰਦਾਨਾ ਗੁਰੂ ਨਾਨਕ ਦੇਵ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਆਪਣੇ ਮੁਸਲਮਾਨੀ ਦੀਨ ਅਨੁਸਾਰ ਆਪਣੇ ਨਿੱਤਨੇਮ ਦੇ ਪੱਕੇ ਧਾਰਨੀ ਸਨ—ਪੰਜ ਵਕਤ ਦੀ ਨਮਾਜ਼ ਕਰਨੀ ਤੇ ਰੋਜ਼ੇ ਰੱਖਣੇ; ਪਰ ਜਦੋਂ ਗੁਰੂ ਨਾਨਕ ਦੇਵ ਦੇ ਸੰਪਰਕ ਵਿੱਚ ਆਏ ਤਾਂ ਉਨ੍ਹਾਂ ਨੇ ਤਿੰਨ ਗੱਲਾਂ ਭਾਈ ਮਰਦਾਨਾ ਨੂੰ ਦ੍ਰਿੜ੍ਹ ਕਰਵਾਈਆਂ—ਪਿਛਲੀ ਰਾਤੀਂ ਵਾਹਿਗੁਰੂ ਦਾ ਜਾਪ ਕਰਨਾ, ਕੇਸ ਨਹੀਂ ਕਟਵਾਉਣੇ ਤੇ ਆਏ-ਗਏ ਗ਼ਰੀਬ ਲੋੜਵੰਦ ਦੀ ਮਦਦ ਕਰਨੀ । ਇਨ੍ਹਾਂ ਗੱਲਾਂ ਨੂੰ ਭਾਈ ਮਰਦਾਨੇ ਨੇ ਆਪਣੇ ਲੜ ਬੰਨ੍ਹ ਲਿਆ । ਲਗਪਗ 47 ਸਾਲ ਤਕ ਉਨ੍ਹਾਂ ਨੇ ਗੁਰੂ ਜੀ ਦੀ ਸੰਗਤ ਕੀਤੀ । ਗੁਰੂ ਨਾਨਕ ਦੇਵ ਜੀ ਬਾਣੀ ਉਚਾਰਦੇ ਤੇ ਮਰਦਾਨਾ ਜੀ ਉਸ ਬਾਣੀ ਨੂੰ ਰਾਗਬੱਧ ਕਰ ਕੇ ਗਾਉਂਦੇ ।

ਇਕ ਦਿਨ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਨੂੰ ਕਿਹਾ 'ਬ੍ਰਾਹਮਣ ਦੀ ਮ੍ਰਿਤਕ ਦੇਹ ਨੂੰ ਜਲ ਪ੍ਰਵਾਹ ਕੀਤਾ ਜਾਂਦਾ ਹੈ, ਖੱਤਰੀ ਦੀ ਨੂੰ ਜਲਾਇਆ ਜਾਂਦਾ ਹੈ, ਵੈਸ਼ ਨੂੰ ਖੁੱਲ੍ਹਾ ਸੁੱਟ ਦਿੱਤਾ ਜਾਂਦਾ ਹੈ, ਸ਼ੂਦਰਾਂ ਦੀ ਮ੍ਰਿਤਕ ਦੇਹ ਨੂੰ ਦੱਬ ਦਿੱਤਾ ਜਾਂਦਾ ਹੈ। ਹੁਣ ਤੂੰ ਦੱਸ, ਤੇਰੀ ਮ੍ਰਿਤਕ ਦੇਹ ਨੂੰ ਕਿਹੜੀ ਰੀਤੀ ਨਾਲ ਸਸਕਾਰਿਆ ਜਾਏ ।' ਗੁਰਬਾਣੀ ਵਿੱਚ ਗੁਰੂ ਨਾਨਕ ਸਾਹਿਬ ਨੇ ਫ਼ਰਮਾਇਆ :

**ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥**
**ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥**
**ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥**

(ਗੁਰੂ ਗ੍ਰੰਥ ਸਾਹਿਬ, ਅੰਗ ੬੪੮)

ਗੁਰੂ ਸਾਹਿਬ ਨੇ ਭਾਈ ਮਰਦਾਨਾ ਨੂੰ ਫਿਰ ਕਿਹਾ, 'ਜੇ ਤੂੰ ਕਹੇਂ ਤਾਂ ਤੇਰੀ ਦੇਹ ਨੂੰ ਧਰਤੀ ਵਿੱਚ ਦੱਬ ਕੇ ਇੱਟਾਂ ਦੀ ਮੱਟੀ ਬਣਾ ਦੇਈਏ ?' ਭਾਈ ਮਰਦਾਨਾ ਨੇ ਕਿਹਾ 'ਗੁਰੂ ਜੀ, ਮੈਨੂੰ ਮਾਸ ਦੀ ਮੱਟੀ ਵਿੱਚੋਂ ਕੱਢ ਕੇ ਕਿਉਂ ਇੱਟਾਂ ਦੀ ਮਟੀ ਵਿੱਚ ਕੈਦ ਕਰਦੇ ਹੋ ?' ਗੁਰੂ ਜੀ ਨੇ ਕਿਹਾ, 'ਭਾਈ ਜੀ, ਤੁਸੀਂ ਅਸਲ ਬ੍ਰਹਮ ਨੂੰ ਪਛਾਣ ਲਿਆ ਹੈ ।' ਭਾਈ ਮਰਦਾਨਾ ਨੇ ਕਿਹਾ, ਤੁਸੀਂ ਬ੍ਰਹਮ ਨੂੰ ਪਛਾਣਿਆ ਹੈ, ਮੈਂ ਤਾਂ ਤੁਹਾਨੂੰ ਪਛਾਣਿਆ ਹੈ । ਹੁਣ ਆਪ ਵਿੱਚ ਅਤੇ ਮੇਰੇ ਵਿੱਚ ਬਹੁਤਾ ਫ਼ਰਕ ਨਹੀਂ ।' ਗੁਰੂ ਨਾਨਕ ਸਾਹਿਬ ਨੇ ਕਿਹਾ, 'ਇਸ ਵਾਕ ਵਿੱਚੋਂ 'ਬਹੁਤਾ' ਸ਼ਬਦ ਹਟਾ ਦੇਵੋ ।' ਭਾਈ ਮਰਦਾਨਾ ਨੇ ਕਿਹਾ, 'ਜੋ ਤੁਹਾਡੇ ਚਿੱਤ ਆਇਆ ਤੁਸੀਂ ਆਖ ਦਿੱਤਾ । ਜੋ ਮੇਰੇ ਚਿੱਤ ਆਇਆ ਮੈਂ ਆਖ ਦਿੱਤਾ ।'

ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਵਾਰ ਬਿਹਾਗੜਾ ਵਿੱਚ ਭਾਈ ਮਰਦਾਨਾ ਦੇ ਤਿੰਨ ਸਲੋਕਾਂ ਬਾਰੇ ਵੇਰਵਾ ਦਿੱਤਾ ਹੈ । ਭਾਈ ਮਰਦਾਨਾ ਦੇ ਦੋ ਪੁੱਤਰਾਂ ਰਜਾਦਾ ਤੇ ਸਜਾਦਾ ਦਾ ਇਤਿਹਾਸ ਵਿੱਚ ਨਾਂ ਆਉਂਦਾ ਹੈ । ਸਜਾਦਾ ਤਲਵੰਡੀ ਵਿੱਚ ਹੀ ਰਹੇ ਤੇ ਰਜਾਦਾ ਕਰਤਾਰਪੁਰ ਆ ਕੇ ਵੱਸ ਗਏ । ਪ੍ਰਿੰ: ਸਤਿਬੀਰ ਸਿੰਘ ਲਿਖਦੇ ਹਨ ਕਿ ਭਾਈ ਮਰਦਾਨਾ ਦਾ ਦੇਹਾਂਤ 28 ਨਵੰਬਰ 1534 ਨੂੰ ਕਰਤਾਰਪੁਰ ਵਿੱਚ ਹੋਇਆ । ਗੁਰੂ ਨਾਨਕ ਸਾਹਿਬ ਨੇ ਆਪਣੇ ਹੱਥੀਂ ਉਨ੍ਹਾਂ ਦਾ ਸਸਕਾਰ ਕੀਤਾ ।

ਸੰਪਰਕ : 98551-20287

(ਪੰ: ਟ੍ਰਿ: 28-11-2018 'ਚੋਂ ਧੰਨਵਾਦ ਸਹਿਤ !)



# ਭਾਈ ਹਿੰਮਤ ਸਿੰਘ ਦੀ ਜਨਮ ਭੂਮੀ

**ਗੁਰਮੇਲ ਸਿੰਘ ਸੰਗਤਪੁਰਾ**

ਜ਼ਿਲ੍ਹਾ ਸੰਗਰੂਰ ਦੇ ਪਿੰਡ ਸੰਗਤਪੁਰਾ ਨੂੰ ਪੰਜ ਪਿਆਰਿਆਂ ਵਿੱਚ ਸ਼ਹੀਦ ਹੋਣ ਵਾਲੇ ਤੀਜੇ ਪਿਆਰੇ ਭਾਈ ਹਿੰਮਤ ਸਿੰਘ ਜੀ ਦੀ ਜਨਮ ਭੂਮੀ ਹੋਣ ਦਾ ਮਾਣ ਪ੍ਰਾਪਤ ਹੈ । ਭਾਈ ਹਿੰਮਤ ਸਿੰਘ ਦਾ ਜਨਮ ੩੫੬ ਸਾਲ ਪਹਿਲਾਂ ਪਿੰਡ ਸੰਗਤਪੁਰਾ (ਜ਼ਿਲ੍ਹਾ ਸੰਗਰੂਰ) ਵਿੱਚ ਪਿਤਾ ਜੋਤੀ ਰਾਮ (ਝਿਊਰ) ਤੇ ਮਾਤਾ ਰਾਮੋ ਦੇ ਘਰ 5 ਮਾਘ 1718 ਸੰਮਤ ਨੂੰ ਹੋਇਆ ।

ਭਾਈ ਹਿੰਮਤ ਸਿੰਘ ਦੇ ਬਚਪਨ ਦਾ ਨਾਮ ਹਿੰਮਤ ਰਾਏ ਸੀ । ਉਨ੍ਹਾਂ ਨੇ ਆਪਣੇ ਬਚਪਨ ਦੇ ਦਿਨ ਪਿੰਡ ਸੰਗਤਪੁਰਾ (ਲਹਿਰਾਗਾਗਾ) ਵਿੱਚ ਗੁਜ਼ਾਰੇ । 1675 ਈਸਵੀ ਵਿੱਚ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਉਹ ਇੰਨਾ ਪ੍ਰਭਾਵਿਤ ਹੋਏ ਕਿ ਜ਼ੁਲਮ ਖ਼ਿਲਾਫ਼ ਲੜਨ ਲਈ ਉਹ ਪਿੰਡ ਸੰਗਤਪੁਰਾ ਛੱਡ ਕੇ ਚਲੇ ਗਏ ਅਤੇ ਫਿਰ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ ।

ਔਰੰਗਜ਼ੇਬ ਦੇ ਜ਼ਬਰ ਦਾ ਮੁਕਾਬਲਾ ਕਰਨ ਲਈ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਿਸਾਖ 1756 (ਅਪ੍ਰੈਲ 13, 1699) ਨੂੰ ਖ਼ਾਲਸੇ ਦੀ ਸਿਰਜਣਾ ਕਰਨ ਲਈ ਆਨੰਦਪੁਰ ਸਾਹਿਬ ਦੀ ਧਰਤੀ ਉੱਪਰ ਸੰਗਤਾਂ ਦਾ ਇਕੱਠ ਕੀਤਾ ਤਾਂ ਭਾਈ ਹਿੰਮਤ ਰਾਏ ਵੀ ਇਸ ਸਮਾਗਮ ਵਿੱਚ ਸ਼ਾਮਲ ਹੋਏ । ਇਸ ਮੌਕੇ ਗੁਰੂ ਜੀ ਨੇ ਸਿੱਖ ਸੰਗਤਾਂ ਤੋਂ ਪੰਜ ਸਿਰਾਂ ਦੀ ਮੰਗ ਕੀਤੀ ।

ਗੁਰੂ ਜੀ ਦੀ ਇਹ ਮੰਗ ਸੁਣ ਕੇ ਸਾਰੀ ਸੰਗਤ ਹੱਕੀ ਬੱਕੀ ਰਹਿ ਗਈ । ਕੋਈ ਵੀ ਗੁਰੂ ਜੀ ਨੂੰ ਆਪਣਾ ਸਿਰ ਭੇਂਟ ਕਰਨ ਲਈ ਤਿਆਰ ਨਹੀਂ ਸੀ । ਪਰ ਸੰਗਤਾਂ ਦੇ ਇਕੱਠ ਵਿੱਚੋਂ ਪੰਜ ਸਿੱਖ ਗੁਰੂ ਜੀ ਨੂੰ ਆਪਣਾ ਸਿਰ ਭੇਂਟ ਕਰਨ ਲਈ ਅੱਗੇ ਆਏ। ਭਾਈ ਹਿੰਮਤ ਰਾਏ ਉਨ੍ਹਾਂ ਪੰਜ ਸਿੱਖਾਂ ਵਿੱਚੋਂ ਇੱਕ ਸਨ । ਇਨ੍ਹਾਂ ਪੰਜ ਸਿੱਖਾਂ ਨੂੰ ਗੁਰੂ ਜੀ ਨੇ ਆਪਣੇ ਹੱਥੀਂ ਅੰਮ੍ਰਿਤ ਛਕਾ ਕੇ ਪੰਜ ਪਿਆਰਿਆਂ ਦਾ ਨਾਮ ਦਿੱਤਾ । ਖੰਡੇ ਬਾਟੇ ਦੀ ਪਾਹੁਲ ਪੀ ਕੇ ਭਾਈ ਸਾਹਿਬ ਹਿੰਮਤ ਰਾਏ ਤੋਂ ਹਿੰਮਤ ਸਿੰਘ ਬਣ ਗਏ ਅਤੇ ਪੰਜ ਪਿਆਰਿਆਂ ਦੀ ਫੌਜ ਵਿੱਚ ਸ਼ਾਮਲ ਹੋ ਗਏ ।

ਗੁਰੂ ਗੋਬਿੰਦ ਸਿੰਘ ਜੀ ਨਾਲ ਜ਼ੁਲਮ ਖ਼ਿਲਾਫ਼ ਲੜਦੇ ਹੋਏ ਭਾਈ ਹਿੰਮਤ ਸਿੰਘ 8 ਪੋਹ, 1761 ਨੂੰ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋ ਗਏ ।

ਭਾਈ ਹਿੰਮਤ ਸਿੰਘ ਦਾ ਜਨਮ ਦਿਵਸ 5 ਮਾਘ ਅਤੇ ਸ਼ਹੀਦੀ

ਦਿਵਸ 8 ਪੋਹ ਨੂੰ ਉਨ੍ਹਾਂ ਦੇ ਜੱਦੀ ਪਿੰਡ ਸੰਗਤਪੁਰਾ ਵਿੱਚ ਮਨਾਇਆ ਜਾਂਦਾ ਹੈ । ਪਿੰਡ ਦੇ ਗੁਰਦੁਆਰੇ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰਕਾਸ਼ ਕਰਵਾ ਕੇ 7 ਮਾਘ ਅਤੇ 10 ਪੋਹ ਨੂੰ ਭੋਗ ਪਾਏ ਜਾਂਦੇ ਹਨ। ਪੰਥ ਰਤਨ ਮਰਹੂਮ ਗੁਰਚਰਨ ਸਿੰਘ ਟੌਹੜਾ 21 ਜਨਵਰੀ 1980 ਨੂੰ ਜਦੋਂ ਪਿੰਡ ਸੰਗਤਪੁਰਾ ਵਿਖੇ ਭਾਈ ਹਿੰਮਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਸਮਾਗਮ ਵਿੱਚ ਪੁੱਜੇ ਸਨ ਤਾਂ ਉਨ੍ਹਾਂ ਨੇ ਭਾਈ ਹਿੰਮਤ ਸਿੰਘ ਦੀ ਯਾਦ ਵਿੱਚ ਬਣੇ ਗੁਰਦੁਆਰੇ ਲਈ ਦਸ ਹਜ਼ਾਰ ਰੁਪਏ ਦੀ ਗਰਾਂਟ ਜਾਰੀ ਕਰ ਕੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਪਿੰਡ ਵਾਸੀਆਂ ਦੇ ਉਪਰਾਲੇ ਅਤੇ ਸਹਿਯੋਗ ਨਾਲ ਪ੍ਰਕਿਰਿਆ ਪੂਰੀ ਕਰ ਕੇ ਪਿੰਡ ਸੰਗਤਪੁਰਾ ਦਾ ਨਾਮ ਇਤਿਹਾਸਿਕ ਪਿੰਡਾਂ ਦੀ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਵੇਗਾ ।

2004 ਵਿੱਚ ਅਗਲੀ ਫੇਰੀ ਦੌਰਾਨ ਸ੍ਰੀ ਟੌਹੜਾ ਨੇ ਗੁਰਦੁਆਰੇ ਦੀ ਇਮਾਰਤ ਲਈ 11 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਵੀ ਦਿੱਤੀ ਸੀ । ਪਰ ਅਜੇ ਤਕ ਇਸ ਪ੍ਰਕਿਰਿਆ ਨੂੰ ਅਮਲ ਵਿੱਚ ਨਹੀਂ ਲਿਆਂਦਾ ਗਿਆ। ਅਫ਼ਸੋਸ ਹੈ ਕਿ ਪਿੰਡ ਸੰਗਤਪੁਰਾ ਇਤਿਹਾਸਿਕ ਹੋ ਕੇ ਵੀ ਇਤਿਹਾਸਿਕ ਪਿੰਡਾਂ ਦੀ ਸੂਚੀ ਵਿੱਚ ਸ਼ਾਮਲ ਨਹੀਂ ਹੈ ।

ਸੰਪਰਕ : 98769-30023

(ਪੰ: ਟ੍ਰਿ: 17-01-2018 ’ਚੋਂ ਧੰਨਵਾਦ ਸਹਿਤ !)



# ਇੱਕ ਸੀ ਦੀਵਾਨ ਆਨੰਦ ਕੁਮਾਰ

**ਡਾ. ਕੁਲਦੀਪ ਸਿੰਘ ਧੀਰ***

**ਬੜੀ ਨਾਯਾਬ ਸ਼ਖ਼ਸੀਅਤ ਸੀ ਦੀਵਾਨ ਆਨੰਦ ਕੁਮਾਰ । ਜਗੀਰਦਾਰ ਰਾਜਾ ਨਰਿੰਦਰ ਨਾਥ ਦੇ ਫ਼ਰਜ਼ੰਦ, ਪਰ ਖ਼ੁਦ ਸ਼ਾਹਾਨਾ ਠਾਠ-ਬਾਠ ਤੋਂ ਬਿਲਕੁਲ ਨਿਰਲੇਪ । ਲਿਆਕਤ ਦੇ ਮੁਜੱਸਮੇ ਅਤੇ ਅਣਥੱਕ ਵਿਦਿਆਦਾਨੀ । ਇਸ ਹਸਤੀ ਬਾਰੇ ਅਹਿਮ ਜਾਣਕਾਰੀ ਸਾਂਝੀ ਕਰਦੀ ਹੈ ਇਹ ਰਚਨਾ ।**

ਦੀਵਾਨ ਆਨੰਦ ਕੁਮਾਰ ਬਾਰੇ ਪਹਿਲੀ ਵਾਰ ਮੈਂ ਥਾਪਰ ਇੰਜੀਨੀਅਰਿੰਗ ਕਾਲਜ ਵਿੱਚ ਪੜ੍ਹਦੇ ਹੋਏ ਸੁਣਿਆ । ਕਾਲਜ ਦੇ ਜਮਾਤੀ, ਪ੍ਰੋਫ਼ੈਸਰ ਤੇ ਕਰਮਚਾਰੀ ਦੀਵਾਨ ਸਾਹਿਬ ਦੀ ਦਰਵੇਸ਼ੀ ਵਾਲੀ ਸ਼ਾਹਾਨਾ ਸ਼ਖ਼ਸੀਅਤ ਅਤੇ ਕਾਲਜ ਦੇ ਨਾਂ ਥਾਂ ਪਿੱਛੇ ਉਨ੍ਹਾਂ ਦੀ ਦੂਰ-ਦਿਸ਼ਟੀ ਦੀਆਂ ਗੱਲਾਂ ਕਰਦੇ । ਉਹ ਕਾਲਜ ਦੀ ਮੈਨੇਜਿੰਗ ਕਮੇਟੀ ਦੇ ਚੇਅਰਮੈਨ ਸਨ । ਉਦੋਂ ਸਾਰੇ ਪੰਜਾਬ ਵਿੱਚ ਦੋ ਹੀ ਇੰਜੀਨੀਅਰਿੰਗ ਕਾਲਜ ਸਨ । ਇੱਕ ਪਟਿਆਲੇ ਦਾ ਥਾਪਰ ਅਤੇ ਦੂਜਾ ਲੁਧਿਆਣੇ ਦਾ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ । ਦੋਵਾਂ ਨੂੰ ਬਣਾਉਣ ਤੇ ਚਲਾਉਣ ਪਿੱਛੇ ਦੀਵਾਨ ਸਾਹਿਬ ਸਨ । ਗੱਲਾਂ ਕਰਨ ਵਾਲੇ ਦੱਸਦੇ ਹਨ ਕਿ ਉਨ੍ਹਾਂ ਨੇ ਹੀ ਕਰਨਾਲ ਦਾ ਨੈਸ਼ਨਲ ਡੇਅਰੀ ਰਿਸਰਚ ਇੰਸਟੀਚਿਊਟ ਬਣਵਾਇਆ । ਦਿਆਲ ਸਿੰਘ ਕਾਲਜ ਦਿੱਲੀ, ਦਿਆਲ ਸਿੰਘ ਪਬਲਿਕ ਲਾਇਬਰੇਰੀ, ਦਿਆਲ ਸਿੰਘ ਕਾਲਜ ਕਰਨਾਲ ਅਤੇ ਐਫ.ਸੀ. ਕਾਲਜ ਫਾਰ ਵਿਮੈਨ ਹਿਸਾਰ, ਉਨ੍ਹਾਂ ਬਣਾਏ ਚਲਾਏ ਹਨ। ਉਹ ਥਾਪਰ ਗਰੁੱਪ ਦੀਆਂ ਕਈ ਮਿੱਲਾਂ/ਉਦਯੋਗਿਕ ਸੰਸਥਾਵਾਂ ਦੇ ਡਾਇਰੈਕਟਰ ਸਨ, ਕਈਆਂ ਦੇ ਚੇਅਰਮੈਨ ।

ਦੱਸਣ ਵਾਲੇ ਕਹਿੰਦੇ ਕਿ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਵਾਈਸ-ਚਾਂਸਲਰ ਵੀ ਰਹੇ ਹਨ । ਸ਼ਾਹੀ ਵਾਈਸ-ਚਾਂਸਲਰ । ਦਿਨ ਰਾਤ ਦੇ ਵਾਈਸ-ਚਾਂਸਲਰ । ਨਾਈ ਸ਼ੇਵ ਕਰ ਰਿਹਾ ਹੁੰਦਾ ਅਤੇ ਦਫ਼ਤਰੀ ਮੁਲਾਜ਼ਮ ਫ਼ਾਈਲਾਂ ਦੇ ਢੇਰ ਫਰੋਲ ਰਹੇ ਹੁੰਦੇ । ਡਿਕਟੇਸ਼ਨ ਲੈ ਰਹੇ ਹੁੰਦੇ । ਵਿਹੜੇ ਵਿੱਚ ਮੌਲਸਰੀ ਦੇ ਰੁੱਖ ਹੇਠ ਬੁਨੈਣ ਤੇ ਪਜਾਮਾ ਪਾਈ ਮੰਜੇ ਉੱਤੇ ਬੈਠੇ ਫਾਈਲਾਂ ਘੋਖਦੇ । ਅੱਗੇ ਪਿੱਛੇ ਕੁਰਸੀਆਂ ਲਾਈ ਬੈਠੇ ਪੀ.ਏ., ਅਸਿਸਟੈਂਟ ਰਜਿਸਟਰਾਰ, ਰਜਿਸਟਰਾਰ । ਸਾਰਾ ਦਿਨ ਮਿਲਣ ਵਾਲਿਆਂ ਦਾ ਤਾਂਤਾ—ਕੋਈ ਔਰਤ ਆਉਂਦੀ ਦੇਖਦੇ ਤਾਂ ਝੱਟ ਬੁਨੈਣ ਉੱਤੇ ਕਮੀਜ਼ ਪਾ ਲੈਂਦੇ—ਫਰਸ਼ ਉੱਤੇ ਚਟਾਈ ਵਿਛਾ ਕੇ ਦੁਪਹਿਰੇ ਲੇਟ ਲੈਂਦੇ । ਖੱਬੇ ਸੱਜੇ ਕਿਤਾਬਾਂ ਤੇ ਫ਼ਾਈਲਾਂ ।

ਹਰ ਔਖੇ ਮਸਲੇ, ਹਰ ਸੰਕਟ ਸਮੇਂ ਦੂਰੋਂ ਨੇੜਿਉਂ ਲੋਕ ਦੀਵਾਨ ਸਾਹਿਬ ਦੇ ਦਰਬਾਰ ਵਿੱਚ ਪਹੁੰਚਦੇ ਅਤੇ ਹਰ ਸੰਕਟ ਦਾ ਹੱਲ ਉਨ੍ਹਾਂ ਨੂੰ ਕੱਢਣਾ ਆਉਂਦਾ ਸੀ । ਲਾਲ ਦਗਦਗ ਕਰਦਾ ਚਿਹਰਾ । ਅਚਕਨ ਪਜਾਮਾ ਤੇ ਗੁਰਗਾਬੀ । ਗੱਲਬਾਤ ਵਿੱਚ ਉਰਦੂ ਸ਼ਿਅਰ ਹੀ ਨਹੀਂ ਬਹੁਤੀ ਗੱਲ ਵੀ ਉਰਦੂ ਵਿੱਚ ਕਰਦੇ । ਉਹ ਫ਼ਾਈਲਾਂ ਉੱਤੇ ਆਰਡਰ ਵੀ ਉਰਦੂ ਵਿੱਚ ਕਰਦੇ । ਸਾਨੂੰ ਲੱਗਦਾ ਕਿ ਦੀਵਾਨ ਸਾਹਿਬ ਮਾੜਾ ਮੋਟਾ ਪੜ੍ਹੇ ਹੋਏ ਵੱਡੇ ਜਾਗੀਰਦਾਰ ਹਨ। ਉਨ੍ਹਾਂ ਦੇ ਪਿਤਾ ਰਾਜਾ ਨਰਿੰਦਰ ਨਾਥ ਦੱਸੇ ਜਾਂਦੇ ਸਨ ਲਾਹੌਰ ਦੇ ਵੱਡੇ ਜਾਗੀਰਦਾਰ । ਪੰਡਿਤ ਨਹਿਰੂ ਨਾਲ ਅੰਗਲੀ-ਸੰਗਲੀ ਰਲਦੀ ਸੀ ਉਨ੍ਹਾਂ ਦੀ। ਕਹਿੰਦੇ ਦਸ ਹਜ਼ਾਰ ਏਕੜ ਜਾਗੀਰ ਹੈ ਉਨ੍ਹਾਂ ਦੀ । ਸਾਨੂੰ ਲੱਗਦਾ ਕਿ ਬੱਸ ਇਸੇ ਕਰਕੇ ਉਨ੍ਹਾਂ ਦੀ ਹਰ ਪਾਸੇ ਬੱਲੇ-ਬੱਲੇ ਹੈ। ਕਾਲਜ ਆਉਂਦੇ ਤਾਂ ਥਾਪਰ ਗਰੁੱਪ ਦਾ ਸਭ ਤੋਂ ਮੋਹਰੀ ਬੰਦਾ ਉਨ੍ਹਾਂ ਨਾਲ ਹੁੰਦਾ । ਕਾਲਜ ਦਾ ਪ੍ਰਿੰਸੀਪਲ, ਪ੍ਰਬੰਧਕੀ ਅਮਲਾ ਤੇ ਪ੍ਰੋਫ਼ੈਸਰ ਸਭ ਉਨ੍ਹਾਂ ਦੇ ਅੱਗੇ ਪਿੱਛੇ । ਮੁਸਕਰਾਹਟਾਂ ਵੰਡਦੇ ਉਹ ਕਾਲਜ ਦਾ ਗੇੜਾ ਮਾਰਦੇ ਕਦੇ-ਕਦਾਈਂ ਹੀ ਦਿਸੇ।

ਚਾਰ ਸਾਲ ਕਾਲਜ ਵਿੱਚ ਪੜ੍ਹ ਕੇ ਅਸੀਂ ਇੱਧਰ ਉੱਧਰ ਰੋਜ਼ੀ ਰੋਟੀ ਲਈ ਕੰਮਾਂ ਕਾਰਾਂ ਵਿੱਚ ਮਸਰੂਫ਼ ਹੋ ਗਏ । ਇਸ ਦੌਰਾਨ ਜਦੋਂ ਕਦੇ ਕਾਲਜ ਜਾਂਦੇ ਉੱਥੇ ਅਜੇ ਵੀ ਦੀਵਾਨ ਸਾਹਿਬ ਦੀਆਂ ਗੱਲਾਂ ਹੁੰਦੀਆਂ । ਮੈਂ ਹੈਰਾਨ ਹੁੰਦਾ ਕਿ ਕੀ ਮਾਜਰਾ ਹੈ । ਪੁੱਛਣ ਉੱਤੇ ਪਤਾ ਲੱਗਾ ਕਿ 1956 ਤੋਂ 1976 ਤਕ ਦੀਵਾਨ ਸਾਹਿਬ ਥਾਪਰ ਕਾਲਜ ਦੀ ਮੈਨੇਜਿੰਗ ਕਮੇਟੀ ਦੇ ਚੇਅਰਮੈਨ ਰਹੇ ਹਨ। 1976 ਪਿੱਛੋਂ ਵੀ ਉਨ੍ਹਾਂ ਬਾਰੇ ਗੱਲਾਂ ਗਾਹੇ-ਬਗਾਹੇ ਸੁਣੀਦੀਆਂ ਹੀ ਸੁਣੀਦੀਆਂ । 1980 ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਉਨ੍ਹਾਂ ਨੂੰ ਡੀ. ਐੱਸ. ਸੀ. ਦੀ ਆਨਰੇਰੀ ਡਿਗਰੀ ਦੇਣ ਦੀ ਖ਼ਬਰ ਮਿਲੀ ਅਤੇ 1981 ਵਿੱਚ ਉਨ੍ਹਾਂ ਦੇ ਅਕਾਲ ਚਲਾਣੇ ਦੀ । ਕਮਾਲ ਇਹ ਕਿ ਉਨ੍ਹਾਂ ਦੇ ਇਸ ਜਹਾਨ-ਏ-ਫ਼ਾਨੀ ਤੋਂ ਰੁਖ਼ਸਤ ਹੋਣ ਤੋਂ ਬਾਅਦ ਵੀ ਉਨ੍ਹਾਂ ਦੀਆਂ ਗੱਲਾਂ ਕਰਨ ਵਾਲੇ ਮਿਲ ਜਾਂਦੇ ਅਤੇ ਹਰ ਕੋਈ ਉਨ੍ਹਾਂ ਬਾਰੇ ਕੁਝ ਨਵਾਂ ਤੇ ਵੱਖਰਾ ਹੀ ਦੱਸਦਾ ।

ਇਸ ਸਿਲਸਿਲੇ ਵਿੱਚ ਸਭ ਤੋਂ ਤਾਜ਼ਾ ਗੱਲ ਇਸੇ ਵਰ੍ਹੇ ਭਾਵ ਜਨਵਰੀ 2018 ਦੀ ਹੈ । ਰੁਚੀ ਰਾਮ ਸਾਹਨੀ ਤੇ ਦਿਆਲ ਸਿੰਘ ਕਾਲਜ ਦਾ ਜ਼ਿਕਰ ਪੜ੍ਹ ਕੇ ਮੈਨੂੰ ਪੰਜਾਬੀ ਦੇ ਲੇਖਕ ਖੋਜੀ ਕਾਫ਼ਰ ਨੇ ਲੰਬਾ ਫ਼ੋਨ



ਕੀਤਾ। ਉਸ ਨੇ ਦੀਵਾਨ ਆਨੰਦ ਕੁਮਾਰ ਬਾਰੇ ਗੱਲਾਂ ਕਰਦੇ ਕਰਦੇ ਦੱਸਿਆ ਕਿ ਉਸ ਨੇ ਦੀਵਾਨ ਸਾਹਿਬ ਨਾਲ ਲਗਪਗ ਦਸ ਸਾਲ ਪੀ.ਏ. ਵਜੋਂ ਕੰਮ ਕੀਤਾ ਹੈ। ਮੈਂ ਉਸ ਨੂੰ ਕਿਹਾ ਕਿ ਜੇ ਕਿਤੇ ਸਮਾਂ ਕੱਢ ਕੇ ਆ ਸਕੋ ਤਾਂ ਮੈਂ ਤੇ ਮੇਰੇ ਮਿੱਤਰ ਤੁਹਾਡੇ ਤੋਂ ਖੁੱਲ੍ਹੇ ਸਮੇਂ ਵਿੱਚ ਦੀਵਾਨ ਸਾਹਿਬ ਦੀਆਂ ਗੱਲਾਂ ਸੁਣਨੀਆਂ ਚਾਹੁੰਦੇ ਹਾਂ । ਕੁਝ ਦਿਨ ਬਾਅਦ ਉਹ ਮੇਰੇ ਗ਼ਰੀਬਖ਼ਾਨੇ ਵਿੱਚ ਆ ਪਹੁੰਚੇ । ਮੈਂ ਆਪਣੇ ਇੱਕ ਜਮਾਤੀ ਡਾ. ਸੱਗੂ ਨੂੰ ਵੀ ਬੁਲਾ ਰੱਖਿਆ ਸੀ। ਮੈਂ, ਮੇਰੀ ਬੀਵੀ, ਡਾ. ਸੱਗੂ ਤੇ ਖੋਜੀ ਕਾਫ਼ਰ । ਸਵੇਰ ਤੋਂ ਬਾਅਦ ਦੁਪਹਿਰ ਤਕ ਘੰਟਿਆਂ-ਬੱਧੀ ਦੀਵਾਨ ਸਾਹਿਬ ਦੀਆਂ ਗੱਲਾਂ ਹੋਈਆਂ। ਇਸ ਬੈਠਕ ਨੇ ਦੀਵਾਨ ਸਾਹਿਬ ਬਾਰੇ ਮੇਰੀ ਜਗਿਆਸਾ ਹੋਰ ਵਧਾਈ ।

ਕਾਫ਼ਰ ਮੈਨੂੰ ਦੀਵਾਨ ਸਾਹਿਬ ਬਾਰੇ ਛਪੀ ਇੱਕ ਕਿਤਾਬ ਦੇ ਮੁੱਖ ਪੰਨਿਆਂ ਦੀ ਫੋਟੋ ਕਾਪੀ ਦੇ ਗਏ । ਕਿਤਾਬ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਲਾਇਬਰੇਰੀ ਦੀ ਸੀ ਤੇ ੧੯੯੪ ਵਿੱਚ ਦਿਆਲ ਸਿੰਘ ਕਾਲਜ, ਕਰਨਾਲ ਨੇ ਪ੍ਰਕਾਸ਼ਿਤ ਕੀਤੀ ਸੀ । ਪੰਜਾਬ ਯੂਨੀਵਰਸਿਟੀ ਤੋਂ ਤਾਂ ਨਾ ਮਿਲੀ, ਯਮੁਨਾਨਗਰ ਦੇ ਪ੍ਰਿੰਸੀਪਲ ਡਾ. ਰਾਮੇਸ਼ ਨੇ ਆਖ਼ਿਰ ਇਹ ਕਿਤਾਬ ਮੈਨੂੰ ਲੱਭ ਹੀ ਦਿੱਤੀ। ਕਿਤਾਬ ਭੇਜਦੇ ਹੋਏ ਉਨ੍ਹਾਂ ਕਿਹਾ ਕਿ ਇਸ ਬੰਦੇ ਬਾਰੇ ਪੜ੍ਹ ਕੇ ਮਜ਼ਾ ਆ ਗਿਆ। ਚੰਗਾ ਹੋਵੇ ਕਿ ਤੁਸੀਂ ਇਸ ਬਾਰੇ ਆਪਣੀਆਂ ਯਾਦਾਂ, ਅਨੁਭਵ ਤੇ ਪੜ੍ਹਿਆ ਸੁਣਿਆ ਪੰਜਾਬੀਆਂ ਨਾਲ ਸਾਂਝਾ ਕਰੋ । ਅੱਜ ਦੀਵਾਨ ਸਾਹਿਬ ਵਰਗੇ ਬੰਦੇ ਕਿੱਥੇ ਹਨ ? ਕਿੰਨੀ ਬਦਲ ਗਈ ਹੈ ਦੁਨੀਆਂ । ਕਿੰਨਾ ਬਦਲ ਗਿਆ ਹੈ ਇਸ ਚਮਨ ਦਾ ਰੰਗ ਰੂਪ :

ਮੇਰੇ ਵੇਂਹਦਿਆਂ ਵੇਂਹਦਿਆਂ ਐ ਚਮਨ
ਤੇਰਾ ਰੰਗ ਰੂਪ ਬਦਲ ਗਿਆ ।
ਨਾ ਉਹ ਹੰਸ ਨੇ, ਨਾ ਉਹ ਮਾਨਸਰ
ਨਾ ਉਹ ਮਹਿਫ਼ਲਾਂ, ਨਾ ਉਹ ਸੁਖਨਵਰ
ਨਾ ਉਹ ਸਿਰ ਤੇ ਨਾ ਹੀ ਉਹ ਸਲਾਮੀਆਂ
ਉਹ ਤੇ ਕਾਰਵਾਂ ਹੀ ਗੁਜ਼ਰ ਗਿਆ ।

ਵਡੱਪਣ ਤੇ ਵੱਡੇ ਲੋਕਾਂ ਦੀ ਗਿਣਤੀ ਅਜੋਕੇ ਸਮਿਆਂ ਵਿੱਚ ਬਹੁਤੀ ਨਹੀਂ । ਵੱਡੀਆਂ ਕੁਰਸੀਆਂ ਉੱਤੇ ਬੈਠੇ ਬਹੁਤੇ ਲੋਕ ਵੀ ਅੱਜਕੱਲ੍ਹ ਕੁਰਸੀਆਂ ਦੇ ਹਿਸਾਬ ਨਾਲ ਬੌਣੇ ਹਨ। ਅਜਿਹੀ ਹਾਲਤ ਵਿੱਚ ਸੱਚਮੁੱਚ ਦੇ ਕਿਸੇ ਵੱਡੇ ਬੰਦੇ ਦੀਆਂ ਗੱਲਾਂ ਰੁਮਾਂਸਵਾਦ ਹੀ ਪ੍ਰਤੀਤ ਹੋਣਗੀਆਂ । ਦੀਵਾਨ ਆਨੰਦ

ਕੁਮਾਰ ਰੈਣਾ ਖ਼ਾਨਦਾਨ ਦਾ ਕਸ਼ਮੀਰੀ ਪੰਡਿਤ ਸੀ । ਵੱਡ-ਵਡੇਰਾ ਦੀਵਾਨ ਗੰਗਾ ਰਾਮ ਸਿੰਧੀਆ ਦਰਬਾਰ ਦਾ ਦੀਵਾਨ ਸੀ । ਮਰਾਠਿਆਂ ਦੇ ਪਤਨ ਉਪਰੰਤ ਅੰਗਰੇਜ਼ਾਂ ਨੇ ਉਸ ਦੀ ਪ੍ਰਤਿਭਾ ਦਾ ਲਾਭ ਉਠਾਉਣਾ ਸ਼ੁਰੂ ਕੀਤਾ । ਮਹਾਰਾਜਾ ਰਣਜੀਤ ਸਿੰਘ ਨਾਲ ਅੰਗਰੇਜ਼ਾਂ ਦੀ ਸੰਧੀ ਉਸੇ ਦੇ ਯਤਨਾਂ ਨਾਲ ਸਿਰੇ ਚੜ੍ਹੀ । ਪਿੱਛੋਂ ਮਹਾਰਾਜੇ ਨੇ ਉਸ ਨੂੰ ਆਪਣਾ ਸਹਾਇਕ ਬਣਾ ਲਿਆ। ਦੀਵਾਨ ਗੰਗਾ ਰਾਮ ਨੇ ਆਪਣੇ ਭਤੀਜੇ ਅਯੁੱਧਿਆ ਰਾਮ ਨੂੰ ਆਪਣੇ ਪੁੱਤਰਾਂ ਵਾਂਗ ਪਾਲ ਕੇ ਮਹਾਰਾਜੇ ਦੇ ਦਰਬਾਰ ਵਿੱਚ ਰਖਵਾਇਆ। ਦੀਵਾਨ ਅਯੁੱਧਿਆ ਰਾਮ ਮਹਾਰਾਜੇ ਦੀ ਫੌਜ-ਏ-ਖ਼ਾਸ ਦਾ ਕਮਾਂਡਰ ਸੀ । ਗੰਗਾ ਰਾਮ ਦਾ ਹੀ ਇੱਕ ਭਤੀਜਾ ਰਾਜਾ ਦੀਨਾਨਾਥ ਸੀ ਜੋ ਮਹਾਰਾਜੇ ਦਾ ਖ਼ਜ਼ਾਨਾ ਮੰਤਰੀ ਸੀ । ਅਯੁੱਧਿਆ ਪ੍ਰਸਾਦ ਦਾ ਪੜਪੋਤਾ ਸੀ ਦੀਵਾਨ ਆਨੰਦ ਕੁਮਾਰ । ਉਸ ਦੇ ਪਿਤਾ ਨਰਿੰਦਰ ਨਾਥ ਨੂੰ ਰਾਜਾ ਦਾ ਟਾਈਟਲ ਅਤੇ ਸਹੂਲਤਾਂ ਅੰਗਰੇਜ਼ ਸਰਕਾਰ ਨੇ ਦੇ ਰੱਖੀਆਂ ਸਨ । ਲਾਹੌਰ ਵਿੱਚ ਸੋਲਾਂ ਏਕੜ ਵਾਲਾ ਫੇਅਰਫੀਲਡਜ਼ ਦਾ ਸ਼ਾਹੀ ਬੰਗਲਾ ਤੇ ਵੱਡੀ ਜਾਗੀਰ । ਉਸ ਦਾ ਨਾਮ ਪੰਜਾਬ ਹੀ ਨਹੀਂ, ਦੇਸ਼ ਭਰ ਦੇ ਮੋਹਤਬਰ ਬੰਦਿਆਂ ਵਿੱਚ ਸ਼ੁਮਾਰ ਸੀ ਦਿੱਲੀ ਹਾਈਕੋਰਟ ਦੇ ਸੇਵਾ ਮੁਕਤ ਚੀਫ਼ ਜਸਟਿਸ ।

ਦਲੀਪ ਕੁਮਾਰ ਰਾਜਾ ਨਰਿੰਦਰ ਨਾਥ ਦੀ ਸਾਦਗੀ ਤੇ ਮਿਹਨਤੀ ਸੁਭਾਅ ਦੀ ਗੱਲ ਕਰਦਿਆਂ ਦੱਸਦੇ ਹਨ ਕਿ 1930 ਦੇ ਮੰਦੇ ਸਮੇਂ ਰਾਜਾ ਨਰਿੰਦਰ ਨਾਥ ਨੇ ਆਪਣੇ ਅੰਬਾਂ ਦੇ ਬਾਗ਼ ਦੇ ਨੌਂ ਬੂਟਿਆਂ ਦੇ ਅੰਬ ਆਪ ਤੁੜਵਾ ਕੇ ਮੰਡੀ ਵਿੱਚ ਵੇਚੇ ਅਤੇ ਕਮਾਈ ਦੀ ਥਾਂ ਪੰਦਰਾਂ ਰੁਪਏ ਘਾਟਾ ਖਾਧਾ । ਜ਼ਿਮੀਂਦਾਰ ਤੇ ਉਸ ਦੀ ਪੈਦਾਵਾਰ ਦੇ ਅਸਲੀ ਉਪਭੋਗੀ ਵਿਚਕਾਰ ਵਿਚੋਲਿਆਂ ਵੱਲੋਂ ਹੁੰਦੀ ਲੁੱਟ ਬਾਰੇ ਉਹ ਹਮੇਸ਼ਾਂ ਫ਼ਿਕਰਮੰਦ ਰਹਿੰਦੇ । 1894 ਦੀ ਬਸੰਤ ਦੇ ਦਿਨ ਜਨਮ ਹੋਇਆ । ਹਮੇਸ਼ਾਂ ਬਸੰਤ ਵਾਂਗ ਖਿੜੇ ਰਹਿਣ ਵਾਲੇ ਦੀਵਾਨ ਆਨੰਦ ਕੁਮਾਰ ਦਾ ਪਿਤਾ 1876 ਵਿੱਚ ਐੱਮ.ਏ. ਕਰਕੇ 1877 ਵਿੱਚ ਹੀ ਪੰਜਾਬ ਦੀ ਸਿਵਲ ਸਰਵਿਸ ਵਿੱਚ ਆ ਗਿਆ ਸੀ ਅਤੇ ਹੌਲੀ-ਹੌਲੀ ਲਾਹੌਰ ਡਿਵੀਜ਼ਨ ਦੇ ਕਮਿਸ਼ਨਰ ਦੇ ਅਹੁਦੇ ਤਕ ਪੁੱਜਾ । ਪੜ੍ਹਨ-ਲਿਖਣ ਵਿੱਚ ਰੁੱਚੀ ਕਾਰਨ ਉਸ ਨੇ ਆਪਣੇ ਬੇਟੇ ਆਨੰਦ ਕੁਮਾਰ ਨੂੰ ਲਾਹੌਰ ਵਿੱਚ ਵਧੀਆ ਤੇ ਉੱਚੀ ਪੜ੍ਹਾਈ ਉਪਰੰਤ 1913 ਵਿੱਚ ਕੈਂਬਰਿਜ ਭੇਜ ਦਿੱਤਾ । ਕੈਂਬਰਿਜ ਦੇ ਪੈਮਬਰੋਕ ਕਾਲਜ ਤੋਂ ਉਸ ਨੇ ਨੈਚੁਰਲ ਸਾਇੰਸਿਜ ਦੀ ਪੜ੍ਹਾਈ ਵਿੱਚ ਅੱਵਲ ਰਹਿ ਕੇ ਫਾਊਂਡੇਸ਼ਨ ਸਕਾਲਰਸ਼ਿਪ



ਜਿੱਤੀ । ਇਸ ਉਪਰੰਤ ਉਸ ਨੇ ਇਨਰ ਟੈਂਪਲ ਕੈਂਬਰਿਜ ਤੋਂ ਹੀ ਲਾਅ ਦੀ ਡਿਗਰੀ ਲਈ । ਇਹ ਦੂਜੇ ਵਿਸ਼ਵ ਯੁੱਧ ਦੀ ਤਬਾਹੀ ਦੇ ਦਿਨ ਸਨ । ਯੁੱਧ ਮੁੱਕਣ ਉੱਤੇ ਰਤਾ ਹਾਲਾਤ ਠੀਕ ਹੋਏ ਤਾਂ 1919 ਵਿੱਚ ਦੇਸ਼ ਪਰਤਿਆ ।

ਵਿਸ਼ਵ ਯੁੱਧ ਦੇ ਝੰਬੇ ਲੋਕ ਅਜੇ ਸੰਭਾਲੇ ਹੀ ਜਾ ਰਹੇ ਸਨ ਕਿ ਅਫ਼ਗਾਨ ਯੁੱਧ ਛਿੜ ਪਿਆ । ਯੁੱਧ ਦੀ ਮਾਰ ਹੇਠ ਆਏ ਸਰਹੱਦੀ ਖਿੱਤੇ ਦੇ ਲੋਕਾਂ ਦੀ ਮਦਦ ਲਈ ਪੰਜਾਬ ਦੇ ਗਵਰਨਰ ਨੇ ਇੰਗਲੈਂਡ ਤੋਂ ਪਰਤੇ ਆਨੰਦ ਕੁਮਾਰ ਨੂੰ ਰੈੱਡ ਕਰਾਸ ਦਾ ਅਸਿਸਟੈਂਟ ਕਮਿਸ਼ਨਰ ਬਣਾ ਕੇ ਪਿਸ਼ਾਵਰ ਖੇਤਰ ਸੌਂਪ ਦਿੱਤਾ । ਉਸ ਨੂੰ ਆਨਰੇਰੀ ਲੈਫਟੀਨੈਂਟ ਦਾ ਅਹੁਦਾ ਦਿੱਤਾ ਗਿਆ । ਆਨੰਦ ਕੁਮਾਰ ਨੇ ਬਿਮਾਰਾਂ ਤੇ ਜ਼ਖ਼ਮੀਆਂ ਦੀ ਜੀਅ ਜਾਨ ਨਾਲ ਸੇਵਾ ਕੀਤੀ । ਉਸ ਦੀ ਨਿਰਸਵਾਰਥ ਸੇਵਾ ਦੀ ਸਭ ਪਾਸੇ ਪ੍ਰਸ਼ੰਸਾ ਨੂੰ ਦੇਖਦੇ ਹੋਏ ਵਾਇਸਰਾਏ ਵੱਲੋਂ ਤਿੰਨ ਹਜ਼ਾਰ ਰੁਪਏ ਦਾ ਚੈੱਕ ਭੇਟ ਕੀਤਾ ਗਿਆ । 1919 ਵਿੱਚ ਹੀ ਜਲਿਆਂਵਾਲਾ ਬਾਗ਼ ਦਾ ਸਾਕਾ ਵਾਪਰ ਗਿਆ । ਇੰਗਲੈਂਡ ਸਰਕਾਰ ਵੱਲੋਂ ਇਸ ਦੀ ਜਾਂਚ ਲਈ ਹੰਟਰ ਕਮਿਸ਼ਨ ਬਣਿਆ ਤਾਂ ਪੰਜਾਬ ਸਰਕਾਰ ਨੇ ਰਾਜਾ ਨਰਿੰਦਰ ਨਾਥ ਕੋਲ ਸਰਕਾਰੀ ਗਵਾਹ ਵਜੋਂ ਪੇਸ਼ ਹੋਣ ਲਈ ਪਹੁੰਚ ਕੀਤੀ । ਬਦਲੇ ਵਿੱਚ ਉਸ ਦੇ ਪੁੱਤਰ ਆਨੰਦ ਕੁਮਾਰ ਨੂੰ ਆਈ. ਸੀ.ਐੱਸ. ਵਿੱਚ ਨਾਮਜ਼ਦਗੀ ਦਾ ਲਾਲਚ ਦਿੱਤਾ ਗਿਆ । ਰੈੱਡ ਕਰਾਸ ਦੇ ਕਮਿਸ਼ਨਰ ਵਜੋਂ ਉਸ ਦੀ ਕਾਰਗੁਜ਼ਾਰੀ ਨੂੰ ਅਧਾਰ ਬਣਾਉਣ ਦੀ ਗੱਲ ਵੀ ਕੀਤੀ ਗਈ, ਪਰ ਆਨੰਦ ਕੁਮਾਰ ਤੇ ਰਾਜਾ ਨਰਿੰਦਰ ਨਾਥ ਦੋਵਾਂ ਨੇ ਸਰਕਾਰ ਦੇ ਹੱਕ ਵਿੱਚ ਕੁਝ ਵੀ ਕਹਿਣ ਤੋਂ ਸਾਫ਼ ਇਨਕਾਰ ਕਰ ਦਿੱਤਾ । ਵਕਤੀ ਦੁਨਿਆਵੀ ਲਾਭਾਂ ਦੀ ਥਾਂ ਜ਼ਮੀਰ ਦੀ ਗੱਲ ਸੁਣਨ, ਮੰਨਣ ਤੇ ਕਹਿਣ ਦੇ ਆਨੰਦ ਕੁਮਾਰ ਦੇ ਸੁਭਾਅ ਦਾ ਇਹ ਪਹਿਲਾ ਵੱਡਾ ਪ੍ਰਮਾਣ ਸੀ।

ਆਨੰਦ ਕੁਮਾਰ ਨੇ ਸਰਕਾਰੀ ਮੋਹਰਾ ਬਣਨ ਜਾਂ ਵਿਕਣ ਦੀ ਥਾਂ ਲਾਹੌਰ ਵਿੱਚ ਵਕਾਲਤ ਸ਼ੁਰੂ ਕੀਤੀ । ਆਪਣੇ ਮੁਨਸ਼ੀ ਨੂੰ ਕਿਹਾ ਕਿ ਉਹੀ ਕੇਸ ਲਵੇ ਜੋ ਸੱਚ ਤੇ ਹੱਕ ਨਾਲ ਜੁੜੇ ਹੋਏ ਹੋਣ । ਇਸ ਨੀਤੀ ਨਾਲ ਵਕਾਲਤ ਦਾ ਜੋ ਹਸ਼ਰ ਹੋਣਾ ਸੀ, ਉਹੀ ਹੋਇਆ । ਛੇ ਮਹੀਨੇ ਵਿੱਚ ਹੀ ਆਨੰਦ ਕੁਮਾਰ ਨੇ ਵਕਾਲਤ ਨੂੰ ਅਲਵਿਦਾ ਕਹਿ ਦਿੱਤੀ । ਮਈ 1920 ਵਿੱਚ ਉਸ ਦੀ ਸ਼ਾਦੀ ਹੋ ਗਈ । ਉਸ ਨੇ ਹੁਣ ਅਧਿਆਪਨ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ। ਉਸ ਨੇ ਪੰਜਾਬ ਯੂਨੀਵਰਸਿਟੀ ਦੇ ਜ਼ੁਆਲੋਜੀ ਵਿਭਾਗ ਵਿੱਚ ਅਧਿਆਪਨ ਸ਼ੁਰੂ ਕਰ ਦਿੱਤਾ । ਉਸ ਨੇ ਆਪਣੇ ਚੈਂਬਰ ਵਿੱਚ ਵਧੀਆ ਲਾਇਬਰੇਰੀ, ਤਸਵੀਰਾਂ ਤੇ ਜੀਵ-ਜੰਤੂਆਂ ਦੇ ਨਮੂਨੇ ਰੱਖੇ ਹੋਏ ਸਨ । ਉਹ ਰੰਗਦਾਰ ਚਾਕਾਂ ਨਾਲ ਬੋਰਡ

ਉੱਤੇ ਤਸਵੀਰਾਂ ਬਣਾ ਕੇ ਮਿਹਨਤ ਨਾਲ ਪੜ੍ਹਾਉਂਦਾ । ਜਵਾਨੀ ਦੀ ਇਸ ਉਮਰੇ ਉਹ ਪਿਛਲੇਰੀ ਉਮਰ ਵਰਗਾ ਸਾਦਾ ਕੱਪੜਿਆਂ ਵਾਲਾ ਆਨੰਦ ਕੁਮਾਰ ਨਹੀਂ ਸੀ । ਪੂਰੀ ਟੌਹਰ ਨਾਲ ਰੋਜ਼ ਨਵਾਂ ਸੂਟ ਪਾਉਣ ਵਾਲਾ ਸ਼ੌਕੀਨ ਪ੍ਰੋਫ਼ੈਸਰ ਸੀ । ਸੂਟ ਉੱਪਰ ਗਾਊਨ ਪਾ ਕੇ ਹੀ ਕਲਾਸ ਵਿੱਚ ਜਾਣ ਦਾ ਪਾਬੰਦ । ਹਰਮਨ ਪਿਆਰੇ ਅਧਿਆਪਕ ਤੇ ਰੌਸ਼ਨ ਦਿਮਾਗ਼ ਵਿਗਿਆਨੀ ਵਜੋਂ ਉਸ ਦੀ ਸ਼ੋਹਰਤ ਛੇਤੀ ਹੀ ਸਾਰੇ ਲਾਹੌਰ ਵਿੱਚ ਫੈਲ ਗਈ ।

ਪੰਜਾਬ ਯੂਨੀਵਰਸਿਟੀ ਦੇ ਜ਼ੁਆਲੋਜੀ ਦੇ ਪ੍ਰੋਫ਼ੈਸਰ ਈਮੈਰੀਟਸ ਡਾ. ਜੀ.ਪੀ. ਸ਼ਰਮਾ ਨੂੰ 1936 ਵਿੱਚ ਆਨੰਦ ਕੁਮਾਰ ਦਾ ਬੀ.ਐੱਸ.ਸੀ. ਦਾ ਵਿਦਿਆਰਥੀ ਹੋਣ ਦਾ ਮਾਣ ਹੈ । ਉਹ ਦੱਸਦਾ ਹੈ ਕਿ ਆਨੰਦ ਕੁਮਾਰ ਬਹੁਤ ਵੱਡੇ ਲੈਕਚਰ ਹਾਲ ਵਿੱਚ ਇਹ ਕਲਾਸ ਲੈਂਦੇ । ਇਸ ਵਿੱਚ ਗੌਰਮਿੰਟ ਕਾਲਜ ਲਾਹੌਰ ਦੇ ਹੀ ਨਹੀਂ, ਡੀ.ਏ.ਵੀ., ਐੱਫ.ਸੀ., ਸਨਾਤਨ ਧਰਮ, ਇਸਲਾਮੀਆ ਤੇ ਦਿਆਲ ਸਿੰਘ ਕਾਲਜ, ਲਾਹੌਰ ਭਾਵ ਸਾਰੇ ਲੋਕਲ ਕਾਲਜਾਂ ਦੇ ਵਿਦਿਆਰਥੀ ਹੁੰਦੇ । ਉਨ੍ਹਾਂ ਦੀ ਕਲਾਸ ਲੱਗਦੀ ਵੀ ਦੁਪਹਿਰੇ ਇੱਕ ਵਜੇ । ਇਸ ਦੇ ਬਾਵਜੂਦ ਪੂਰਾ ਅਨੁਸ਼ਾਸਨ । ਪ੍ਰੋ. ਆਨੰਦ ਕੁਮਾਰ ਦੀ ਬੋਲਬਾਣੀ, ਵਿਹਾਰ, ਸ਼ਖ਼ਸੀਅਤ, ਲਿਆਕਤ ਸਭ ਨੂੰ ਆਪੇ ਹੀ ਅਨੁਸ਼ਾਸਨ ਵਿੱਚ ਬੰਨ੍ਹ ਦਿੰਦੀ । ਘੰਟੇ ਭਰ ਦਾ ਉਨ੍ਹਾਂ ਦਾ ਲੈਕਚਰ ਬਿਨਾਂ ਕਿਤਾਬਾਂ/ਨੋਟਿਸ ਦੇ ਹੀ ਹੁੰਦਾ । ਨਿੱਕੀ ਜਿਹੀ ਚਿੱਟ ਹੀ ਉਨ੍ਹਾਂ ਦੇ ਹੱਥ ਜਾਂ ਜੇਬ ਵਿੱਚ ਹੁੰਦੀ । ਉਨ੍ਹਾਂ ਦੇ ਅਧਿਆਪਨ ਕਾਲ ਦੌਰਾਨ ਵਾਪਰੀ ਇੱਕ ਘਟਨਾ ਦਾ ਜ਼ਿਕਰ ਡਾ. ਸ਼ਰਮਾ ਕਰਦੇ ਹਨ । ਪਿਛਲੇ ਬੈਂਚਾਂ ਤੋਂ ਇੱਕ ਮੁੰਡੇ ਨੇ ਆਪਣਾ ਫੈਲਟ ਹੈਟ ਉਸ ਸਮੇਂ ਅਗਾਂਹ ਨੂੰ ਉਛਾਲਿਆ ਜਦੋਂ ਆਨੰਦ ਕੁਮਾਰ ਬੋਰਡ ਉੱਤੇ ਰੰਗਦਾਰ ਤਸਵੀਰ ਉਲੀਕ ਰਹੇ ਸਨ। ਹੈਟ ਅਗਲੇ ਬੈਂਚ ਉੱਤੇ ਬੈਠੀ ਇੱਕ ਕੁੜੀ ’ਤੇ ਡਿੱਗਾ ਤਾਂ ਕਲਾਸ ਵਿੱਚ ਕੁਝ ਹਲਚਲ ਹੋਈ । ਆਨੰਦ ਕੁਮਾਰ ਮੁੜੇ । ਉਨ੍ਹਾਂ ਦਾ ਲਾਲ ਚਿਹਰਾ ਹੋਰ ਲਾਲ ਹੋ ਗਿਆ । “ਕਿਸ ਦੀ ਸ਼ਰਾਰਤ ਹੈ ਇਹ ?” ਉਹ ਉੱਚੀ ਆਵਾਜ਼ ਵਿੱਚ ਬੋਲੇ । ਕੋਈ ਜਵਾਬ ਨਾ ਆਇਆ । ਕੁਝ ਵੀ ਹੋਰ ਕਹਿਣ ਕਰਨ ਦੀ ਥਾਂ ਉਹ ਰਜਿਸਟਰ ਚੁੱਕ ਕੇ ਚੁੱਪਚਾਪ ਕਲਾਸ ਵਿੱਚੋਂ ਨਿਕਲ ਗਏ । ਉਹ ਉਦੋਂ ਤਕ ਕਲਾਸ ਵਿੱਚ ਵਾਪਸ ਨਾ ਆਏ ਜਦੋਂ ਤਕ ਸ਼ਰਾਰਤ ਕਰਨ ਵਾਲੇ ਨੇ ਆਪ ਉਨ੍ਹਾਂ ਕੋਲ ਜਾ ਕੇ ਮੁਆਫ਼ੀ ਨਾ ਮੰਗ ਲਈ ।

ਇੱਕ ਵਾਰ ਘੋੜਸਵਾਰੀ ਕਰਦੇ ਸਮੇਂ ਉਹ ਡਿੱਗ ਪਏ ਤੇ ਸੱਜੀ ਬਾਂਹ ਟੁੱਟ ਗਈ । ਉਨ੍ਹਾਂ ਨਾ ਛੁੱਟੀ ਲੈਣੀ, ਨਾ ਕਲਾਸ ਛੱਡਣੀ । ਨਾ ਚਿੱਤਰ ਬਣਾਉਣੇ ਛੱਡੇ । ਸੱਜੇ ਹੱਥ ਦੀ ਥਾਂ ਹੁਣ ਉਹ ਖੱਬੇ ਹੱਥ ਨਾਲ ਹੀ ਰੰਗੀਨ



ਤਸਵੀਰਾਂ ਬਣਾ ਲੈਂਦੇ । ਜਦੋਂ ਤਕ ਸੱਜੀ ਬਾਂਹ ਠੀਕ ਹੋਈ, ਉਹ ਦੋਵੇਂ ਹੱਥਾਂ ਦੀ ਇੱਕੋ ਜਿਹੀ ਮੁਹਾਰਤ ਨਾਲ ਵਰਤੋਂ ਕਰਨ ਯੋਗ ਹੋ ਚੁੱਕੇ ਸਨ। ਦੇਰ ਤਕ ਆਨੰਦ ਕੁਮਾਰ ਜ਼ੁਆਲੋਜੀ ਵਿਭਾਗ ਦੇ ਮੁਖੀ ਰਹੇ। ਕੀਟ-ਪਤੰਗ ਅਤੇ ਹੈਲਮਿੰਥ ਉਨ੍ਹਾਂ ਦੀ ਖੋਜ ਦੇ ਵਿਸ਼ੇਸ਼ ਖੇਤਰ ਸਨ, ਜਿਨ੍ਹਾਂ ਵਿੱਚ ਉਨ੍ਹਾਂ ਕਈ ਖੋਜ ਵਿਦਿਆਰਥੀਆਂ ਦੀ ਥੀਸਿਜ਼ ਲਿਖਣ ਵਿੱਚ ਅਗਵਾਈ ਕੀਤੀ । ਉਹ 1935 ਵਿੱਚ ਕਲਕੱਤੇ ਹੋਈ ਇੰਡੀਅਨ ਸਾਇੰਸ ਕਾਂਗਰਸ ਦੇ ਜ਼ੁਆਲੋਜੀ ਸੈਕਸ਼ਨ ਦੇ ਪ੍ਰੈਜ਼ੀਡੈਂਟ ਸਨ । ਉਨ੍ਹਾਂ ਨੇ 1939 ਵਿੱਚ ਹੋਈ ਇੰਡੀਅਨ ਸਾਇੰਸ ਕਾਂਗਰਸ ਦੀ ਸਕੱਤਰੀ ਵੀ ਕੀਤੀ । ਉਨ੍ਹਾਂ ਦੇ ਉੱਦਮ ਨਾਲ ਹੀ ਜ਼ਿਓਲਾਜੀਕਲ ਸੁਸਾਇਟੀ ਆਫ ਇੰਡੀਆ ਬਣੀ । ਇਸ ਦਾ ਖ਼ਜ਼ਾਨਚੀ ਦੀਵਾਨ ਸਾਹਿਬ ਨੂੰ ਹੀ ਥਾਪਿਆ ਗਿਆ । ਖੋਜ, ਅਧਿਆਪਨ ਤੇ ਸਮਾਜਿਕ ਸੇਵਾ ਤਿੰਨੇ ਖੇਤਰਾਂ ਵਿੱਚ ਨਿਰੰਤਰ ਸਰਗਰਮ ਰਹਿਣਾ ਆਨੰਦ ਕੁਮਾਰ ਦਾ ਹੀ ਕਮਾਲ ਸੀ । 1924 ਤੋਂ ਹੀ ਉਹ ਦਿਆਲ ਸਿੰਘ ਕਾਲਜ ਟਰੱਸਟ ਤੇ ਦਿਆਲ ਸਿੰਘ ਲਾਇਬਰੇਰੀ ਟਰੱਸਟ ਦੇ ਮੈਂਬਰ ਸਨ । 1945 ਵਿੱਚ ਉਹ ਪੰਜਾਬ ਯੂਨੀਵਰਸਿਟੀ ਦੇ ਡੀਨ ਯੂਨੀਵਰਸਿਟੀ ਇੰਸਟਰੱਕਸ਼ਨ ਬਣ ਗਏ । ਇਸ ਅਹੁਦੇ ਉੱਤੇ ਰਹਿੰਦੇ ਹੋਏ ਉਨ੍ਹਾਂ ਨੂੰ ਕੈਮਿਸਟਰੀ ਵਰਗੇ ਅਹਿਮ ਵਿਭਾਗਾਂ ਦੀ ਜ਼ਿੰਮੇਵਾਰੀ ਵੀ ਨਿਭਾਉਣੀ ਪਈ ਜਿਨ੍ਹਾਂ ਦੇ ਰੈਗੂਲਰ ਪ੍ਰੋਫ਼ੈਸਰ/ਮੁਖੀ ਨਹੀਂ ਸਨ । ਉਨ੍ਹਾਂ ਨੇ ਇਹ ਕਾਰਜ ਸੰਬੰਧਿਤ ਵਿਭਾਗਾਂ ਦੇ ਅਧਿਆਪਕਾਂ ਨਾਲ ਸੁਹਿਰਦ ਵਿਹਾਰ, ਮੀਟਿੰਗਾਂ ਤੇ ਸਲਾਹ-ਮਸ਼ਵਰੇ ਨਾਲ ਸੁਚਾਰੂ ਤਰੀਕੇ ਨਾਲ ਕਰ ਕੇ ਸਭ ਦਾ ਦਿਲ ਜਿੱਤਿਆ ।

1947 ਵਿੱਚ ਆਜ਼ਾਦੀ ਦੇ ਨਾਲ ਹੀ ਦੇਸ਼ ਦੀ ਵੰਡ ਹੋ ਗਈ । ਚੌਦਾਂ ਏਕੜ ਦੀ ਲਾਹੌਰ ਦੀ ਕੋਠੀ ਅਤੇ ਦਸ ਹਜ਼ਾਰ ਏਕੜ ਜ਼ਮੀਨ ਛੱਡ ਕੇ ਦੀਵਾਨ ਸਾਹਿਬ ਨੂੰ ਇਧਰਲੇ ਪੰਜਾਬ ਵਿੱਚ ਆਉਣਾ ਪਿਆ । ਈਸਟ ਪੰਜਾਬ ਯੂਨੀਵਰਸਿਟੀ ਨੂੰ ਨਵੰਬਰ 1947 ਵਿੱਚ ਸੋਲਨ ਤੋਂ ਸ਼ੁਰੂ ਕੀਤਾ ਗਿਆ । ਦਫ਼ਤਰ ਤੇ ਮੁਲਾਜ਼ਮ ਮਿਲਟਰੀ ਛਾਉਣੀ ਦੀਆਂ ਬੈਰਕਾਂ ਵਿੱਚ ਬਣਾਏ ਤੇ ਬਿਠਾਏ ਗਏ। ਇਨ੍ਹਾਂ ਦਾ ਪ੍ਰਬੰਧ ਡੀਨ ਦੀਵਾਨ ਆਨੰਦ ਕੁਮਾਰ ਦੇ ਅਸਰ ਰਸੂਖ਼ ਨਾਲ ਹੀ ਹੋਇਆ । ਉੱਜੜੇ ਤੇ ਖ਼ੂਨ-ਖ਼ਰਾਬੇ ਦੇ ਮਾਰੇ ਪੰਜਾਬ ਵਿੱਚ 1948 ਵਿੱਚ ਨੇਮਬੱਧ ਪ੍ਰੀਖਿਆਵਾਂ ਦੇਣ ਦੀ ਖੁੱਲ੍ਹ ਦੇ ਨਾਲ-ਨਾਲ ਡੀਨ ਵਜੋਂ ਦੀਵਾਨ ਸਾਹਿਬ ਨੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸਮਾਜਿਕ ਸੇਵਾ ਕਰਕੇ ਡਿਗਰੀ ਲੈਣ ਦਾ ਵਿਕਲਪ ਦਿੱਤਾ। ਹਜ਼ਾਰਾਂ ਵਿਦਿਆਰਥੀਆਂ ਨੇ ਵੱਖ-ਵੱਖ ਥਾਵਾਂ ਉੱਤੇ ਵਾਲੰਟੀਅਰਾਂ/ਪ੍ਰੋਫ਼ੈਸਰਾਂ ਦੀ ਅਗਵਾਈ ਵਿੱਚ ਰਫ਼ਿਊਜੀ ਲੋਕਾਂ ਦੀ ਸੇਵਾ ਕਰਕੇ ਡਿਗਰੀ ਲਈ । ਉਨ੍ਹਾਂ ਦੇ ਇਸ ਕਦਮ ਦਾ ਕਈ ਲੋਕਾਂ ਨੇ ਵਿਰੋਧ

ਵੀ ਕੀਤਾ, ਪਰ ਕੁੱਲ ਮਿਲਾ ਕੇ ਇਸ ਸੁਵਿਧਾ ਨਾਲ ਗ਼ਰੀਬ ਵਿਦਿਆਰਥੀਆਂ ਤੇ ਸ਼ਰਨਾਰਥੀਆਂ ਦੋਵਾਂ ਨੂੰ ਲਾਭ ਹੋਇਆ । ਇਸ ਪ੍ਰਾਜੈਕਟ ਲਈ ਬਣੀ ਸੋਸ਼ਲ ਸਰਵਿਸ ਕੋਰ ਦੀ ਕਾਰਗੁਜ਼ਾਰੀ ਉੱਤੇ ਦੀਵਾਨ ਸਾਹਿਬ ਆਪ ਨਜ਼ਰ ਰੱਖਦੇ ਰਹੇ । ਸ਼ਰਨਾਰਥੀਆਂ ਦੀ ਮਦਦ ਲਈ ਉਨ੍ਹਾਂ ਦੂਜਾ ਵੱਡਾ ਕਦਮ ਦਿੱਲੀ ਵਿੱਚ ਪੰਜਾਬ ਯੂਨੀਵਰਸਿਟੀ ਈਵਨਿੰਗ ਕਾਲਜ ਸਥਾਪਤ ਕਰ ਕੇ ਚੁੱਕਿਆ । ਤੰਬੂਆਂ ਤੇ ਮਾੜੇ-ਮੋਟੇ ਓੜ੍ਹ-ਪੋੜ੍ਹ ਨਾਲ ਬਣਾਏ ਕਲਾਸ ਰੂਮਾਂ ਵਿੱਚ ਤੁਰੰਤ ਪ੍ਰੋਫ਼ੈਸਰਾਂ ਦਾ ਇੰਤਜ਼ਾਮ ਕਰਨਾ ਦੀਵਾਨ ਆਨੰਦ ਕੁਮਾਰ ਦੀ ਹਿੰਮਤ ਸੀ । ਇਹ ਸਾਰਾ ਕੁਝ ਕਰਨ ਵਾਲੇ ਦੀਵਾਨ ਸਾਹਿਬ ਪਾਸ ਪਾਕਿਸਤਾਨ ਵਿੱਚ ਰਹੀ ਆਪਣੀ ਕਰੋੜਾਂ ਰੁਪਏ ਦੀ ਜ਼ਮੀਨ ਜਾਇਦਾਦ ਦੇ ਕਲੇਮ ਲਈ ਭੱਜ-ਨੱਸ ਲਈ ਵਕਤ ਨਹੀਂ ਸੀ। ਜੋ ਮਿਲਿਆ ਉਨੇ ਨਾਲ ਹੀ ਸੰਤੁਸ਼ਟ । ਹਜ਼ਾਰਾਂ ਏਕੜ ਦੀ ਥਾਂ ਤਿੰਨ ਸੌ ਏਕੜ ਅੰਬਾਲੇ ਕੋਲ ਜ਼ਮੀਨ ਦੇ ਨਾਂ ਉੱਤੇ ਮਿਲੇ । ਲਾਹੌਰ ਦੀ ਸ਼ਾਹੀ ਕੋਠੀ ਬਦਲੇ 7-ਸਿਕੰਦਰ ਰੋਡ, ਦਿੱਲੀ ਦਾ ਬੰਗਲਾ । ਉਨ੍ਹਾਂ ਦੇ ਭੈਣਾਂ-ਭਰਾਵਾਂ ਦੇ ਵੱਡੇ ਪਰਿਵਾਰ ਲਈ ਇਹ ਬੰਗਲਾ ਛੋਟਾ ਸੀ । ਉਨ੍ਹਾਂ ਅੰਬਾਲੇ ਵਾਲੀ ਕੁਝ ਜ਼ਮੀਨ ਵੇਚ ਕੇ ਕੁਝ ਸਮੇਂ ਬਾਅਦ ਦਿੱਲੀ ਸੁੰਦਰ ਨਗਰ ਵਿੱਚ ਇੱਕ ਹੋਰ ਘਰ ਖ਼ਰੀਦ ਕੇ ਪਰਿਵਾਰ ਦੇ ਕੁਝ ਜੀਅ ਉੱਥੇ ਭੇਜ ਦਿੱਤੇ ।

ਪੰਜਾਬ ਦੀ ਵੰਡ ਉਪਰੰਤ ਨਵੰਬਰ 1947 ਵਿੱਚ ਬਣੀ ਯੂਨੀਵਰਸਿਟੀ ਦੀ ਸਾਰੀ ਜ਼ਿੰਮੇਵਾਰੀ ਵਿਹਾਰਕ ਰੂਪ ਵਿੱਚ ਡੀਨ ਯੂਨੀਵਰਸਿਟੀ ਇੰਸਟਰੱਕਸ਼ਨ ਵਜੋਂ ਦੀਵਾਨ ਸਾਹਿਬ ਨੇ ਹੀ ਨਿਭਾਈ । 9 ਫ਼ਰਵਰੀ 1948 ਨੂੰ ਸਰਕਾਰ ਨੇ ਜਸਟਿਸ ਤੇਜਾ ਸਿੰਘ ਨੂੰ ਯੂਨੀਵਰਸਿਟੀ ਦਾ ਪਹਿਲਾ ਵਾਈਸ-ਚਾਂਸਲਰ ਲਾਇਆ । ਉਨ੍ਹਾਂ ਨੇ 31 ਮਾਰਚ 1949 ਤਕ ਇਹ ਜ਼ਿੰਮੇਵਾਰੀ ਨਿਭਾਈ । ਪਹਿਲੀ ਮਾਰਚ 1949 ਨੂੰ ਪ੍ਰੋ. ਜੀ.ਸੀ. ਚੈਟਰਜੀ. ਨੂੰ ਵੀ.ਸੀ. ਲਾਇਆ ਗਿਆ । ਚਾਰ ਮਹੀਨੇ ਬਾਅਦ 31 ਜੁਲਾਈ ਨੂੰ ਉਨ੍ਹਾਂ ਵੀ ਇਹ ਅਹੁਦਾ ਛੱਡ ਦਿੱਤਾ । ਕੰਡਿਆਂ ਦੀ ਸੇਜ, ਉਲਝਿਆ ਤਾਣਾ-ਬਾਣਾ । ਨਾ ਸਾਧਨ, ਨਾ ਪੈਸਾ, ਨਾ ਇਮਾਰਤਾਂ, ਨਾ ਸਟਾਫ਼ । ਹਰ ਪਾਸੇ ਸਵਾਲ ਅਤੇ ਨਿੱਤ ਨਵੀਆਂ ਵੰਗਾਰਾਂ । ਇਸ ਸੰਕਟ ਦੀ ਘੜੀ ਵਿੱਚ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਦੀ ਜ਼ਿੰਮੇਵਾਰੀ ਦੀਵਾਨ ਆਨੰਦ ਕੁਮਾਰ ਨੂੰ ਸੌਂਪੀ ਗਈ । 31 ਜੁਲਾਈ 1949 ਤੋਂ 30 ਜੂਨ 1957 ਤਕ ਉਨ੍ਹਾਂ ਨੇ ਦਿਨ ਰਾਤ ਇੱਕ ਕਰ ਕੇ ਯੂਨੀਵਰਸਿਟੀ ਦਾ ਮੂੰਹ ਮੱਥਾ ਬਣਾ ਦਿੱਤਾ । ਆਪਣੇ ਵਿਭਾਗ, ਆਪਣੇ ਕਰਮਚਾਰੀਆਂ ਦੀ ਟੀਮ । ਸੋਸ਼ਲ ਸਾਇੰਸਿਜ਼ ਅਤੇ ਸਾਇੰਸਿਜ਼ ਦੇ ਵਿਭਾਗ ਵਿੱਚ ਲਾਇਕ ਤੇ ਮੰਨੇ-ਪ੍ਰਮੰਨੇ ਪ੍ਰੋਫ਼ੈਸਰ । ਆਪਣੇ ਕੈਂਪਸ ਦੀ ਉਸਾਰੀ । ਪ੍ਰੀਖਿਆਵਾਂ ਦਾ



ਸੁਚਾਰੂ ਸਿਸਟਮ । ਦੀਵਾਨ ਸਾਹਿਬ ਨੇ ਹਰ ਪੱਖੋਂ ਪੰਜਾਬ ਯੂਨੀਵਰਸਿਟੀ ਪੂਰੀ ਸ਼ਾਨ ਨਾਲ ਦੇਸ਼ ਦੇ ਨਕਸ਼ੇ ਉੱਤੇ ਉਭਾਰ ਦਿੱਤੀ ।

ਇਸ ਸਾਰੇ ਕੁਝ ਨੇ ਨਾਲ-ਨਾਲ ਉਨ੍ਹਾਂ ਭੱਜ-ਨੱਸ ਕਰਕੇ ਚੌਦਾਂ ਏਕੜ ਜ਼ਮੀਨ ਦਿਆਲ ਸਿੰਘ ਕਾਲਜ ਅਤੇ ਚਾਰ ਏਕੜ ਦਿਆਲ ਸਿੰਘ ਲਾਇਬਰੇਰੀ ਲਈ ਲੈ ਕੇ ਦੋਵੇਂ ਸੰਸਥਾਵਾਂ ਨੂੰ ਨਵੇਂ ਸਿਰਿਉਂ ਦਿੱਲੀ ਵਿੱਚ ਸਥਾਪਤ ਕਰਨ ਦਾ ਉੱਦਮ ਕੀਤਾ । ਇਹ ਹੀ ਨਹੀਂ ਉਨ੍ਹਾਂ ਨੇ ਦਿੱਲੀ ਤੇ ਅੰਬਾਲੇ ਵਿੱਚਕਾਰ ਜੀ.ਟੀ. ਰੋਡ ਉੱਤੇ ਪੈਂਦੇ ਕਰਨਾਲ ਵਿੱਚ ਦਿਆਲ ਸਿੰਘ ਕਾਲਜ ਵੀ ਸਥਾਪਤ ਕੀਤਾ । ਥਾਪਰ ਇੰਜੀਨੀਅਰਿੰਗ ਕਾਲਜ, ਪਟਿਆਲੇ ਦਾ ਮੈਡੀਕਲ ਕਾਲਜ, ਲੁਧਿਆਣਾ ਦਾ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਅਤੇ ਹਿਸਾਰ ਦਾ ਵਿਮੈਨ ਕਾਲਜ ਵੀ ਇਸੇ ਦੌਰ ਦੀਆਂ ਪ੍ਰਾਪਤੀਆਂ ਹਨ। ਹਰ ਸੰਸਥਾ ਨੂੰ ਉਨ੍ਹਾਂ ਪੂਰੀ ਤਰ੍ਹਾਂ ਧਰਮ ਨਿਰਪੇਖ ਦ੍ਰਿਸ਼ਟੀ ਨਾਲ ਚਲਾਉਣ ਦੀਆਂ ਲੀਹਾਂ ਪਾਈਆਂ । ਹਰ ਥਾਂ ਬਿਨਾਂ ਸਿਫ਼ਾਰਸ਼, ਮੈਰਿਟ ਦੇ ਆਧਾਰ ਉੱਤੇ ਅਧਿਆਪਕਾਂ ਦੀ ਚੋਣ ਅਤੇ ਵਿਦਿਆਰਥੀਆਂ ਦੇ ਦਾਖ਼ਲੇ ਨੇ ਉਨ੍ਹਾਂ ਦੁਆਰਾ ਸਥਾਪਤ ਕਾਲਜਾਂ ਦਾ ਨਾਂ ਦੇਸ਼ ਭਰ ਵਿੱਚ ਉੱਘਾ ਕੀਤਾ। ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਦੇ ਅਹੁਦੇ ਲਈ ਤਾਂ ਉਹ ਅੰਤਮ ਫ਼ੈਸਲਾ ਆਪਣੇ ਵੱਲੋਂ ਸਕਰੀਨ ਕੀਤੇ ਨਾਮ ਕੈਂਬਰਿਜ ਯੂਨੀਵਰਸਿਟੀ ਦੇ ਕਿਸੇ ਮੰਨੇ-ਪ੍ਰਮੰਨੇ ਪ੍ਰੋਫ਼ੈਸਰ ਕੋਲ ਭੇਜ ਕੇ ਰਾਇ ਲੈਂਦੇ । ਉਸੇ ਰਾਇ ਦੇ ਆਧਾਰ ਉੱਤੇ ਨਿਯੁਕਤੀ ਕਰਦੇ । ਕਈ ਲੋਕ ਇਸ ਲਈ ਉਨ੍ਹਾਂ ਦਾ ਵਿਰੋਧ ਵੀ ਕਰਦੇ ਤੇ ਬਸਤੀਵਾਦੀ ਹੋਣ ਦਾ ਦੂਸ਼ਣ ਲਾਉਂਦੇ, ਪਰ ਉਹ ਇਸ ਪਰੰਪਰਾ ਦਾ ਪਾਲਣ ਦ੍ਰਿੜ੍ਹਤਾ ਨਾਲ ਕਰਦੇ ਰਹੇ । ਇਸ ਪੱਖੋਂ ਉਹ ਪੰਜਾਬ ਦੇ ਸਿੱਖਿਆ ਮੰਤਰੀ ਅਤੇ ਗਵਰਨਰ ਤਕ ਦੀ ਪ੍ਰਵਾਹ ਨਹੀਂ ਸਨ ਕਰਦੇ । ਕਾਲਜ ਹੋਵੇ ਜਾਂ ਯੂਨੀਵਰਸਿਟੀ, ਉਹ ਲਾਇਕ ਬੰਦੇ ਨੂੰ ਪਛਾਣ ਕੇ ਉਸ ਦੀ ਸਰਪ੍ਰਸਤੀ ਕਰਦੇ। ਕਿਸੇ ਕਾਲਜ ਵਿੱਚ ਨੌਕਰੀ, ਫੈਲੋਸ਼ਿਪ, ਵਿਦੇਸ਼ ਪੜ੍ਹਨ ਲਈ ਵਜ਼ੀਫ਼ਾ, ਛੁੱਟੀ ਉਹ ਬਾਦਸ਼ਾਹਾਂ ਵਾਂਗ ਦਿੰਦੇ । ਡਾ. ਹਰਗੋਬਿੰਦ ਖੁਰਾਣਾ ਨੂੰ ਤਾਂ ਦਿੱਲੀ ਯੂਨੀਵਰਸਿਟੀ ਨੇ ਕੈਮਿਸਟਰੀ ਦਾ ਲੈਕਚਰਾਰ ਨਹੀਂ ਸੀ ਚੁਣਿਆ, ਪਰ ਉਸ ਦੇ ਜਮਾਤੀ ਡਾ. ਨਾਜ਼ਰ ਸਿੰਘ ਨੂੰ ਦੀਵਾਨ ਸਾਹਿਬ ਨੇ ਪੰਜਾਬ ਯੂਨੀਵਰਸਿਟੀ ਵਾਸਤੇ ਚੁਣਿਆ। ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਵਾਲੇ ਮਨਮੋਹਨ ਸਿੰਘ ਨੂੰ ਕੈਂਬਰਿਜ ਤੇ ਆਕਸਫੋਰਡ ਪੜ੍ਹਨ ਲਈ ਛੁੱਟੀ, ਆਰਥਿਕ ਸਹਾਇਤਾ ਅਤੇ ਵਾਪਸੀ ਉੱਤੇ ਨੌਕਰੀ ਦੀਵਾਨ ਆਨੰਦ ਕੁਮਾਰ ਦੀ ਖੁੱਲ੍ਹਦਿਲੀ ਤੇ ਪ੍ਰਤਿਭਾ ਦੀ ਪਛਾਣ ਦਾ ਪ੍ਰਮਾਣ ਹੈ ।

ਡਾ. ਆਰ. ਸੀ. ਪਾਲ (ਬਾਅਦ ਵਿੱਚ ਪੰਜਾਬ ਯੂਨੀਵਰਸਿਟੀ

ਦੇ ਵੀ.ਸੀ.) ਨੂੰ ਦੀਵਾਨ ਸਾਹਿਬ ਨੇ ਵਜ਼ੀਫ਼ਾ ਦੇ ਕੇ ਕੈਂਬਰਿਜ ਭੇਜਿਆ। ਪੋਲੀਟੀਕਲ ਸਾਇੰਸ ਦਾ ਹਰਿਆਣਾ (ਹੁਸ਼ਿਆਰਪੁਰ ਨੇੜਲਾ ਇੱਕ ਕਸਬਾ) ਦੇ ਲੈਕਚਰਾਰ ਐੱਮ. ਐੱਮ. ਪੁਰੀ ਨੂੰ ਉਨ੍ਹਾਂ ਹੇਗ ਵਿੱਚ ਚੁਣੇ ਜਾਣ ਉੱਤੇ ਵਿਸ਼ੇਸ਼ ਫੈਲੋਸ਼ਿਪ ਦਿੱਤੀ ਤੇ ਵਾਪਸ ਆ ਕੇ ਯੂਨੀਵਰਸਿਟੀ ਵਿੱਚ ਨੌਕਰੀ ਦੀ ਸ਼ਰਤ ਰੱਖੀ । ਹੁਸ਼ਿਆਰਪੁਰ ਦੇ ਕਿਸੇ ਕਾਲਜ ਵਿੱਚ ਜ਼ੁਆਲੋਜੀ ਪੜ੍ਹਾ ਰਹੇ ਐੱਨ.ਕੇ. ਗੁਪਤਾ ਨੂੰ ਯੂ.ਕੇ. ਪੜ੍ਹਨ ਲਈ ਸਫ਼ਰ ਖ਼ਰਚ ਤੇ ਫੈਲੋਸ਼ਿਪ ਦੇ ਕੇ ਵਾਪਸੀ ਉੱਤੇ ਯੂਨੀਵਰਸਿਟੀ ਦੀ ਸੇਵਾ ਦੀ ਸ਼ਰਤ ਰੱਖੀ। ਉਨ੍ਹਾਂ ਦੇ ਇਸ ਵਿਹਾਰ ਦਾ ਲਾਭ ਪੰਜਾਬ ਦੇ ਕਿੰਨੇ ਹੀ ਲਾਇਕ ਪ੍ਰੋਫ਼ੈਸਰਾਂ ਨੇ ਉਠਾਇਆ । 1957 ਤਕ ਉਹ ਯੂਨੀਵਰਸਿਟੀ ਦੇ ਵੀ.ਸੀ. ਰਹੇ। ਉਸੇ ਵੇਲੇ ਥਾਪਰ ਗਰੁੱਪ ਦੇ ਲਾਲਾ ਕਰਮ ਚੰਦ ਥਾਪਰ ਹਾਜ਼ਰ ਹੋ ਗਏ । ਉਨ੍ਹਾਂ ਨੇ ਦੀਵਾਨ ਸਾਹਿਬ ਨੂੰ ਕਈ ਫਰਮਾਂ ਦਾ ਡਾਇਰੈਕਟਰ ਲਾ ਦਿੱਤਾ । ਥਾਪਰ ਕਾਲਜ ਦੀ ਵਾਗਡੋਰ ਵੀ ਪੂਰੀ ਤਰ੍ਹਾਂ ਉਨ੍ਹਾਂ ਨੂੰ ਸੌਂਪ ਦਿੱਤੀ । ਹੁਸ਼ਿਆਰਪੁਰ ਦੇ ਵੀ.ਵੀ.ਆਰ. ਆਈ. ਨੇ ਪ੍ਰੈਜ਼ੀਡੈਂਟ ਬਣਾ ਦਿੱਤਾ । ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਮੈਂਬਰ ਬਣਾ ਲਿਆ ਅਤੇ ੧੯੫੮ ਤੋਂ ੧੯੬੪ ਤਕ ਉਹ ਇਹ ਜ਼ਿੰਮੇਵਾਰੀ ਨਿਭਾਉਂਦੇ ਰਹੇ । ਦਿਆਲ ਸਿੰਘ ਸੰਸਥਾਵਾਂ ਦਾ ਕੰਮ ਸੰਭਾਲਦੇ ਰਹੇ । ਸਮਾਜਿਕ ਸੇਵਾਵਾਂ ਵਿੱਚ ਸਰਗਰਮ ਰਹੇ । ਅਧਿਆਪਕਾਂ, ਵਿਦਿਆਰਥੀਆਂ ਦੇ ਹਿੱਤਾਂ ਦੀ ਰੱਖਿਆ ਉਨ੍ਹਾਂ ਨੇ ਜਿਸ ਦ੍ਰਿੜ੍ਹਤਾ ਨਾਲ ਕੀਤੀ ਹੈ, ਉਸ ਦੀਆਂ ਕੁਝ ਮਿਸਾਲਾਂ ਵੇਖੋ ।

ਦਿਆਲ ਸਿੰਘ ਕਾਲਜ, ਦਿੱਲੀ ਵਿੱਚ ਉਰਦੂ ਦੇ ਵਿਦਿਆਰਥੀ ਘਟ ਗਏ । ਕਾਲਜ ਦੇ ਰਜਿਸਟਰਾਰ ਨੇ ਉਨ੍ਹਾਂ ਨੂੰ ਸੁਝਾਅ ਦਿੱਤਾ ਕਿ ਮੌਰਨਿੰਗ ਤੇ ਈਵਨਿੰਗ ਦੋਵਾਂ ਕਾਲਜਾਂ ਵਿੱਚੋਂ ਦੋ ਪ੍ਰੋਫ਼ੈਸਰਾਂ ਵਿੱਚੋਂ ਇੱਕ ਦੀ ਛੁੱਟੀ ਕਰ ਦੇਈਏ । ਦੋਵਾਂ ਦਾ ਕੰਮ ਇੱਕੋ ਪ੍ਰੋਫ਼ੈਸਰ ਨਾਲ ਚਲਾ ਲਈਏ । ਦੀਵਾਨ ਸਾਹਿਬ ਭੜਕ ਉੱਠੇ : ਕੀ ਤੁਸੀਂ ਦਿਆਲ ਸਿੰਘ ਕਾਲਜ ਨੂੰ ਦੁਕਾਨ ਸਮਝਦੇ ਹੋ? ਹਲਦੀ ਜਾਂ ਧਨੀਆਂ ਮੁੱਕਿਆ ਤੇ ਦੁਕਾਨ ਬੰਦ । ਇਹ ਕਾਲਜ ਹੈ । ਜਿੰਨਾ ਚਿਰ ਇੱਕ ਵੀ ਵਿਦਿਆਰਥੀ ਹੈ, ਕਿਸੇ ਪ੍ਰੋਫ਼ੈਸਰ ਨੂੰ ਜਵਾਬ ਨਹੀਂ ਦੇਣਾ । ਅੱਜ ਨਹੀਂ ਤਾਂ ਅਗਲੇ ਸਾਲ ਦੋ ਸਾਲਾਂ ਵਿੱਚ ਵਿਦਿਆਰਥੀ ਆ ਜਾਣਗੇ, ਉਦੋਂ ਅਸੀਂ ਪ੍ਰੋਫ਼ੈਸਰ ਲੱਭਣ ਤੁਰਾਂਗੇ ? ਅੱਜ ਦੇ ਪ੍ਰਬੰਧਕ ਤਾਂ ਇੱਕ ਛੱਡ ਕੇ ਦੋਵੇਂ ਪ੍ਰੋਫ਼ੈਸਰ ਕੱਢ ਦਿੰਦੇ । ਉਹ ਵੀ ਉਰਦੂ ਪੜ੍ਹਾਉਣ ਵਾਲੇ ਮੁਸਲਮਾਨ । ਦੂਜੇ ਪਾਸੇ, ਦੀਵਾਨ ਸਾਹਿਬ ਬਾਰੇ ਮਸ਼ਹੂਰ ਸੀ ਕਿ ਕਿਸੇ ਨੌਕਰੀ ਲਈ ਵੀਹ ਅਰਜ਼ੀਆਂ ਵਿੱਚੋਂ ਇੱਕ ਅਰਜ਼ੀ ਜੇ ਕਿਸੇ ਮੁਸਲਮਾਨ ਦੀ ਹੋਵੇ ਤਾਂ ਉਹ ਮੁਸਲਮਾਨ ਨੂੰ ਚੁਣਨ ਦਾ ਯਤਨ ਕਰਦੇ । ਅੱਜਕੱਲ੍ਹ ਦੇ ਹਾਕਮ



ਤਾਂ ਉਨ੍ਹਾਂ ਨੂੰ ਪਾਕਿਸਤਾਨ ਜਾਣ ਦਾ ਮਸ਼ਵਰਾ ਦੇ ਦਿੰਦੇ ਕਿ ਜਾਓ ਲਾਹੌਰ ਦੇ ਦਿਆਲ ਸਿੰਘ ਕਾਲਜ ਵਿੱਚ ਜਾ ਕੇ ਆਪਣੀਆਂ ਰੀਝਾਂ ਪੂਰੀਆਂ ਕਰ ਲਓ ।

1972 ਵਿੱਚ ਹਰਿਆਣਾ ਕਾਲਜ ਟੀਚਰਜ਼ ਯੂਨੀਅਨ ਦੇ ਸੱਦੇ ਉੱਤੇ ਲੰਬੀ ਹੜਤਾਲ ਹੋਈ । ਸਰਕਾਰ ਨੇ ਕਰਨਾਲ ਕਾਲਜ ਦੇ ਇੱਕ ਆਗੂ ਪ੍ਰੋਫ਼ੈਸਰ ਨੂੰ ਨੌਕਰੀ ਤੋਂ ਕੱਢਣ ਲਈ ਦੀਵਾਨ ਸਾਹਿਬ ਉੱਤੇ ਪੂਰਾ ਦਬਾਅ ਪਾਇਆ । ਮੁੱਖ ਮੰਤਰੀ ਨੇ ਜ਼ਬਾਨੀ ਆਦੇਸ਼ ਦੇ ਕੇ ਕਾਲਜ ਦੀ ਗਰਾਂਟ ਵੀ ਬੰਦ ਕਰ ਦਿੱਤੀ । ਦੀਵਾਨ ਸਾਹਿਬ ਟੱਸ ਤੋਂ ਮੱਸ ਨਾ ਹੋਏ । ਇਹ ਹੀ ਨਹੀਂ, ਪੰਜਾਬ ਕਾਲਜ ਟੀਚਰ ਯੂਨੀਅਨ ਦੇ ਪ੍ਰਧਾਨਾਂ ਪ੍ਰੋ. ਪ੍ਰੀਤਮ ਸਿੰਘ ਅਤੇ ਪ੍ਰੋ. ਸ੍ਰੀ ਰਾਮ ਨੂੰ ਜਦੋਂ ਉਨ੍ਹਾਂ ਦੇ ਕਾਲਜਾਂ ਨੇ ਜਵਾਬ ਦਿੱਤਾ ਤਾਂ ਦੀਵਾਨ ਸਾਹਿਬ ਨੇ ਆਪਣੇ ਕੋਲ ਰੱਖ ਲਿਆ। ਇਸ ਤੋਂ ਵੀ ਅੱਗੇ ਵੇਖੋ, ਹੜਤਾਲ ਦੇ ਸਮੇਂ ਦੀ ਤਨਖ਼ਾਹ ਸਰਕਾਰ ਨੇ ਬੰਦ ਕਰਨ ਦੇ ਹੁਕਮ ਦਿੱਤੇ । ਪ੍ਰਾਈਵੇਟ ਕਾਲਜਾਂ ਨੇ ਵੀ ਝੱਟ ਮੰਨ ਲਏ । ਦੀਵਾਨ ਸਾਹਿਬ ਨੇ ਆਪਣੇ ਕਾਲਜ ਦੇ ਅਧਿਆਪਕਾਂ ਨੂੰ ਉਸ ਪੂਰੇ ਸਮੇਂ ਦੀ ਤਨਖ਼ਾਹ ਬਿਨਾਂ ਕਿਸੇ ਕਟੌਤੀ ਦੇ ਦਿੱਤੀ ਅਤੇ ਮੁੱਖ ਮੰਤਰੀ ਦੰਦੀਆਂ ਕਰੀਚ ਕੇ ਰਹਿ ਗਿਆ । ਕਰਨਾਲ ਕਾਲਜ ਵਿੱਚ ਹੀ ਇੱਕ ਦਿਨ ਵਿਦਿਆਰਥੀਆਂ ਦੇ ਦੋ ਗਰੁੱਪਾਂ ਵਿੱਚ ਲੜਾਈ ਹੋ ਗਈ । ਪ੍ਰਿੰਸੀਪਲ ਛੁੱਟੀ ’ਤੇ ਸੀ । ਐੱਸ.ਪੀ. ਨੂੰ ਪਤਾ ਲੱਗਾ ਤੇ ਉਹ ਕਾਲਜ ਪਹੁੰਚ ਗਿਆ । ਕਾਲਜ ਵਿਦਿਆਰਥੀਆਂ ਤੇ ਸਟਾਫ਼ ਨਾਲ ਉਹ ਕੁਝ ਗੁਸਤਾਖ਼ੀ ਨਾਲ ਪੇਸ਼ ਆਇਆ । ਦੀਵਾਨ ਸਾਹਿਬ ਨੂੰ ਪਤਾ ਲੱਗਾ ਤਾਂ ਉਨ੍ਹਾਂ ਮਸਲਾ ਗਵਰਨਰ ਤਕ ਉਠਾਇਆ ਅਤੇ ਐੱਸ.ਪੀ. ਨੂੰ ਖਿਮਾ ਮੰਗਣੀ ਪਈ । ਭਿਵਾਨੀ ਕਾਲਜ ਦੇ ਪ੍ਰੋ. ਆਈ. ਜੀ. ਚਾਵਲਾ ਨੂੰ ਕਾਲਜ ਵਾਲਿਆਂ ਕੱਢਣ ਲਈ ਮਨਘੜਤ ਚਾਰਜਸ਼ੀਟ ਦੇ ਦਿੱਤੀ । ਉਸ ਨੂੰ ਕਿਸੇ ਸਲਾਹ ਦਿੱਤੀ ਕਿ ਵੀ.ਸੀ. ਦੀਵਾਨ ਸਾਹਿਬ ਨੂੰ ਮਿਲੋ । ਬਿਨਾਂ ਕਿਸੇ ਜਾਣ-ਪਛਾਣ ਦੇ ਉਹ ਮਿਲਣ ਪਹੁੰਚ ਗਿਆ। ਦੀਵਾਨ ਸਾਹਿਬ ਨੇ ਉਸ ਦਾ ਬਾਇਓਡੇਟਾ ਵੇਖਿਆ । ਚਾਰਜਸ਼ੀਟ ਪੜ੍ਹੀ । ਉਸ ਦੀ ਰਾਮ ਕਹਾਣੀ ਸੁਣੀ ਤੇ ਕਿਹਾ ਕਿ ਪਹਿਲੀ ਤਾਰੀਖ਼ ਤੋਂ ਕਰਨਾਲ ਕਾਲਜ ਵਿੱਚ ਨੌਕਰੀ ਉੱਤੇ ਹਾਜ਼ਰ ਹੋ ਜਾਓ । ਬਾਅਦ ਵਿੱਚ ਉਨ੍ਹਾਂ ਉਸ ਦੀ ਕਾਲਜ ਵੱਲੋਂ ਕੱਟੀ ਤਨਖ਼ਾਹ ਵੀ ਦਿਵਾਈ ।

ਦੀਵਾਨ ਸਾਹਿਬ ਦਾ ਇੱਕ ਖੋਜ ਵਿਦਿਆਰਥੀ ਉਨ੍ਹਾਂ ਨਾਲ ਆਪਣੇ ਖੋਜ ਕਾਰਜ ਬਾਰੇ ਵਿਚਾਰ ਲਈ ਬੈਠਾ ਸੀ ਕਿ ਕੋਈ ਗ਼ਰੀਬ ਦਿਹਾਤੀ ਆ ਗਿਆ ਤੇ ਕਹਿਣ ਲੱਗਾ, “ਰਾਤ ਕੋ ਬਹੁਤ ਠੰਢੀ ਹੋਤੀ ਹੈ।” ਦੀਵਾਨ ਸਾਹਿਬ ਨੇ ਪੁੱਛਿਆ, “ਦੱਸੋ ਮੇਰੇ ਤੋਂ ਕੀ ਚਾਹੁੰਦੇ ਹੋ?” ਉਸ ਨੇ ਕਿਹਾ ਮੇਰੇ ਕੋਲ ਰਜਾਈ ਨਹੀਂ । ਦੀਵਾਨ ਸਾਹਿਬ ਨੇ ਲੈਕਚਰ ਅਸਿਸਟੈਂਟ ਨੂੰ ਬੁਲਾ ਕੇ ਉਸ

ਨੂੰ ਰਜਾਈ ਲੈ ਕੇ ਦੇਣ ਲਈ ਕਿਹਾ । ਇਹ ਖੋਜਾਰਥੀ ਬਾਅਦ ਵਿੱਚ ਡਾ. ਐੱਨ.ਕੇ. ਗੁਪਤਾ ਦੇ ਰੂਪ ਵਿੱਚ ਜ਼ੁਆਲੋਜੀ ਦਾ ਚੋਟੀ ਦਾ ਪ੍ਰੋਫ਼ੈਸਰ ਬਣਿਆ । ਉਸ ਨੂੰ ਪਤਾ ਸੀ ਕਿ ਦੀਵਾਨ ਸਾਹਿਬ ਬੜੇ ਰਈਸ ਪਰਿਵਾਰ ਵਿੱਚੋਂ ਹਨ। ਉਸ ਨੇ ਇੱਕ ਦਿਨ ਪੁੱਛ ਲਿਆ ਕਿ ਤੁਸੀਂ ਤਨਖ਼ਾਹ ਦਾ ਕੀ ਕਰਦੇ ਹੋ? ਉਨ੍ਹਾਂ ਦੱਸਿਆ ਕਿ ਉਹ ਬਿਨਾਂ ਜ਼ਾਤ-ਪਾਤ ਤੇ ਧਰਮ ਦੇ ਭੇਦ ਦੇ ਇਸ ਨੂੰ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਖ਼ਰਚ ਦਿੰਦੇ ਹਨ।

ਦੀਵਾਨ ਸਾਹਿਬ ਨੇ ਇੱਕ ਵਾਰ ਕਿਸੇ ਨਾ ਸੁਧਰਨ ਵਾਲੇ ਮੁਲਾਜ਼ਮ ਨੂੰ ਉਸ ਦੀ ਕੋਤਾਹੀ ਲਈ ਪੰਜਾਹ ਰੁਪਏ ਜੁਰਮਾਨਾ ਕੀਤਾ ਅਤੇ ਉਸ ਵੇਲੇ ਫ਼ਾਈਲ ਡੀਲ ਕਰਵਾ ਰਹੇ ਡਿਪਟੀ ਰਜਿਸਟਰਾਰ ਚਮਨ ਲਾਲ ਨੂੰ ਕਿਹਾ: **"ਬੰਦਾ ਗ਼ਰੀਬ ਹੈ। ਜੁਰਮਾਨੇ ਦਾ ਭਾਰ ਪਰਿਵਾਰ ਉੱਤੇ ਪੈਣਾ ਹੈ । ਇਸ ਬਦਮਾਸ਼ ਦੀ ਤਨਖ਼ਾਹ ਵਿੱਚੋਂ ਜੁਰਮਾਨਾ ਨਾ ਕੱਟਣਾ । ਚਿੱਠੀ ਜ਼ਰੂਰ ਦੇ ਦਿਓ । ਇਹ ਜੁਰਮਾਨਾ ਮੈਂ ਭਰਾਂਗਾ ।"** ਉਨ੍ਹਾਂ ਕਦੇ ਕਿਸੇ ਵਿਦਿਆਰਥੀ ਨੂੰ ਡਫਰ ਨਹੀਂ ਸੀ ਕਿਹਾ । ਉਹ ਕਹਿੰਦੇ ਹਰ ਬੱਚੇ ਵਿੱਚ ਕੁਝ ਨਾ ਕੁਝ ਬਣਨ ਦੀ ਯੋਗਤਾ ਹੁੰਦੀ ਹੈ। ਉਸ ਨੂੰ ਪਛਾਣਨ ਦੀ ਲੋੜ ਹੁੰਦੀ ਹੈ। ਹਰ ਬੰਦੇ ਨੂੰ ਸੁਧਾਰਨਾ ਸੰਭਵ ਹੈ, ਸਬਰ ਦੀ ਲੋੜ ਹੁੰਦੀ ਹੈ ।

ਉਮਰ ਦੇ ਵਧਣ ਨਾਲ ਜਵਾਨੀ ਵਾਲੀ ਸ਼ੌਕੀਨੀ ਦੀ ਥਾਂ ਉਨ੍ਹਾਂ ਵਿੱਚ ਸਾਦਗੀ ਵਧਦੀ ਚਲੀ ਗਈ । ਦਿਲ ਦੀ ਤਕਲੀਫ਼ ਦੇ ਬਾਵਜੂਦ ਉਨ੍ਹਾਂ ਦੀਆਂ ਅਕਾਦਮਿਕ, ਪ੍ਰਬੰਧਕੀ, ਸਮਾਜਿਕ ਸਰਗਰਮੀਆਂ ਵਿੱਚ ਕੋਈ ਕਮੀ ਨਾ ਆਈ । ਸਿੱਖਿਆ ਮੰਤਰੀ ਅਬੁਲ ਕਲਾਮ ਆਜ਼ਾਦ ਤੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਨਿਕਟ ਸੰਬੰਧਾਂ ਦੇ ਬਾਵਜੂਦ ਉਨ੍ਹਾਂ ਕਿਸੇ ਅਹੁਦੇ ਦੀ ਲਾਲਸਾ ਨਹੀਂ ਕੀਤੀ । ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ 1 ਮਾਰਚ 1980 ਨੂੰ ਉਨ੍ਹਾਂ ਨੂੰ ਆਨਰੇਰੀ ਡੀ.ਐੱਸ.ਸੀ. ਵਿਸ਼ੇਸ਼ ਕਨਵੋਕੇਸ਼ਨ ਕਰਕੇ ਭੇਟ ਕੀਤੀ । 28 ਮਈ 1981 ਨੂੰ ਉਨ੍ਹਾਂ ਨੇ ਆਪਣੇ ਵਫ਼ਾਦਾਰ ਸਹਾਇਕ ਕਾਲੂ ਨੂੰ ਬੁਲਾਇਆ ਅਤੇ ਕਿਹਾ, "ਕਾਲੂ ਜੀ, ਮੇਰਾ ਜਾਣ ਦਾ ਸਮਾਂ ਆ ਗਿਆ ਹੈ । ਕੁਝ ਦੇਰ ਬਾਅਦ ਉਹ ਸਵਾਸ ਤਿਆਗ ਗਏ ।

*ਸਾਬਕਾ ਪ੍ਰੋ. ਅਤੇ ਡੀਨ, ਅਕਾਦਮਿਕ ਮਾਮਲੇ,
ਪੰਜਾਬੀ ਯੂਨੀਵਰਸਿਟੀ, ਪਟਿਆਲਾ ।
ਸੰਪਰਕ : 98722-60550

(ਪੰ: ਟ੍ਰਿ: 5 ਅਗਸਤ 2018 'ਚੋਂ ਧੰਨਵਦ ਸਹਿਤ !)



# ਨੇਤਰਹੀਣਾਂ ਲਈ ਬਰੇਲ ਲਿਪੀ ਦੀ ਖੋਜ ਕਰਨ ਵਾਲਾ-ਲੂਈ ਬਰੇਲ

**ਕਰਨੈਲ ਸਿੰਘ ਐਮ. ਏ.**

ਨੇਤਰਹੀਣ ਵਿਦਿਆਰਥੀ/ਵਿਅਕਤੀ ਆਪਣੀ ਪੜ੍ਹਾਈ ਇਕ ਲਿਪੀ ਰਾਹੀਂ ਕਰਦੇ ਹਨ, ਜਿਸ ਨੂੰ ਬਰੇਲ ਲਿਪੀ ਕਿਹਾ ਜਾਂਦਾ ਹੈ। ਇਹ ਲਿਪੀ ਛੇ ਬਿੰਦੂਆਂ 'ਤੇ ਅਧਾਰਤ ਹੈ। ਇਨ੍ਹਾਂ ਛੇ ਨੁਕਤਿਆਂ ਵਾਲੇ ਸੁਰਾਖਾਂ, ਛੇਕਾਂ ਨੂੰ ਅੱਗੇ-ਪਿੱਛੇ ਕਰਕੇ ਹੀ ਵੱਖ-ਵੱਖ ਭਾਸ਼ਾਵਾਂ ਦੇ ਅੱਖਰ ਬਣਾਏ ਜਾਂਦੇ ਹਨ । ਨੇਤਰਹੀਣਾਂ ਲਈ ਇਸ ਲਿਪੀ ਨੂੰ ਲੂਈ ਬਰੇਲ ਨੇ ਤਿਆਰ ਕੀਤਾ ਹੈ ।

ਲੂਈ ਬਰੇਲ ਦਾ ਜਨਮ 4 ਜਨਵਰੀ, 1809 ਈ: ਨੂੰ ਫ਼ਰਾਂਸ ਦੀ ਰਾਜਧਾਨੀ ਪੈਰਿਸ ਤੋਂ ਕੁਝ ਦੂਰ ਕੁਰਵੇ ਨਾਂ ਦੇ ਇਕ ਕਸਬੇ ਵਿੱਚ ਹੋਇਆ । ਉਨ੍ਹਾਂ ਦੇ ਪਿਤਾ ਸਾਈਮਨ ਰੇਨੇ ਚਮੜੇ (ਘੋੜਿਆਂ ਦੀਆਂ ਲਗਾਮਾਂ ਤੇ ਜ਼ੀਨ ਬਣਾਉਣ) ਦਾ ਕੰਮ ਕਰਦੇ ਸਨ । ਜਦੋਂ ਲੂਈ ਚਾਰ ਸਾਲ ਦੇ ਕਰੀਬ ਹੋਇਆ ਤਾਂ ਪਿਤਾ ਦੀ ਫੈਕਟਰੀ/ਵਰਕਸ਼ਾਪ ਵਿੱਚ ਚਮੜੇ ਨੂੰ ਸਿਊਣ ਵਾਲਾ ਸੂਆ ਤਿਲਕ ਕੇ ਇਸ (ਲੂਈ) ਦੀ ਅੱਖ ਵਿੱਚ ਜਾ ਵੱਜਿਆ । ਉਸ ਦੀ ਇਕ ਅੱਖ ਦੀ ਨਜ਼ਰ ਘਟ ਗਈ । ਹੌਲੀ-ਹੌਲੀ ਇਸ ਦਾ ਅਸਰ ਦੂਜੀ ਅੱਖ 'ਤੇ ਵੀ ਹੋਇਆ ਤੇ ਉਹ ਵੀ ਖ਼ਰਾਬ ਹੋ ਗਈ । ਛੇ ਸਾਲ ਦੀ ਉਮਰ ਤੋਂ ਪਹਿਲਾਂ ਹੀ ਲੂਈ ਨੇਤਰਹੀਣ (ਅੰਨ੍ਹਾ) ਹੋ ਗਿਆ । ਲੂਈ ਨੂੰ ਪਿੰਡ ਦੇ ਆਮ ਬੱਚਿਆਂ ਦੇ ਸਕੂਲ ਵਿੱਚ ਪੜ੍ਹਨੇ ਪਾਇਆ ਗਿਆ। ਉਸ ਨੇ ਆਪਣੀ ਲਿਆਕਤ ਤੇ ਸੂਝ-ਬੂਝ ਨਾਲ ਆਮ ਬੱਚਿਆਂ ਨਾਲੋਂ ਵਧ-ਚੜ੍ਹ ਕੇ ਸਿੱਖਿਆ ਦੇ ਖੇਤਰ ਵਿੱਚ ਭਾਗ ਲੈ ਕੇ ਆਪਣੇ ਅੰਦਰਲੀ ਛੁਪੀ ਪ੍ਰਤਿਭਾ ਨੂੰ ਪੇਸ਼ ਕਰਨ ਦਾ ਯਤਨ ਕੀਤਾ । ਦਸ ਸਾਲ ਦੀ ਉਮਰ ਵਿੱਚ ਉਸ ਨੂੰ ਪੈਰਿਸ ਵਿੱਚ ਨੇਤਰਹੀਣਾਂ ਲਈ ਵਿਸ਼ੇਸ਼ ਸਕੂਲ 'ਰਾਇਲ ਇੰਸਟੀਚਿਊਸ਼ਨ ਫਾਰ ਬਲਾਈਂਡ' ਵਿਖੇ ਪੜ੍ਹਨੇ ਪਾਇਆ ਗਿਆ ।

ਫਰਾਂਸੀਸੀ ਤੋਪਖ਼ਾਨੇ ਦੇ ਜਨਰਲ ਮੇਜਰ ਚਾਰਲਸ ਬਾਰਬਰੀਅਰ ਨੇ ਸਕੂਲ ਦਾ ਸਰਵੇਖਣ ਕਰਕੇ ਸੈਨੋਗ੍ਰਾਫ਼ੀ (ਰਾਤ ਲੇਖਣ ਪ੍ਰਣਾਲੀ/ਆਵਾਜ਼ ਕੱਢਣ ਵਾਲੇ ਲਿਪੀ ਯੰਤਰ) ਦੀ ਖੋਜ ਕੀਤੀ ਜਿਸ ਨੂੰ ਬਰੇਲ ਦਾ ਨਾਂ ਦਿੱਤਾ ਜਾਂਦਾ ਸੀ ਪਰ ਉਹ ਲਿਪੀ 12 ਬਿੰਦੂਆਂ 'ਤੇ ਅਧਾਰਤ ਸੀ, ਜੋ ਕੁਝ ਨਿਸ਼ਚਿਤ ਆਵਾਜ਼ਾਂ 'ਤੇ ਅਧਾਰਤ ਸਨ । ਇਸ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਿਵਸਥਾ ਨਹੀਂ ਸੀ ਤੇ ਉਹ ਉਂਗਲੀ ਦੇ ਪੋਟਿਆਂ ਥੱਲੇ ਵੀ ਨਹੀਂ ਆਉਂਦੇ

ਸਨ । ਲੂਈ ਨੇ ਇਸ ਲਿਪੀ ਨੂੰ ਆਧਾਰ ਬਣਾ ਕੇ ਵੀਹ ਸਾਲ ਦੀ ਉਮਰ ਵਿੱਚ ਯਾਨੀ 1829 ਵਿੱਚ ਛੇ ਬਿੰਦੂਆਂ ਨੂੰ ਉੱਪਰ ਤੋਂ ਥੱਲੇ ਤਕ ਤਿੰਨ-ਤਿੰਨ ਦੀਆਂ ਦੋ ਲਾਈਨਾਂ ਵਿੱਚ ਜੋੜ ਕੇ ਲਿਖਿਆ । ਇਨ੍ਹਾਂ ਛੇ ਬਿੰਦੂਆਂ ਨੂੰ ਵੱਖ-ਵੱਖ ਰੂਪਾਂ ਤੇ ਸਥਿਤੀ ਵਿੱਚ ਰੱਖ ਕੇ 63 ਕਲਾ ਤਿਆਰ ਕੀਤੀਆਂ/ਵਾਕ ਬਣਤਰਾਂ ਬਣਾਈਆਂ । ਇਸ ਵਿੱਚ ਵੱਖ-ਵੱਖ ਅੱਖਰਾਂ ਲਈ ਵਿਸ਼ੇਸ਼ ਚਿੰਨ੍ਹ ਅਤੇ ਵਿਸ਼ਰਾਮ ਚਿੰਨ੍ਹ ਵੀ ਮਿਲਦੇ ਸਨ । ਲੂਈ ਨੇ 1837 ਵਿੱਚ ਸਵਰ ਲਿਪੀ ਨੂੰ ਪ੍ਰਕਾਸ਼ਿਤ ਕੀਤਾ। ਲੂਈ ਨੇ (Method of writing words music and plane songs by means of dots for your by the blind and arranged for them.) ਪੁਸਤਕ ਵੀ ਪ੍ਰਕਾਸ਼ਿਤ ਕਰਵਾਈ। ਲੂਈ ਨੂੰ ਸੰਗੀਤ ਵਿੱਚ ਕਾਫ਼ੀ ਮੁਹਾਰਤ ਹਾਸਲ ਸੀ ਤੇ ਉਹ ਵਾਇਲਨ ਵਜਾਉਣ ਦਾ ਚੰਗਾ ਵਾਦਕ ਸੀ । ਉਸ ਨੇ ਸੰਗੀਤ ਪ੍ਰੋਗਰਾਮਾਂ ਵਿੱਚ ਵੀ ਵਧ-ਚੜ੍ਹ ਕੇ ਹਿੱਸਾ ਲਿਆ । ਲੂਈ ਨੇ ਰੈਫੀਗ੍ਰਾਫ਼ੀ ਦੀ ਖੋਜ ਕੀਤੀ । ਇਸ ਵਿੱਚ ਰੋਮਨ ਅੱਖਰਾਂ ਨੂੰ ਲਿਖਣ ਲਈ ਬਿੰਦੂਆਂ ਨੂੰ ਕਰਮ ਵਿੱਚ ਉਭਾਰਿਆ ਜਾਂਦਾ ਸੀ । ਰੈਫੀਗ੍ਰਾਫ਼ੀ ਦੁਆਰਾ ਨੇਤਰਹੀਣ ਵਿਅਕਤੀ ਆਪਣੇ ਸੁਜਾਖੇ (ਆਮ ਦੇਖਣ ਵਾਲੇ) ਦੋਸਤਾਂ-ਮਿੱਤਰਾਂ ਨੂੰ ਚਿੱਠੀ-ਪੱਤਰ ਲਿਖ ਸਕਦੇ ਸਨ । ਲੂਈ ਬਰੇਲ 43 ਸਾਲ ਦੀ ਉਮਰ ਬਤੀਤ ਕਰਕੇ 6 ਜਨਵਰੀ 1852 ਈ: ਨੂੰ ਅਕਾਲ ਚਲਾਣਾ ਕਰ ਗਿਆ । ਉਸ ਦੀ ਮੌਤ ਤੋਂ ਬਾਅਦ ਹੀ ਇਸ ਲਿਪੀ ਦਾ ਨਾਂ 'ਬਰੇਲ ਲਿਪੀ' ਪੈ ਗਿਆ । ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ. ਬੀ.ਐਸ.ਈ.) ਦੇ ਸਿਲੇਬਸ ਵਿੱਚ 'ਲੂਈ ਬਰੇਲ' ਦਾ ਜੀਵਨ ਵੀ ਪੜ੍ਹਾਇਆ ਜਾ ਰਿਹਾ ਹੈ । ਪੰਜਾਬ ਵਿੱਚ ਬਰੇਲ ਲਿਪੀ ਰਾਹੀਂ ਪੜ੍ਹਾਉਣ ਦਾ ਕੰਮ ਸਭ ਤੋਂ ਪਹਿਲਾਂ 1885 ਈ: ਵਿੱਚ ਅੰਮ੍ਰਿਤਸਰ ਵਿਖੇ ਵਿਕਟੋਰੀਆ ਸਕੂਲ ਦੇ ਨਾਂ 'ਤੇ ਸ਼ੁਰੂ ਕੀਤਾ ਗਿਆ, ਜੋ ਅੱਜਕੱਲ੍ਹ 116, ਰਾਜਪੁਰ ਰੋਡ, ਦੇਹਰਾਦੂਨ ਵਿਖੇ ਸਥਿਤ ਹੈ ।

1138/63-ਏ, ਗੁਰੂ ਤੇਗ ਬਹਾਦਰ ਨਗਰ
ਗਲੀ ਨੰ: 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ ।

(ਰੋਜ਼ਾਨਾ ਅਜੀਤ 04-01-2018 'ਚੋਂ ਧੰਨਵਾਦ ਸਹਿਤ !)



# ਪ੍ਰੋਫ਼ੈਸਰ ਪ੍ਰੀਤਮ ਸਿੰਘ ਨੂੰ ਯਾਦ ਕਰਦਿਆਂ

**ਦਲੀਪ ਕੌਰ ਟਿਵਾਣਾ (ਡਾ.)**

ਹਮੇਸ਼ਾਂ ਤੋਂ ਹੀ ਧੀ ਦਾ ਜੰਮਣਾ ਅਸ਼ੁੱਭ ਮੰਨਿਆ ਜਾਂਦਾ ਰਿਹਾ ਹੈ, ਜਿਸ ਕਰਕੇ ਕੁੜੀਆਂ ਦੇ ਪਾਲਣ-ਪੋਸ਼ਣ, ਪੜ੍ਹਾਈ ਅਤੇ ਜਾਇਦਾਦ ਦੀ ਵੰਡ ਵੇਲੇ ਹਮੇਸ਼ਾਂ ਉਨ੍ਹਾਂ ਨਾਲ ਦਵੈਤ ਹੁੰਦੀ ਰਹੀ ਹੈ । ਪਰ ਪ੍ਰੋ. ਪ੍ਰੀਤਮ ਸਿੰਘ ਨੇ ਹਮੇਸ਼ਾਂ ਹੀ ਪੁੱਤਰ ਅਤੇ ਧੀਆਂ ਵਿੱਚ ਕੋਈ ਫ਼ਰਕ ਨਹੀਂ ਸੀ ਰੱਖਿਆ। ਆਪਣੀ ਸੀਮਿਤ ਜਿਹੀ ਕਮਾਈ ਵਿੱਚ ਧੀਆਂ ਅਤੇ ਪੁੱਤਰ ਸਭ ਨੂੰ ਹੀ ਉੱਚੀ ਵਿੱਦਿਆ ਦਿਵਾਈ, ਚੰਗੇ ਸੰਸਕਾਰ ਦਿੱਤੇ ਤੇ ਜ਼ਿੰਦਗੀ ਵਿੱਚ ਆਪਣੇ ਬਲਬੂਤੇ ਸਿਰ ਉੱਚਾ ਕਰਕੇ ਜਿਉਣ ਦੀ ਜਾਚ ਸਿਖਾਈ ।

ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਵੱਡੇ ਬੰਦਿਆਂ ਦੇ ਬੱਚੇ ਨਾਲਾਇਕ ਹੁੰਦੇ ਨੇ । ਪਰ ਪ੍ਰੋ. ਪ੍ਰੀਤਮ ਸਿੰਘ ਨੇ ਇਹ ਗੱਲ ਆਪਣੇ ਤੇ ਆਪਣੇ ਬੱਚਿਆਂ ਨਾਲ ਨਹੀਂ ਵਾਪਰਨ ਦਿੱਤੀ । ਆਖਦੇ ਨੇ ਵੱਡੇ ਦਰੱਖਤ ਦੀ ਛਾਂ ਹੇਠ ਛੋਟੇ ਬੂਟੇ ਨਕੱਦੇ ਰਹਿ ਜਾਂਦੇ ਨੇ, ਪੂਰੀ ਤਰ੍ਹਾਂ ਵਧਦੇ ਫੁਲਦੇ ਨਹੀਂ । ਪਰ ਪ੍ਰੋ. ਪ੍ਰੀਤਮ ਸਿੰਘ ਅਜਿਹਾ ਵੱਡਾ ਦਰੱਖ਼ਤ ਸੀ ਜਿਸਨੇ ਆਪਣੀ ਛਾਂ ਹੇਠਾਂ ਉੱਗਣ ਵਾਲੇ ਸਾਰੇ ਹੀ ਬੂਟਿਆਂ ਲਈ ਏਨੀ ਕੁ ਧੁੱਪ ਛਾਂ ਦਾ ਪ੍ਰਬੰਧ ਕਰੀ ਰੱਖਿਆ ਕਿ ਉਹ ਪੂਰੇ ਦੇ ਪੂਰੇ ਵਧ-ਫੁੱਲ ਸਕਣ । ਉਦਾਹਰਣਾਂ ਤੁਹਾਡੇ ਸਾਹਮਣੇ ਹਨ: ਧੀਆਂ ਡਾਕਟਰ-ਪ੍ਰੋਫ਼ੈਸਰ ਹਨ ਤੇ ਪੁੱਤਰ ਜੈ ਰੂਪ ਸਿੰਘ ਵਾਈਸ-ਚਾਂਸਲਰ ।

ਉਨ੍ਹਾਂ ਨੇ ਆਪਣੇ ਪੁੱਤਰ ਤੇ ਧੀਆਂ ਵਿੱਚ ਮੈਨੂੰ ਵੀ ਸ਼ਾਮਲ ਕਰ ਲਿਆ ਸੀ ਬੇਟੀ ਆਖ ਕੇ। ਭਾਵੇਂ ਮੈਂ ਉਨ੍ਹਾਂ ਦੀ ਧੀ ਦਸਾਂ ਵਿੱਚ ਦੋ ਨੰਬਰ ਲੈਣ ਵਾਲੀ ਨਾਲਾਇਕ ਜਿਹੀ ਵਿਦਿਆਰਥਣ ਸਾਂ ।

ਪ੍ਰੋ. ਸਾਹਿਬ ਸਿੰਘ ਜਿਨ੍ਹਾਂ ਨੇ ਵੀਹ ਸਾਲ ਦੀ ਮਿਹਨਤ ਨਾਲ ਦਸਾਂ ਜਿਲਦਾਂ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਤਿਆਰ ਕੀਤਾ ਸੀ, ਦੇ ਪ੍ਰੋ. ਪ੍ਰੀਤਮ ਸਿੰਘ ਜਵਾਈ ਸਨ । ਉਨ੍ਹਾਂ ਦਾ ਜਵਾਈ ਹੋਣਾ ਕੋਈ ਛੋਟੀ ਗੱਲ ਨਹੀਂ ਸੀ । ਇਸੇ ਤਰ੍ਹਾਂ ਅੱਖਾਂ ਦੇ ਵਿਸ਼ਵ ਪ੍ਰਸਿੱਧ ਮਾਹਰ ਡਾਕਟਰ ਦਲਜੀਤ ਸਿੰਘ ਉਨ੍ਹਾਂ ਦੇ ਸਾਲੇ ਸਨ । ਇਸ ਦੇ ਬਾਵਜੂਦ ਪ੍ਰੋ. ਪ੍ਰੀਤਮ ਸਿੰਘ ਨੇ ਆਪਣੀ ਵੱਖਰੀ ਪਛਾਣ ਬਣਾਈ ਉੱਚ ਪਾਏ ਦੇ ਖੋਜੀ ਵਿਦਵਾਨ ਦੀ, ਵੱਡੇ ਤੇ ਯੋਗ ਟੀਚਰ ਹੋਣ ਦੀ ।

ਪ੍ਰੋ. ਪ੍ਰੀਤਮ ਸਿੰਘ ਦੀ ਘਰ-ਗ੍ਰਿਸਤੀ, ਰਹਿਣ-ਸਹਿਣ, ਖਾਣ-ਪੀਣ ਸਭ ਕੁਝ ਹੀ ਬੜਾ ਸਾਧਾਰਨ ਪੱਧਰ ਦਾ ਸੀ, ਪਰ ਉਨ੍ਹਾਂ ਦੀ ਲਿਆਕਤ ਅਸਾਧਾਰਨ ਸੀ । ਆਪਣੇ ਘਰ ਵਿੱਚ ਤੇ ਆਪਣੇ ਵਿਦਿਆਰਥੀਆਂ ਲਈ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਆਪਣੇ ਪੜ੍ਹਨ-ਲਿਖਣ, ਆਪਣੇ ਵਿਵਹਾਰ ਨਾਲ ਇੱਕ ਅਜਿਹਾ ਮਾਹੌਲ ਸਿਰਜਿਆ ਜਿਸ ਵਿੱਚ ਪੁਰਾਣੇ ਰਿਸ਼ੀਆਂ ਦੇ ਵੇਲੇ ਦੀ ਗੁਰੂ-ਸਿਸ਼ ਪਰੰਪਰਾ ਜੀਵਤ ਹੋ ਗਈ। ਉਨ੍ਹਾਂ ਦੇ ਪੜ੍ਹਾਉਣ ਦਾ ਤਰੀਕਾ, ਉਨ੍ਹਾਂ ਦੇ ਪਤਾ ਨਹੀਂ ਕਿੰਨੇ ਜਨਮਾਂ ਤੋਂ ਇਕੱਠੀ ਕੀਤੀ ਸੋਚ ਅਤੇ ਸਮਝ ਵਿੱਚੋਂ ਦੀ ਲੰਘ ਆਉਣ ਕਰਕੇ, ਮਿੱਟੀ ਦੇ ਬਣੇ ਵਿਦਿਆਰਥੀ ਖਿਡੌਣਿਆਂ ਨੂੰ ਕਲਾਕ੍ਰਿਤੀਆਂ ਵਿੱਚ ਬਦਲ ਦਿੰਦਾ ਸੀ । ਪਿਛਲੇ ਸਮੇਂ ਵਿੱਚ ਪੰਜਾਬੀ ਸਾਹਿਤ ਦੀ ਹਰ ਵਿਧ ਵਿੱਚ ਲਾਇਕ ਬੰਦੇ ਸਭ ਇਨ੍ਹਾਂ ਦੇ ਵਿਦਿਆਰਥੀ ਹੀ ਸਨ । ਡਾ. ਅਤਰ ਸਿੰਘ, ਡਾ. ਬਲਬੀਰ ਸਿੰਘ ਸੰਧੂ, ਡਾ. ਵਿਸ਼ਵਾਨਾਥ ਤਿਵਾੜੀ, ਹਰਿੰਦਰ ਸਿੰਘ ਮਹਿਬੂਬ, ਡਾ. ਗੁਰਭਗਤ ਸਿੰਘ, ਨਵਤੇਜ ਭਾਰਤੀ ਤੇ ਉਹ ਸਾਰੇ, ਜਿਨ੍ਹਾਂ ਦਾ ਮੈਂ 'ਭੂਤਵਾੜੇ' ਲੇਖ ਵਿੱਚ ਜ਼ਿਕਰ ਕੀਤਾ ਸੀ, ਨੂੰ ਪ੍ਰੋ. ਪ੍ਰੀਤਮ ਸਿੰਘ ਨੇ ਆਪਣੇ ਹੀ ਰੰਗ ਵਿੱਚ ਰੰਗ ਦਿੱਤਾ ਸੀ । ਉਹ ਪੜ੍ਹਨ ਲਿਖਣ ਨੂੰ ਹੀ ਆਪਣਾ ਧਰਮ ਇਮਾਨ ਸਮਝਣ ਲੱਗ ਪਏ ਸਨ ਤੇ ਮਾਂ ਸਰਸਵਤੀ ਤੋਂ ਆਪਣੇ ਇਸ ਧਰਮ-ਇਮਾਨ ਦੀ ਰੱਖਿਆ ਮੰਗਦੇ ਸਨ ।

ਬੋਲੀ, ਸਾਹਿਤ ਜਾਂ ਸੱਭਿਆਚਾਰ ਨਾਲ ਸੰਬੰਧਿਤ ਕਿਸੇ ਵੀ ਸਲਾਹ ਮਸ਼ਵਰੇ ਲਈ ਪ੍ਰੋ. ਪ੍ਰੀਤਮ ਸਿੰਘ ਦੇ ਘਰ ਦੇ ਦਰਵਾਜ਼ੇ ਹਮੇਸ਼ਾਂ ਖੁੱਲ੍ਹੇ ਰਹਿੰਦੇ ਸਨ। ਉਨ੍ਹਾਂ ਦੀ ਲਗਨ, ਉਨ੍ਹਾਂ ਦਾ ਸਿਰੜ ਤੇ ਉਨ੍ਹਾਂ ਦੇ ਇਰਾਦੇ ਅੱਗੇ ਮੌਤ ਨੂੰ ਵੀ ਝੁਕਣਾ ਪਿਆ ਸੀ । ਇੱਕ ਵਾਰੀ ਉਹ ਬਹੁਤ ਬਿਮਾਰ ਹੋ ਗਏ ਸਨ। ਮੈਂ ਹਸਪਤਾਲ ਪਤਾ ਕਰਨ ਗਈ । ਉਦੋਂ ਮੇਰੀਆਂ ਅੱਖਾਂ ਭਰ ਆਈਆਂ । ਉਹ ਆਖਣ ਲੱਗੇ, "ਕਮਲੀਏ ਰੋਂਦੀ ਕਿਉਂ ਐਂ, ਮੈਂ ਅਜੇ ਨਹੀਂ ਮਰਨ ਲੱਗਿਆ । ਮੇਰੇ ਕੁਝ ਕੰਮ ਅਜੇ ਅਧੂਰੇ ਪਏ ਨੇ, ਜਦੋਂ ਤਕ ਮੁੱਕਦੇ ਨਹੀਂ ਮੈਂ ਕਿਤੇ ਨਹੀਂ ਜਾਣ ਲੱਗਿਆ ।" ਮੈਨੂੰ ਪਤਾ ਸੀ ਪ੍ਰੋਫ਼ੈਸਰ ਸਾਹਿਬ ਠੀਕ ਆਖ ਰਹੇ ਨੇ । ਇਸ ਮਗਰੋਂ ਉਹ ਕਾਫ਼ੀ ਚਿਰ ਸਰਗਰਮ ਰਹੇ ।

ਪ੍ਰੋ. ਪ੍ਰੀਤਮ ਸਿੰਘ ਵੱਲੋਂ ਖਰੜਿਆਂ ਦੀ ਭਾਲ ਤੇ ਸੰਭਾਲ, ਉਨ੍ਹਾਂ ਵੱਲੋਂ ਰਚੀਆਂ ਅਨੇਕਾਂ ਮੌਲਿਕ ਪੁਸਤਕਾਂ ਅਤੇ ਉਨ੍ਹਾਂ ਦੇ ਖੋਜ ਕਾਰਜਾਂ ਵਿਚਲੀਆਂ ਅੰਤਰ ਦ੍ਰਿਸ਼ਟੀਆਂ ਨੂੰ ਸਮਝਣ ਤੇ ਸਮਝਾਉਣ ਲਈ ਕਾਫ਼ੀ ਸਾਰੇ ਵਿਦਵਾਨਾਂ



ਨੂੰ ਕੰਮ ਕਰਨਾ ਪਵੇਗਾ । ਮੈਂ ਤਾਂ ਸਿਰਫ਼ ਉਨ੍ਹਾਂ ਦੇ ਬਹੁਪਰਤੀ ਵਿਅਕਤਿਤਵ ਵਿੱਚੋਂ ਇੱਕ ਪਹਿਲੂ, ਉਨ੍ਹਾਂ ਦੇ ਸਿਰੜ ਦੀ ਗੱਲ ਕਰਨੀ ਚਾਹਾਂਗੀ । ਇੱਕ ਵਾਰੀ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਵਿੱਚ ਪੰਜਾਬੀ ਸਾਹਿਤ ਅਕੈਡਮੀ ਦੀ ਜਦੋਂ ਮੈਂ ਪ੍ਰਧਾਨ ਸੀ ਤਾਂ ਮੈਂ ਪ੍ਰੋ. ਪ੍ਰੀਤਮ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਇੱਕ ਪੰਜਾਬੀ ਲਿਖਾਰੀ ਕੋਸ਼ ਤਿਆਰ ਕਰ ਦੇਣ । ਕਿਉਂਕਿ ਬਹੁਤ ਸਾਰੇ ਲਿਖਾਰੀਆਂ ਬਾਰੇ ਜਾਣਨ ਦਾ ਕੋਈ ਵਸੀਲਾ ਉਪਲੱਬਧ ਨਹੀਂ ਸੀ । ਅਕੈਡਮੀ ਵੱਲੋਂ ਅਸੀਂ ਉਨ੍ਹਾਂ ਨੂੰ ਇੱਕ ਸਹਾਇਕ ਵੀ ਦੇ ਦਿੱਤਾ। ਕੰਮ ਵੱਡਾ ਸੀ ਤੇ ਔਖਾ ਵੀ । ਹਰੇਕ ਲਿਖਾਰੀ ਦਾ ਅਤਾ-ਪਤਾ ਲਿਖਤਾਂ, ਲਿਖਤਾਂ ਦੇ ਵਰ੍ਹੇ ਤੇ ਉਨ੍ਹਾਂ ਦੇ ਪ੍ਰਕਾਸ਼ਕ ਲੱਭਣੇ ਸੌਖਾ ਕੰਮ ਨਹੀਂ ਸੀ । ਉਹ ਹਰ ਚੀਜ਼ ਨੂੰ ਘੋਖ ਪਰਖ ਕੇ ਫੇਰ ਹੀ ਦਰਜ ਕਰਦੇ ਸਨ । ਕਈ ਲੇਖਕ ਪ੍ਰੋਫ਼ੈਸਰ ਸਾਹਿਬ ਦੇ ਕਈ-ਕਈ ਖ਼ਤ ਆਉਣ 'ਤੇ ਵੀ ਉੱਤਰ ਦੇਣ ਵਿੱਚ ਘੌਲ ਕਰ ਦਿੰਦੇ ਸਨ । ਤਿੰਨ ਸਾਲ ਲੰਘ ਗਏ, ਕੰਮ ਅਜੇ ਵਿਚਕਾਰ ਸੀ। ਮੇਰਾ ਕਾਰਜਕਾਲ ਖ਼ਤਮ ਹੋ ਗਿਆ। ਅਗਲੇ ਪ੍ਰਧਾਨ ਗੁਲਜ਼ਾਰ ਸਿੰਘ ਸੰਧੂ ਨੇ ਕੰਮ ਤੇਜ਼ੀ ਨਾਲ ਨਾ ਹੁੰਦਾ ਵੇਖ ਕੁਝ ਚਿਰ ਮਗਰੋਂ ਸਹਾਇਕ ਵੀ ਹਟਾ ਦਿੱਤਾ । ਇਨ੍ਹਾਂ ਤਿੰਨ ਸਾਲਾਂ ਦੌਰਾਨ ਪ੍ਰੋਫ਼ੈਸਰ ਸਾਹਿਬ ਕੰਮ ਕਰਦੇ ਤਾਂ ਰਹੇ, ਪਰ ਬਹੁਤਾ ਨਹੀਂ ਨਿੱਬੜਿਆ । ਅਗਲੀ ਵਾਰ ਮੈਂ ਮੁੜ ਸਾਹਿਤ ਅਕੈਡਮੀ ਦੀ ਪ੍ਰਧਾਨ ਬਣਾ ਦਿੱਤੀ ਗਈ ਤਾਂ ਮੈਂ ਪ੍ਰੋਫ਼ੈਸਰ ਸਾਹਿਬ ਨੂੰ ਮੁੜ ਬੇਨਤੀ ਕੀਤੀ ਕਿ ਕੰਮ ਪੂਰਾ ਕਰ ਦਿਉ, ਹੁਣ ਅਸੀਂ ਤੁਹਾਨੂੰ ਇੱਕ ਦੀ ਥਾਂ ਦੋ ਸਹਾਇਕ ਦੇ ਦੇਵਾਂਗੇ। ਉਨ੍ਹਾਂ ਦਾ ਜਵਾਬ ਸੀ, "ਮੁੜ ਕੇ ਫਿਰ ਸਾਰਾ ਕੁਝ ਦੇਖਣਾ ਪਏਗਾ ।" ਮੈਂ ਆਖਿਆ, "ਮੈਂ ਜਾਣਦੀ ਹਾਂ ਇਹ ਕੰਮ ਕਿਸੇ ਇਕੱਲੇ ਬੰਦੇ ਦਾ ਨਹੀਂ, ਸੰਸਥਾ ਦਾ ਹੈ, ਪਰ ਤੁਹਾਡੇ ਬਿਨਾਂ ਕਿਸੇ ਨੇ ਕਰ ਨਹੀਂ ਸਕਣਾ ।" ਉਹ ਜਦੋਂ ਮੰਨ ਗਏ ਤਾਂ ਗੁਲਜ਼ਾਰ ਸਿੰਘ ਸੰਧੂ ਹੋਰਾਂ ਨੇ ਥੋੜ੍ਹੀ ਨਾਰਾਜ਼ਗੀ ਨਾਲ ਆਖਿਆ ਕਿ ਕੰਮ ਉਹ ਕਰਦੇ ਨਹੀਂ, ਅਸੀਂ ਕਾਹਦੇ ਲਈ ਵਾਧੂ ਸਹਾਇਕਾਂ 'ਤੇ ਖ਼ਰਚਾ ਕਰਦੇ ਰਹੀਏ। ਮੈਂ ਨਾਰਾਜ਼ ਹੋ ਕੇ ਆਖਿਆ, "ਜੇ ਕੰਮ ਪੂਰਾ ਨਾ ਹੋਇਆ ਤਾਂ ਅਕੈਡਮੀ ਦੇ ਜਿਹੜੇ ਪੈਸੇ ਖ਼ਰਚ ਹੋਣਗੇ, ਮੈਂ ਆਪਣੇ ਪੱਲਿਉਂ ਮੋੜ ਦਿਆਂਗੀ ।" ਪ੍ਰੋਫ਼ੈਸਰ ਸਾਹਿਬ ਕੰਮ 'ਤੇ ਲੱਗੇ ਰਹੇ । ਉਨ੍ਹਾਂ ਨੇ ਰਜਿਸਟਰ ਲਗਾ ਰੱਖੇ ਸਨ ਕਿ ਕਿਹੜੇ ਲੇਖਕ ਨੂੰ ਕਿੰਨੇ ਖ਼ਤ ਪਾਏ ਗਏ । ਤਕਰੀਬਨ ਦਸ ਸਾਲਾਂ ਮਗਰੋਂ ਦੋ ਹਜ਼ਾਰ ਲੇਖਕਾਂ ਦਾ ਇੱਕ ਵੱਡਾ ਗ੍ਰੰਥ ਪੰਜਾਬੀ ਲਿਖਾਰੀ ਕੋਸ਼ ਤਿਆਰ ਹੋ ਗਿਆ ।

ਹੁਣ ਇਸ ਨੂੰ ਛਾਪਣ ਦੀ ਸਮੱਸਿਆ ਆਈ । ਅਕੈਡਮੀ ਕੋਲ ਇਸ ਨੂੰ ਛਾਪਣ ਜੋਗੇ ਪੈਸੇ ਨਹੀਂ ਸਨ । ਮੈਂ ਨਵਯੁਗ ਵਾਲੇ ਭਾਪਾ ਪ੍ਰੀਤਮ ਸਿੰਘ ਨੂੰ ਪੁੱਛਿਆ । ਉਹ ਆਖਣ ਲੱਗੇ, "ਇਹ ਟਿਵਾਣਾ ਦਾ ਨਾਵਲ ਤਾਂ ਹੈ ਨਹੀਂ ਜੋ ਹੱਥੋ-ਹੱਥੀ ਵਿਕ ਜਾਊਗਾ । ਕੋਈ ਲੇਖਕ ਆਪਣੀ ਨਿੱਕੀ ਜਿਹੀ ਐਂਟਰੀ ਬਦਲੇ ਪੂਰਾ ਕੋਸ਼ ਕਿਉਂ ਖ਼ਰੀਦੇਗਾ। ਇਹ ਤਾਂ ਇੱਕ ਰੈਫਰੈਂਸ ਬੁੱਕ ਬਣੇਗੀ । ਮੈਂ ਇਸ ਨੂੰ ਨਹੀਂ ਛਾਪ ਸਕਦਾ ।" ਫਿਰ ਮੈਂ ਭਾਸ਼ਾ ਵਿਭਾਗ ਨੂੰ ਪੁੱਛਿਆ। ਉਨ੍ਹਾਂ ਨੇ ਆਖਿਆ, "ਸਾਡੇ ਤਾਂ ਪਹਿਲੇ ਪ੍ਰੋਜੈਕਟ ਹੀ ਸਿਰੇ ਨਹੀਂ ਲੱਗ ਰਹੇ । ਪੰਜ ਸੱਤ ਸਾਲ ਤਾਂ ਇਸ ਦੇ ਛਾਪਣ ਦੀ ਵਾਰੀ ਨਹੀਂ ਆਉਣੀ ।" ਫਿਰ ਮੈਂ ਪੰਜਾਬੀ ਯੂਨੀਵਰਸਿਟੀ ਨੂੰ ਪੁੱਛਿਆ । ਪੰਜਾਬੀ ਵਿਕਾਸ ਵਿਭਾਗ ਵਾਲਿਆਂ ਨੇ ਆਖਿਆ ਕਿ ਅਸੀਂ ਇਸ ਨੂੰ ਛਾਪਣ ਬਾਰੇ ਸੋਚ ਤਾਂ ਸਕਦੇ ਹਾਂ, ਪਰ ਰਾਇਲਟੀ ਕੋਈ ਨਹੀਂ ਦਿਆਂਗੇ । ਹਾਰ ਕੇ ਮੈਂ ਅਕੈਡਮੀ ਵੱਲੋਂ ਪ੍ਰੋਫ਼ੈਸਰ ਸਾਹਿਬ ਨੂੰ ਲਿਖ ਕੇ ਭੇਜ ਦਿੱਤਾ ਕਿ ਇਹ ਤੁਹਾਡਾ ਕੰਮ ਹੈ, ਜਿੱਥੇ ਮਰਜ਼ੀ ਛਪਵਾ ਲਵੋ । ਅਕੈਡਮੀ ਦਾ ਇਸ 'ਤੇ ਕੋਈ ਅਧਿਕਾਰ ਨਹੀਂ ਹੋਵੇਗਾ। ਇਸ ਮਗਰੋਂ ਉਨ੍ਹਾਂ ਨੇ ਪੱਲਿਉਂ ਇੱਕ ਲੱਖ ਰੁਪਏ ਦੇ ਕੇ ਲੋਕ ਗੀਤ ਪ੍ਰਕਾਸ਼ਨ ਵਾਲਿਆਂ ਤੋਂ ਇਸ ਸ਼ਰਤ 'ਤੇ ਛਪਾਇਆ ਕਿ ਵਿਕਰੀ ਉਪਰੰਤ ਇੱਕ ਲੱਖ ਰੁਪਏ ਮੈਨੂੰ ਮੋੜ ਦੇਣਾ ਅਤੇ ਬਾਕੀ ਦੇ ਕੋਸ਼ ਤੁਸੀਂ ਆਪਣੇ ਕੋਲ ਰੱਖ ਲੈਣਾ । ਲੋਕ ਗੀਤ ਵਾਲਿਆਂ ਨੇ ਇਹ ਲਿਖਾਰੀ ਕੋਸ਼ ਛਾਪ ਦਿੱਤਾ, ਪਰ ਉਹ ਲੱਖ ਰੁਪਏ ਖੁਆਰ ਕਰ ਕੇ ਮੋੜੇ ।

ਇੱਕ ਦਿਨ ਉਨ੍ਹਾਂ ਦਾ ਫ਼ੋਨ ਆਇਆ ਕਿ ਇਸ ਲਿਖਾਰੀ ਕੋਸ਼ ਦੀ ਇੱਕ ਕਾਪੀ ਮੈਂ ਬੀਬਾ ਤੈਨੂੰ ਦੇਣ ਆ ਰਿਹਾ ਹਾਂ । ਮੈਂ ਕਿਹਾ, "ਪ੍ਰੋਫ਼ੈਸਰ ਸਾਹਿਬ, ਕਿਉਂ ਸ਼ਰਮਿੰਦਾ ਕਰਦੇ ਹੋ । ਕੋਸ਼ ਦੀ ਕਾਪੀ ਮੈਂ ਆਪ ਆ ਕੇ ਲੈ ਜਾਵਾਂਗੀ ।" ਉਹ ਕਹਿੰਦੇ, "ਨਹੀਂ, ਮੈਂ ਡਾਕਟਰ ਗੁਰਪਾਲ ਨੂੰ ਆਖ ਦਿੱਤਾ ਹੈ ਉਹ ਆਪਣੀ ਕਾਰ 'ਤੇ ਮੈਨੂੰ ਯੂਨੀਵਰਸਿਟੀ ਲੈ ਜਾਊਗਾ ।" ਮੈਂ ਫਿਰ ਜ਼ੋਰ ਦੇ ਕੇ ਆਖਿਆ, "ਨਹੀਂ, ਮੈਂ ਹੀ ਆਵਾਂਗੀ । ਤੁਸੀਂ ਆਪ ਮੈਨੂੰ ਕਿਤਾਬ ਦੇਣ ਆਓ ਇਹ ਗੱਲ ਠੀਕ ਨਹੀਂ ।" ਉਹ ਥੋੜ੍ਹਾ ਤਲਖ਼ ਹੋ ਕੇ ਬੋਲੇ, "ਤੇਰਾ ਹੁਕਮ ਮੇਰੇ ਉੱਤੇ ਨਹੀਂ ਚੱਲਦਾ, ਇਸ ਲਈ ਮੈਂ ਆ ਰਿਹਾ ਹਾਂ ।" ਮੈਂ ਚੁੱਪ ਕਰ ਗਈ ।

ਪ੍ਰੋ. ਪ੍ਰੀਤਮ ਸਿੰਘ ਆਪਣੇ ਸਾਰੇ ਹੀ ਵਿਦਿਆਰਥੀਆਂ ਨੂੰ ਝਿੜਕ



ਵੀ ਦਿੰਦੇ ਸਨ, ਟਿੱਚਰਾਂ ਵੀ ਕਰ ਲੈਂਦੇ ਸਨ । ਉਨ੍ਹਾਂ ਦੀਆਂ ਗ਼ਲਤੀਆਂ ਦਾ ਚੰਗਾ ਵਿਖਿਆਨ ਕਰਕੇ ਸ਼ਰਮਿੰਦਾ ਵੀ ਕਰ ਦਿੰਦੇ ਸਨ । ਫਿਰ ਵੀ ਉਨ੍ਹਾਂ ਦਾ ਕੋਈ ਬੁਰਾ ਨਹੀਂ ਸੀ ਮਨਾਉਂਦਾ । ਹਰ ਔਖ-ਸੌਖ ਵੇਲੇ ਉਨ੍ਹਾਂ ਵੱਲ ਹੀ ਭੱਜੇ ਜਾਂਦੇ ਸਨ । ਭਾਵੇਂ ਸਭ ਨੂੰ ਪਤਾ ਸੀ ਕਿ ਉਹ ਆਪਣੇ ਅਸੂਲਾਂ ਦੇ ਪੱਕੇ ਨੇ, ਕੋਈ ਰਿਆਇਤ ਨਹੀਂ ਕਰਨਗੇ ।

ਉਹ ਪੰਜਾਬੀ ਦੇ ਨਾਲ-ਨਾਲ ਉਰਦੂ, ਫ਼ਾਰਸੀ ਤੇ ਅੰਗਰੇਜ਼ੀ ਦੇ ਸੱਚਮੁੱਚ ਦੇ ਵਿਦਵਾਨ ਸਨ । ਕਈ ਵਾਰੀ ਉਹ ਜਮਾਤ ਨੂੰ ਲਗਾਤਾਰ ਕਈ-ਕਈ ਘੰਟੇ ਪੜ੍ਹਾਈ ਜਾਂਦੇ । ਵਿਦਿਆਰਥੀ ਨਾ ਅੱਕਦੇ ਸਨ ਨਾ ਥੱਕਦੇ ਸਨ; ਸਗੋਂ ਮਹਿਸੂਸ ਕਰਦੇ ਕਿ ਪ੍ਰੋ. ਪ੍ਰੀਤਮ ਸਿੰਘ ਗਿਆਨ ਦੀਆਂ ਨਵੀਆਂ ਖਿੜਕੀਆਂ ਖੋਲ੍ਹ ਸੰਸਾਰ ਦੇ ਅਨੇਕਾਂ ਵਿਦਵਾਨਾਂ ਤੇ ਉਨ੍ਹਾਂ ਦੀਆਂ ਪੁਸਤਕਾਂ ਕੋਲ ਲੈ ਜਾਂਦੇ ਸਨ । ਉਹ ਸਿਰਫ਼ ਪੜ੍ਹਾਉਂਦੇ ਹੀ ਨਹੀਂ ਸਨ ਸਗੋਂ ਪੜ੍ਹਨ ਦੀ ਜਾਚ ਵੀ ਸਿਖਾਉਂਦੇ ਸਨ । ਵਿਸ਼ੇਸ਼ ਗੱਲ ਇਹ ਕਿ ਉਹ ਵਿਦਿਆਰਥੀਆਂ ਦੀ ਅੰਦਰਲੀ ਸਮਰੱਥਾ ਵੀ ਜਾਣ ਲੈਂਦੇ ਸਨ ਤੇ ਅਗਲੇ ਨੂੰ ਵੀ ਉਸ ਤੋਂ ਜਾਣੂ ਕਰਵਾ ਦਿੰਦੇ ਸਨ ਜਿਵੇਂ ਕੋਈ ਵੱਡਾ ਵਡੇਰਾ ਬੱਚੇ ਨੂੰ ਉਂਗਲ ਲਾ ਕੇ ਐਡੀ ਦੂਰ ਲੈ ਆਵੇ ਜਿੱਥੋਂ ਕਿ ਹੁਣ ਉਸ ਨੇ ਅਗਾਂਹ ਹੀ ਅਗਾਂਹ ਜਾਣਾ ਹੁੰਦਾ ਸੀ । ਇਹ ਸਨ ਪ੍ਰੋ. ਪ੍ਰੀਤਮ ਸਿੰਘ ।

ਪ੍ਰੋ. ਪ੍ਰੀਤਮ ਸਿੰਘ ਕੋਰੇ ਵਿਦਵਾਨ ਹੀ ਨਹੀਂ ਸਨ ਸਗੋਂ ਉਨ੍ਹਾਂ ਨੂੰ ਮਨੁੱਖੀ ਰਿਸ਼ਤਿਆਂ ਦੀ ਵੀ ਬਹੁਤ ਸਮਝ ਸੀ । ਗੱਲਾਂ-ਗੱਲਾਂ ਵਿੱਚ ਹੀ ਉਹ ਬਹੁਤ ਕੁਝ ਸਮਝਾ ਜਾਂਦੇ ਸਨ । ਇੱਕ ਦਿਨ ਆਖਣ ਲੱਗੇ, "ਹਰ ਮੁੰਡਾ ਸੋਚਦਾ ਹੈ ਕਿ ਵਹੁਟੀ ਹੀਰ ਵਰਗੀ ਹੋਵੇ। ਕੋਈ ਪੁੱਛਣ ਵਾਲਾ ਹੋਵੇ ਭਲਿਆਮਾਣਸਾ ਤੂੰ ਰਾਂਝੇ ਵਰਗਾ ਹੈਗਾ ।" ਕਿਸੇ ਹੋਰ ਦਿਨ ਆਖਣ ਲੱਗੇ, "ਅੱਜਕੱਲ੍ਹ ਕੁਰਸੀਆਂ ਰਾਜ ਕਰਦੀਆਂ ਨੇ, ਬੰਦੇ ਤਾਂ ਕੁਰਸੀਆਂ 'ਤੇ ਬੈਠੇ ਦਿੱਸਦੇ ਹੀ ਨਹੀਂ ।" ਸਾਡਾ ਇੱਕ ਕਵੀ ਆਖਦਾ ਹੈ :

**ਜਿੰਨੀ ਸਮਝ ਓਨਾ ਹੀ ਚਾਨਣ, ਬਾਕੀ ਸਭ ਹਨੇਰਾ,**
**ਇੱਥੇ ਚੜ੍ਹਦਾ ਇੱਥੇ ਹੀ ਛੁਪਦਾ, ਸੂਰਜ ਤੇਰਾ ਮੇਰਾ ।**

ਇਸ ਤਰ੍ਹਾਂ ਪ੍ਰੋ. ਪ੍ਰੀਤਮ ਸਿੰਘ ਦੀ ਪ੍ਰਤਿਭਾ ਨੂੰ ਅਸੀਂ ਆਪਣੀ ਸਮਰੱਥਾ ਅਨੁਸਾਰ ਹੀ ਜਾਣ ਸਕਦੇ ਹਾਂ, ਸਮਝ ਸਕਦੇ ਹਾਂ । ਮੈਨੂੰ ਯਾਦ ਹੈ ਜਿਹੜੇ ਕੰਮ ਪ੍ਰੋ. ਪ੍ਰੀਤਮ ਸਿੰਘ ਨੇ ਪੂਰੇ ਕਰਨੇ ਸਨ ਉਹ ਉਨ੍ਹਾਂ ਨੇ ਮੁਕਾਏ

ਤੇ ਫਿਰ ਇੱਕ ਦਿਨ ਆਖ਼ਰੀ ਖਰੜਾ ਵੀ ਪ੍ਰਕਾਸ਼ਕ ਨੂੰ ਭੇਜ ਕੇ ਆਪਣੀ ਸਟੈਨੋ ਨੂੰ ਆਖਿਆ, "ਹੁਣ ਪਬਲਿਸ਼ਰ ਨੂੰ ਚਿੱਠੀ ਵੀ ਲਿਖ ਦੇ ।" ਕੁੜੀ ਬੋਲੀ, "ਸਾਰਾ ਦਿਨ ਕੰਮ ਕਰਦੇ ਥੱਕ ਗਏ ਹਾਂ, ਚਿੱਠੀ ਮੈਂ ਕੱਲ੍ਹ ਲਿਖ ਦਿਆਂਗੀ ।" ਇਸ 'ਤੇ ਉਹ ਆਖਣ ਲੱਗੇ, "ਦੋ ਤਾਂ ਲਾਈਨਾਂ ਲਿਖਣੀਆਂ ਨੇ ਹੁਣੇ ਲਿਖਦੇ ।" ਕੁੜੀ ਨੇ ਚਿੱਠੀ ਟਾਈਪ ਕਰ ਦਿੱਤੀ ਤੇ ਪ੍ਰੋਫ਼ੈਸਰ ਸਾਹਿਬ ਨੇ ਹੇਠਾਂ ਆਪਣੇ ਦਸਤਖ਼ਤ ਕਰਕੇ ਚਿੱਠੀ ਡਾਕ 'ਚ ਪਾਉਣ ਲਈ ਫੜਾ ਦਿੱਤੀ । ਫਿਰ ਆਖਣ ਲੱਗੇ, "ਮੈਂ ਜ਼ਰਾ ਅਰਾਮ ਕਰ ਲਵਾਂ ।" ਤੇ ਮੰਜੇ 'ਤੇ ਪੈ ਗਏ । ਦੋ ਕੁ ਮਿੰਟ ਮਗਰੋਂ ਔਖੇ ਜਿਹੇ ਸਾਹ ਆਏ ਤਾਂ ਸਟੈਨੋ ਕੁੜੀ ਨੇ ਉਨ੍ਹਾਂ ਵੱਲ ਦੇਖ ਕੇ ਕਾਹਲੀ ਨਾਲ ਬਾਹਰ ਜਾ ਕੇ ਸਾਹਮਣੀ ਕੋਠੀ ਵਿੱਚ ਰਹਿੰਦੇ ਉਨ੍ਹਾਂ ਦੇ ਡਾਕਟਰ ਜਵਾਈ ਨੂੰ ਆਵਾਜ਼ ਮਾਰੀ, "ਛੇਤੀ ਆ ਕੇ ਦੇਖਿਓ ਭਾਪਾ ਜੀ ਨੂੰ ਕੀ ਹੋ ਰਿਹਾ ਹੈ ?"

ਡਾਕਟਰ ਸਾਹਿਬ ਝੱਟ ਪਹੁੰਚ ਗਏ, ਪਰ ਉਦੋਂ ਤਕ ਪ੍ਰੋਫ਼ੈਸਰ ਸਾਹਿਬ ਆਪਣੇ ਲੰਮੇ ਸਫ਼ਰ 'ਤੇ ਜਾ ਚੁੱਕੇ ਸਨ । ਇਸ ਵੇਲੇ ਪੰਜਾਬੀ ਬੋਲੀ, ਪੰਜਾਬੀ ਸਾਹਿਤ, ਪੰਜਾਬੀ ਸੱਭਿਆਚਾਰ ਦੇ ਰਖਵਾਲੇ ਵੱਲ ਸਭ ਬੇਵੱਸ ਹੋ ਕੇ ਤੱਕ ਰਹੇ ਸਨ । ਉਨ੍ਹਾਂ ਦੇ ਕੀਤੇ ਕੰਮਾਂ ਕਾਰਨ ਪੰਜਾਬੀ ਬੋਲੀ, ਸਾਹਿਤ ਅਤੇ ਸੱਭਿਆਚਾਰ ਅਤੇ ਇਨ੍ਹਾਂ ਸਭ ਨੂੰ ਚਾਹੁਣ ਵਾਲੇ ਪ੍ਰੋਫ਼ੈਸਰ ਸਾਹਿਬ ਦੇ ਰਿਣੀ ਰਹਿਣਗੇ । ਇਸੇ ਕਾਰਨ ਉਨ੍ਹਾਂ ਦੇ ਚਲੇ ਜਾਣ ਮਗਰੋਂ ਵੀ ਅੱਜ ਅਸੀਂ ਉਨ੍ਹਾਂ ਨੂੰ ਯਾਦ ਕਰ ਰਹੇ ਹਾਂ ।

ਸੰਪਰਕ : 0175-2282239

(ਪੰ: ਟ੍ਰਿ: 04-02-2018 'ਚੋਂ ਧੰਨਵਾਦ ਸਹਿਤ !)



# ਵਿਗਿਆਨਕ ਚੇਤਨਾ ਨੂੰ ਸਮਰਪਿਤ ਸੀ ਡਾ: ਦਾਭੋਲਕਰ

**ਸੁਮੀਤ ਸਿੰਘ**

ਭਾਰਤੀ ਸੰਵਿਧਾਨ ਦੀ ਧਾਰਾ 51-ਏ (ਐਚ) ਅਨੁਸਾਰ ਹਰ ਭਾਰਤੀ ਨਾਗਰਿਕ ਨੂੰ ਵਿਗਿਆਨਕ ਸੋਚ ਤੇ ਇਨਸਾਨੀਅਤ ਦੀ ਭਾਵਨਾ ਵਿਕਸਿਤ ਕਰਨ ਦੇ ਨਾਲ-ਨਾਲ ਆਪਣੇ ਆਲੇ-ਦੁਆਲੇ ਬਾਰੇ ਜਾਣਨ ਅਤੇ ਉਸ ਵਿੱਚ ਸੁਧਾਰ ਕਰਨ ਦਾ ਫ਼ਰਜ਼ ਨਿਭਾਉਣ ਦੀ ਤਾਕੀਦ ਕੀਤੀ ਗਈ ਹੈ ।

5 ਸਾਲ ਪਹਿਲਾਂ 20 ਅਗਸਤ 2013 ਨੂੰ ਮਹਾਰਾਸ਼ਟਰ ਦੀ ਇਕ ਪ੍ਰਗਤੀਸ਼ੀਲ ਸੰਸਥਾ ਅੰਧ-ਸ਼ਰਧਾ ਨਿਰਮੂਲਨ ਸਮਿਤੀ ਦੇ ਸੰਸਥਾਪਕ ਅਤੇ ਤਰਕਸ਼ੀਲ ਆਗੂ ਡਾ. ਨਰਿੰਦਰ ਦਾਭੋਲਕਰ ਦੀ ਪੂਣੇ (ਮਹਾਰਾਸ਼ਟਰ) ਵਿਖੇ ਇਕ ਸੋਚੀ-ਸਮਝੀ ਸਾਜ਼ਸ਼ ਤਹਿਤ ਦਿਨ-ਦਿਹਾੜੇ ਹੱਤਿਆ ਕਰ ਦਿੱਤੀ ਗਈ । ਡਾ. ਦਾਭੋਲਕਰ ਨੇ ਸੰਨ 1983 ਵਿੱਚ ਅੰਧ-ਵਿਸ਼ਵਾਸਾਂ, ਕਥਿਤ ਚਮਤਕਾਰਾਂ ਅਤੇ ਅਖੌਤੀ ਕਾਲੇ ਇਲਮ ਦੇ ਦਾਅਵੇਦਾਰ ਪਾਖੰਡੀਆਂ ਦੇ ਖ਼ਿਲਾਫ਼ ਆਪਣਾ ਸੰਘਰਸ਼ ਸ਼ੁਰੂ ਕੀਤਾ ਅਤੇ ਸੰਨ 1989 'ਚ ਉਨ੍ਹਾਂ ਅੰਧ ਸ਼ਰਧਾ ਨਿਰਮੂਲਨ ਸਮਿਤੀ ਨਾਂ ਦੀ ਸੰਸਥਾ ਦੀ ਸਥਾਪਨਾ ਕਰਕੇ ਅੰਧ-ਵਿਸ਼ਵਾਸਾਂ ਵਿਰੁੱਧ ਬਾਕਾਇਦਾ ਜਥੇਬੰਦਕ ਵਿਗਿਆਨਕ ਚੇਤਨਾ ਲਹਿਰ ਦੀ ਸ਼ੁਰੂਆਤ ਕੀਤੀ । ਡਾ. ਦਾਭੋਲਕਰ ਨੇ ਪੂਰੇ ਮਹਾਰਾਸ਼ਟਰ ਵਿੱਚ ਤਰਕਸ਼ੀਲ਼ ਸੰਸਥਾ ਦੀਆਂ 200 ਤੋਂ ਵੱਧ ਇਕਾਈਆਂ ਦੀ ਸਥਾਪਨਾ ਕੀਤੀ । ਉਨ੍ਹਾਂ ਨੇ ਵਿਗਿਆਨਕ ਵਿਸ਼ਿਆਂ 'ਤੇ 12 ਕਿਤਾਬਾਂ ਵੀ ਲਿਖੀਆਂ ਅਤੇ ਪ੍ਰਗਤੀਸ਼ੀਲ ਸਪਤਾਹਿਕ 'ਸਾਧਨਾ' ਦੇ ਸੰਪਾਦਕ ਵੀ ਰਹੇ । ਉਨ੍ਹਾਂ ਦਾ ਵਿਚਾਰ ਸੀ ਕਿ ਅੰਧ-ਵਿਸ਼ਵਾਸਾਂ ਵਿਰੁੱਧ ਵਿਗਿਆਨਕ ਚੇਤਨਾ ਦੀ ਲਹਿਰ ਨੂੰ ਹੋਰ ਵੱਧ ਪ੍ਰਭਾਵਸ਼ਾਲੀ ਅਤੇ ਲੋਕ ਪੱਖੀ ਬਣਾਉਣ ਲਈ ਇਕ ਅਜਿਹੇ ਪ੍ਰਭਾਵਸ਼ਾਲੀ ਕਾਨੂੰਨ ਦੀ ਲੋੜ ਹੈ, ਜਿਸ ਤਹਿਤ ਅੰਨ੍ਹੀ ਸ਼ਰਧਾ ਤੇ ਅੰਧ-ਵਿਸ਼ਵਾਸ ਫੈਲਾਅ ਕੇ ਲੋਕਾਂ ਦਾ ਆਰਥਿਕ, ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਨ ਵਾਲਿਆਂ ਅਤੇ ਕਥਿਤ ਦੈਵੀ ਸ਼ਕਤੀਆਂ ਤੇ ਕਾਲੇ ਜਾਦੂ ਦੇ ਝੂਠੇ ਦਾਅਵੇਦਾਰ ਪਾਖੰਡੀਆਂ ਨੂੰ ਸਖ਼ਤ ਸਜ਼ਾ ਦਿਵਾਈ ਜਾ ਸਕੇ । ਇਸ ਸੰਬੰਧੀ ਡਾ. ਦਾਭੋਲਕਰ ਵੱਲੋਂ ਸੰਨ 1995 ਵਿੱਚ ਅੰਧ-ਵਿਸ਼ਵਾਸ ਵਿਰੋਧੀ ਬਿੱਲ ਦਾ ਇਕ ਖਰੜਾ ਤਿਆਰ ਕਰਕੇ ਮਹਾਰਾਸ਼ਟਰ ਸਰਕਾਰ ਨੂੰ ਭੇਜਿਆ ਗਿਆ ਪਰ ਮਹਾਰਾਸ਼ਟਰ ਵਿਧਾਨ ਸਭਾ ਵਿੱਚ ਇਸ ਬਿੱਲ ਦੇ ਪੇਸ਼ ਹੋਣ ਮੌਕੇ ਕੁਝ ਸਿਆਸੀ ਤੇ ਧਾਰਮਿਕ ਸੰਗਠਨਾਂ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ । ਸੰਨ ੨੦੦੩ ਵਿੱਚ

ਡਾ: ਦਾਭੋਲਕਰ ਵੱਲੋਂ ਇਸ ਬਿੱਲ ਦੇ ਖਰੜੇ ਦੇ ਕੁਝ ਇਤਰਾਜ਼ਯੋਗ ਹਿੱਸੇ ਕੱਢ ਕੇ ਸੋਧਣ ਤੋਂ ਬਾਅਦ ਇਕ ਵਾਰ ਫਿਰ ਮਹਾਰਾਸ਼ਟਰ ਸਰਕਾਰ ਨੂੰ ਭੇਜਿਆ ਗਿਆ, ਪਰ ਕੁਝ ਸਿਆਸੀ ਤੇ ਧਾਰਮਿਕ ਸੰਗਠਨਾਂ ਦੇ ਨਾਲ-ਨਾਲ ਹਾਕਮ ਸਿਆਸੀ ਪਾਰਟੀਆਂ ਦੇ ਵਿਧਾਇਕਾਂ ਨੇ ਵੀ ਆਪਣੇ ਸੌੜੇ ਸਿਆਸੀ ਹਿਤਾਂ ਦੀ ਖ਼ਾਤਰ ਇਸ ਬਿੱਲ ਨੂੰ ਫਿਰ ਵੀ ਪਾਸ ਨਹੀਂ ਹੋਣ ਦਿੱਤਾ ।

ਉਨ੍ਹਾਂ ਨੇ ਇਸ ਬਿੱਲ ਸੰਬੰਧੀ ਵੱਖ-ਵੱਖ ਸਿਆਸੀ ਪਾਰਟੀਆਂ ਦੇ ਇਤਰਾਜ਼ਾਂ ਨੂੰ ਦੂਰ ਕਰਨ ਲਈ ਵੱਖ-ਵੱਖ ਨੇਤਾਵਾਂ ਨਾਲ ਮੁਲਾਕਾਤ ਕੀਤੀ । ਡਾ. ਦਾਭੋਲਕਰ ਦੇ ਜਥੇਬੰਦਕ ਯਤਨਾਂ ਦੇ ਨਤੀਜੇ ਵੱਜੋਂ ਆਖਰਕਾਰ ਇਹ ਬਿੱਲ ਸੰਨ 2005 ਵਿੱਚ ਮਹਾਰਾਸ਼ਟਰ ਵਿਧਾਨ ਸਭਾ ਵਿੱਚੋਂ ਪਾਸ ਹੋ ਗਿਆ ਪਰ ਫਿਰ ਕੁਝ ਮੌਕਾਪ੍ਰਸਤ ਸਿਆਸੀ ਪਾਰਟੀਆਂ ਦੇ ਸਾਜ਼ਸ਼ੀ ਵਿਰੋਧ ਕਾਰਨ ਇਹ ਵਿਧਾਨ ਪ੍ਰੀਸ਼ਦ ਵਿੱਚ ਪਾਸ ਨਹੀਂ ਹੋ ਸਕਿਆ । ਬੜੀ ਸ਼ਰਮ ਦੀ ਗੱਲ ਹੈ ਕਿ ਮਹਾਰਾਸ਼ਟਰ ਸਰਕਾਰ ਨੇ ਡਾ. ਦਾਭੋਲਕਰ ਦੀ ਹੱਤਿਆ ਤੋਂ ਬਾਅਦ ਹੀ ਜਨਤਾ ਦੇ ਗੁੱਸੇ ਨੂੰ ਸ਼ਾਂਤ ਕਰਨ ਲਈ ਅੰਧ-ਵਿਸ਼ਵਾਸ ਵਿਰੋਧ ਬਿੱਲ ਨੂੰ ਇਕ ਆਰਡੀਨੈਂਸ ਦੇ ਰੂਪ ਵਿੱਚ ਪਾਸ ਕਰਨ ਦਾ ਫ਼ੈਸਲਾ ਲਿਆ । ਜਦ ਕਿ ਡਾ. ਦਾਭੋਲਕਰ ਇਸ ਬਿੱਲ ਨੂੰ ਪਾਸ ਕਰਾਉਣ ਲਈ ਅਖ਼ੀਰੀ ਦਮ ਤਕ ਸੰਘਰਸ਼ ਕਰਦੇ ਰਹੇ; ਪਰ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਇਕ ਸਾਜ਼ਸ਼ ਤਹਿਤ ਸਫਲ ਨਹੀਂ ਹੋਣ ਦਿੱਤਾ ਗਿਆ ।

ਇਹ ਤੱਥ ਹੁਣ ਜਗ ਜ਼ਾਹਰ ਹੋ ਚੁੱਕਾ ਹੈ ਕਿ ਧਰਮ ਦੀ ਆੜ ਹੇਠ ਅੰਧ-ਵਿਸ਼ਵਾਸ ਫੈਲਾਉਣ ਅਤੇ ਧਾਰਮਿਕ ਕਰਮਕਾਂਡਾਂ ਦਾ ਪ੍ਰਚਾਰ-ਪ੍ਰਸਾਰ ਕਰਕੇ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਪਾਖੰਡੀਆਂ ਨੂੰ ਸਿਆਸੀ ਤੇ ਫ਼ਿਰਕੂ ਸੰਗਠਨਾਂ ਦੀ ਅੰਦਰ ਖਾਤੇ ਪੂਰੀ-ਪੂਰੀ ਹਮਾਇਤ ਪ੍ਰਾਪਤ ਹੁੰਦੀ ਹੈ ਅਤੇ ਸਿਆਸੀ ਪਾਰਟੀਆਂ ਅਜਿਹੇ ਵੋਟ ਬੈਂਕ ਨੂੰ ਸੱਤਾ ਹਾਸਲ ਕਰਨ ਲਈ ਚੋਣਾਂ ਵੇਲੇ ਖ਼ੂਬ ਵਰਤਦੀਆਂ ਹਨ । ਇਸੇ ਲਈ ਅਜਿਹੀਆਂ ਫ਼ਿਰਕੂ ਸਿਆਸੀ ਧਿਰਾਂ ਅਤੇ ਹਾਕਮ ਜਮਾਤਾਂ ਵਿਗਿਆਨਕ ਵਿਚਾਰਧਾਰਾ ਰਾਹੀਂ ਕੀਤੀ ਜਾਣ ਵਾਲੀ ਲੋਕ-ਪੱਖੀ, ਸਮਾਜਿਕ ਤੇ ਸੱਭਿਆਚਾਰਕ ਤਬਦੀਲੀ ਦੇ ਰਸਤੇ ਵਿੱਚ ਰੋੜੇ ਅਟਕਾਉਂਦੀਆਂ ਹਨ ਤਾਂ ਕਿ ਲੋਕ ਅੰਧ-ਵਿਸ਼ਵਾਸਾਂ, ਕਰਮ-ਕਾਂਡਾਂ ਅਤੇ ਪਾਖੰਡੀਆਂ ਦੇ ਚੁੰਗਲ ਵਿੱਚੋਂ ਬਾਹਰ ਨਿਕਲ ਕੇ ਤਰਕਸ਼ੀਲ ਸੋਚ ਦੇ ਧਾਰਨੀ ਨਾ ਬਣ ਸਕਣ । ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਦੇਸ਼ ਨੂੰ 21ਵੀਂ ਸਦੀ ਵਿੱਚ ਲਿਜਾਣ ਦਾ ਦਾਅਵਾ ਕਰਨ ਵਾਲੇ ਹੁਕਮਰਾਨ ਪਖੰਡੀ



ਬਾਬਿਆਂ ਦੇ ਪੈਰਾਂ ਵਿੱਚ ਨੱਕ ਮੱਥੇ ਰਗੜਦੇ ਵੇਖੇ ਜਾ ਸਕਦੇ ਹਨ। ਇਸ ਲਈ ਅਜਿਹੇ ਹੁਕਮਰਾਨਾਂ ਅਤੇ ਸਿਆਸੀ ਨੇਤਾਵਾਂ ਤੋਂ ਅੰਧ-ਵਿਸ਼ਵਾਸਾਂ ਵਿਰੋਧੀ ਕਾਨੂੰਨ ਬਣਾਉਣ ਅਤੇ ਪਾਖੰਡੀਆਂ ਵਿਰੋਧੀ ਕਾਰਵਾਈ ਕਰਨ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ ? ਹੋਰ ਵੀ ਅਫ਼ਸੋਸਨਾਕ ਪਹਿਲੂ ਇਹ ਹੈ ਕਿ ਲੋਕਤੰਤਰ ਦਾ ਚੌਥਾ ਥੰਮ੍ਹ ਕਹਾਉਣ ਵਾਲਾ ਮੀਡੀਆ ਅਤੇ ਸਮੁੱਚਾ ਬੁੱਧੀਜੀਵੀ ਵਰਗ ਵੀ ਅਜਿਹੇ ਪਾਖੰਡੀਆਂ ਦੇ ਪਿੱਛਲੱਗੂ ਬਣ ਕੇ ਦੇਸ਼ ਦੀ ਜਨਤਾ ਨੂੰ ਗੁਮਰਾਹ ਕਰ ਰਹੇ ਹਨ । ਇਸੇ ਤਰ੍ਹਾਂ ਭੋਲੀ-ਭਾਲੀ ਜਨਤਾ ਅੰਧ ਵਿਸ਼ਵਾਸੀ ਬਣ ਕੇ ਕਥਿਤ ਅਗਲਾ ਜਨਮ ਸਵਾਰਨ ਦੇ ਚੱਕਰਾਂ ਵਿੱਚ ਮੌਜੂਦਾ ਜੀਵਨ ਨੂੰ ਬਰਬਾਦ ਕਰ ਰਹੀ ਹੈ, ਜਿਸ ਤੋਂ ਚੇਤੰਨ ਹੋਣ ਦੀ ਲੋੜ ਹੈ ।

ਡਾ. ਦਾਭੋਲਕਰ ਨੂੰ ਸ਼ਹੀਦ ਕਰ ਕੇ ਤਰਕਸ਼ੀਲ ਲਹਿਰ ਨੂੰ ਖ਼ਤਮ ਕਰਨ ਦਾ ਭਰਮ ਪਾਲਣ ਵਾਲੀਆਂ ਗ਼ੈਰ-ਸਮਾਜੀ ਤਾਕਤਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਦੇਸ਼ ਵਿੱਚ ਹੋਰ ਲੱਖਾਂ ਦਾਭੋਲਕਰ ਲੋਕ-ਪੱਖੀ ਸਮਾਜਿਕ ਤਬਦੀਲੀ ਲਈ ਅੰਧ-ਵਿਸ਼ਵਾਸ ਦੇ ਹਨੇਰਿਆਂ ਅਤੇ ਸਮਾਜਿਕ ਬੁਰਾਈਆਂ ਦੇ ਖ਼ਿਲਾਫ਼ ਜੂਝ ਰਹੇ ਹਨ ਅਤੇ ਇਕ ਵਿਗਿਆਨਕ ਤੇ ਸਿਹਤਮੰਦ ਸਮਾਜ ਦੀ ਪ੍ਰਾਪਤੀ ਹੋਣ ਤਕ ਜੱਦੋ-ਜਹਿਦ ਕਰਦੇ ਰਹਿਣਗੇ ।

ਬੜੀ ਹੈਰਾਨਗੀ ਤੇ ਅਫ਼ਸੋਸ ਹੈ ਕਿ ਜਾਂਚ ਏਜੰਸੀਆਂ ਨੂੰ ਇਸ ਹੱਤਿਆ ਲਈ ਜ਼ਿੰਮੇਵਾਰ ਦੋਸ਼ੀਆਂ ਸੰਬੰਧੀ ਸਪੱਸ਼ਟ ਸਬੂਤ ਮਿਲੇ ਹੋਣ ਦੇ ਬਾਵਜੂਦ ਕਿਸੇ ਸਿਆਸੀ ਦਬਾਅ ਤਹਿਤ ਹੁਣ ਤਕ ਸਾਰੇ ਅਸਲ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ । ਇਸ ਲਈ ਆਓ, ਡਾ. ਦਾਭੋਲਕਰ ਦੀ ਸੋਚ ਉੱਤੇ ਡੱਟ ਕੇ ਪਹਿਰਾ ਦਿੰਦੇ ਹੋਏ ਅੰਧ-ਵਿਸ਼ਵਾਸ ਦੇ ਹਨੇਰਿਆਂ ਨੂੰ ਦੂਰ ਕਰਨ ਲਈ ਵਿਗਿਆਨਕ ਚੇਤਨਾ ਦੀ ਮਸਾਲ ਨੂੰ ਘਰ-ਘਰ ਪਹੁੰਚਾਈਏ ਅਤੇ ਡਾ. ਦਾਭੋਲਕਰ ਤੋਂ ਇਲਾਵਾ ਪ੍ਰਸਿੱਧ ਤਰਕਸ਼ੀਲ ਬੁੱਧੀਜੀਵੀਆਂ ਗੋਬਿੰਦ ਪੰਸਰੇ, ਪ੍ਰੋਫ਼ੈਸਰ ਕੁਲਬਰਗੀ ਅਤੇ ਗੌਰੀ ਲੰਕੇਸ਼ ਦੇ ਕਾਤਲਾਂ ਅਤੇ ਉਨ੍ਹਾਂ ਦੇ ਸਿਆਸੀ ਸਰਪ੍ਰਸਤਾਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਤਕ ਜਥੇਬੰਦਕ ਸੰਘਰਸ਼ਾਂ ਨੂੰ ਹੋਰ ਤੇਜ਼ ਕਰੀਏ ।

—31 ਮੋਹਨੀ ਪਾਰਕ, ਸਾਹਮਣੇ ਖ਼ਾਲਸਾ ਕਾਲਜ, ਅੰਮ੍ਰਿਤਸਰ ।
ਮੋ: 9779230173

(ਰੋ: ਅਜੀਤ 19-08-2018 ’ਚੋਂ ਧੰਨਵਾਦ ਸਹਿਤ !)

# ਮਲਾਲਾ ਤੇਰੀ ਸੋਚ ਨੂੰ ਸਲਾਮ

**ਜਗਜੀਤ ਸਿੰਘ ਗਨੇਸ਼ਪੁਰ**

ਮਲਾਲਾ ਯੂਸਫ਼ਜ਼ਈ ਦਾ ਜਨਮ 12 ਜੁਲਾਈ 1997 ਨੂੰ ਪਾਕਿਸਤਾਨ ਦੀ ਸਵਾਤ ਘਾਟੀ (ਜਿਸ ਨੂੰ ਕਿ ਏਸ਼ੀਆ ਮਹਾਂਦੀਪ ਦਾ ਸਵਿਟਜ਼ਰਲੈਂਡ ਵੀ ਕਿਹਾ ਜਾਂਦਾ ਹੈ) ਦੇ ਛੋਟੇ ਜਿਹੇ ਕਸਬੇ ਮਿੰਗੋਰਾ 'ਚ ਪਿਤਾ ਜਿਉਦੀਨ ਯੂਸਫ਼ਜ਼ਈ ਅਤੇ ਮਾਤਾ ਤੂਰ ਪੇਕਾਈ ਯੂਸਫਜ਼ਈ ਦੇ ਘਰ ਹੋਇਆ । ਆਪਣੇ ਤੋਂ ਉਮਰ ਵਿੱਚ ਦੋ ਛੋਟੇ ਭਰਾਵਾਂ ਦੀ ਇਸ ਭੈਣ ਦਾ ਨਾਂ ਉਸ ਦੇ ਪਰਿਵਾਰ ਨੇ ਦੱਖਣੀ ਅਫ਼ਗਾਨਿਸਤਾਨ ਦੀ ਇਕ ਮਸ਼ਹੂਰ ਪਸ਼ਤੂ ਕਵੀ ਅਤੇ ਯੋਧਾ ਔਰਤ ਦੇ ਨਾਂ ਤੋਂ ਰੱਖਿਆ ਸੀ । ਉਸ ਦਾ ਅੰਤਮ ਨਾਂ ਯੂਸਫਜ਼ਈ, ਇਕ ਵੱਡੇ ਪਸ਼ਤੂਨ ਕਬੀਲੇ ਦਾ ਹੈ ਜੋ ਵਧੇਰੇ ਕਰਕੇ ਪਾਕਿਸਤਾਨ ਦੀ ਸਵਾਤ ਘਾਟੀ ਵਿੱਚ ਵਸਦਾ ਹੈ। ਮਲਾਲਾ ਅੱਜ ਪੂਰੇ ਸੰਸਾਰ ਵਿੱਚ ਆਪਣੇ ਲੜਕੀਆਂ ਦੀ ਸਿੱਖਿਆ ਲਈ ਲੜੇ ਜਾ ਰਹੇ ਸੰਘਰਸ਼ ਕਾਰਨ ਪ੍ਰਸਿੱਧ ਹੈ । ਮਲਾਲਾ ਦੇ ਪਿਤਾ ਜੋ ਕਿ ਖ਼ੁਦ ਇਕ ਕਵੀ ਹੋਣ ਦੇ ਨਾਲ-ਨਾਲ ਕਈ ਨਿੱਜੀ ਸਕੂਲ ਵੀ ਚਲਾਉਂਦੇ ਰਹੇ ਹਨ, ਨੇ ਹੀ ਮਲਾਲਾ ਨੂੰ ਬਚਪਨ ਵਿੱਚ ਖ਼ੁਦ ਪੜ੍ਹਾਇਆ ਸੀ। ਸਾਲ 2009 'ਚ ਯੂਸਫ਼ਜ਼ਈ ਨੇ 'ਵਾਰ ਐਂਡ ਪੀਸ' ਨਾਮਕ ਇਕ ਸੰਸਥਾ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਜਿਸ ਦਾ ਮਕਸਦ ਬੱਚਿਆਂ ਨੂੰ ਸਮਾਜਿਕ ਸਰੋਕਾਰਾਂ ਤੇ ਮੁਸ਼ਕਲਾਂ ਕਈ ਵਿਚਾਰ-ਵਟਾਂਦਰਾ ਕਰਨ ਲਈ ਉਤਸ਼ਾਹਿਤ ਕਰਨਾ ਸੀ। 2009 'ਚ ਹੀ ਮਲਾਲਾ ਦੇ ਪਿਤਾ ਨੇ ਆਪਣੀ ਹੋਣਹਾਰ ਪੁੱਤਰੀ ਨੂੰ ਬੀ.ਬੀ.ਸੀ. ਦੀ ਉਰਦੂ ਵੈੱਬਸਾਈਟ 'ਤੇ ਬਲਾਗ ਲਿਖਣ ਲਈ ਰਜ਼ਾਮੰਦੀ ਦੇ ਦਿੱਤੀ ਸੀ । 3 ਜਨਵਰੀ 2009 ਨੂੰ ਮਲਾਲਾ ਦਾ ਪਹਿਲਾ ਬਲਾਗ ਬੀ.ਬੀ.ਸੀ. ਦੀ ਉਰਦੂ ਵੈੱਬਸਾਈਟ 'ਤੇ ਪੋਸਟ ਕੀਤਾ ਗਿਆ, ਜਿਸ ਵਿੱਚ ਉਸ ਨੇ ਸਵਾਤ ਵਿੱਚ ਅੱਤਵਾਦੀਆਂ ਦੇ ਡਰ ਕਾਰਨ ਕੁਝ ਹੀ ਲੜਕੀਆਂ ਦੇ ਸਕੂਲ ਜਾਣ ਅਤੇ ਅੰਤ ਵਿੱਚ ਸਕੂਲ ਦੇ ਬੰਦ ਹੋਣ ਦਾ ਤੌਖ਼ਲਾ ਪ੍ਰਗਟ ਕੀਤਾ ਗਿਆ ਸੀ ।

ਤਾਲਿਬਾਨ ਨੇ 15 ਜਨਵਰੀ 2009 'ਚ ਲੜਕੀਆਂ ਦੇ ਸਕੂਲ ਜਾਣ ਵਿਰੁੱਧ ਫ਼ਤਵਾ ਜਾਰੀ ਕਰਕੇ ਸਕੂਲਾਂ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਸੀ । ਬਹੁਤ ਸਾਰੇ ਸਕੂਲਾਂ ਨੂੰ ਉਡਾ ਵੀ ਦਿੱਤਾ ਗਿਆ । ਸਾਲ 2011 'ਚ ਉਸ ਨੂੰ ਪਾਕਿਸਤਾਨ ਦੇ ਰਾਸ਼ਟਰੀ ਨੌਜਵਾਨ ਸ਼ਾਂਤੀ ਪੁਰਸਕਾਰ ਨਾਲ ਨਿਵਾਜਿਆ ਗਿਆ ਅਤੇ ਉਸ ਨੂੰ ਇਸ ਪੁਰਸਕਾਰ ਨਾਲ ਉਸ ਸਮੇਂ ਦੇ ਪਾਕਿਸਤਾਨੀ



ਪ੍ਰਧਾਨ ਮੰਤਰੀ ਯੂਸਫ਼ ਰਾਜਾ ਗਿਲਾਨੀ ਨੇ ਸਨਮਾਨਿਤ ਕੀਤਾ । 9 ਅਕਤੂਬਰ 2012 ਵਾਲੇ ਦਿਨ ਜਦੋਂ ਮਲਾਲਾ ਆਪਣੀਆਂ ਸਹੇਲੀਆਂ ਨਾਲ ਸਕੂਲ ਤੋਂ ਬੱਸ ਰਾਹੀਂ ਘਰ ਨੂੰ ਵਾਪਸ ਆ ਰਹੀ ਸੀ ਤਾਂ ਇਕ ਬੰਦੂਕਧਾਰੀ ਨੇ ਬੱਸ ਅੰਦਰ ਦਾਖ਼ਲ ਹੋ ਕੇ ਮਲਾਲਾ ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾਇਆ ਜੋ ਕਿ ਉਸ ਦੇ ਦਿਮਾਗ਼ ਕੋਲੋਂ ਹੁੰਦੀ ਹੋਈ ਉਸ ਦੇ ਮੋਢੇ 'ਤੇ ਜਾ ਲੱਗੀ । ਗੰਭੀਰ ਜ਼ਖ਼ਮੀ ਹਾਲਤ ਵਿੱਚ ਮਲਾਲਾ ਨੂੰ ਜਹਾਜ਼ ਰਾਹੀ ਪੇਸ਼ਾਵਰ ਦੇ ਫੌਜੀ ਹਸਪਤਾਲ ਵਿੱਚ ਇਲਾਜ ਲਈ ਲਿਜਾਇਆ ਗਿਆ। ਇਸ ਤੋਂ ਬਾਅਦ ਉਸ ਨੂੰ ਅਗਾਂਹ ਇਲਾਜ ਲਈ ਰਾਵਲਪਿੰਡੀ ਦੇ ਫੌਜੀ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰ ਮੁਮਤਾਜ਼ ਖ਼ਾਨ ਨੇ ਉਸ ਦੇ 70 ਪ੍ਰਤੀਸ਼ਤ ਬਚਣ ਦੀ ਸੰਭਾਵਨਾ ਦੱਸੀ । ਮਲਾਲਾ ਦੇ ਇਲਾਜ ਲਈ ਹੁਣ ਪੂਰੀ ਦੁਨੀਆਂ ਤੋਂ ਪੇਸ਼ਕਸ਼ਾਂ ਆ ਰਹੀਆਂ ਸਨ ਤੇ ਆਖ਼ਰਕਾਰ 15 ਅਕਤੂਬਰ ਨੂੰ ਯੂਸਫ਼ਜ਼ਈ ਨੂੰ ਬਰਤਾਨੀਆ ਲਿਜਾਣ ਦਾ ਫ਼ੈਸਲਾ ਕੀਤਾ ਗਿਆ ਤੇ ਉਸ ਦਾ ਇਲਾਜ ਕੁਈਨ ਏਲਜ਼ਬਿਥ ਹਸਪਤਾਲ ਵਿੱਚ ਸ਼ੁਰੂ ਕੀਤਾ ਗਿਆ । ਇਕ ਲੰਮੇ ਸਮੇਂ ਬਾਅਦ ਮਲਾਲਾ ਯੂਸਫ਼ਜ਼ਈ ਨੂੰ 3 ਜਨਵਰੀ 2013 ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ।

ਮਲਾਲਾ ਨੇ ਇਸ ਤੋਂ ਬਾਅਦ ਵੀ ਲੜਕੀਆਂ ਅਤੇ ਔਰਤਾਂ ਦੇ ਸਿੱਖਿਆ ਅਤੇ ਹੋਰ ਬੁਨਿਆਦੀ ਅਧਿਕਾਰ ਦੀ ਪ੍ਰਾਪਤੀ ਲਈ ਆਪਣੀ ਲੜਾਈ ਜਾਰੀ ਰੱਖੀ। ਉਸ ਦੇ ਇਨ੍ਹਾਂ ਮਹਾਨ ਕਾਰਜਾਂ ਲਈ 2013 'ਚ ਸੰਯੁਕਤ ਰਾਸ਼ਟਰ ਨੇ 12 ਜੁਲਾਈ ਵਾਲੇ ਦਿਨ ਨੂੰ ਅੰਤਰ-ਰਾਸ਼ਟਰੀ ਮਲਾਲਾ ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਕੀਤਾ । ਸੰਯੁਕਤ ਰਾਸ਼ਟਰ ਵਿਖੇ ਬੋਲਦਿਆਂ ਉਸ ਨੇ ਆਪਣੀ ਤਕਰੀਰ ਵਿੱਚ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਆਪਣੇ ਦੁਆਰਾ ਆਰੰਭੇ ਕਾਰਜਾਂ ਤੋਂ ਕਦੇ ਡਰ ਕੇ ਪਿੱਛੇ ਨਹੀਂ ਹਟੇਗੀ । 10 ਅਕਤੂਬਰ 2014 'ਚ ਮਲਾਲਾ ਯੂਸਫ਼ਜ਼ਈ ਨੂੰ ਬੱਚਿਆਂ ਦੇ ਸਿੱਖਿਆ ਸੰਬੰਧੀ ਅਧਿਕਾਰਾਂ ਲਈ ਬੜੀ ਦਲੇਰੀ ਨਾਲ ਸੰਘਰਸ਼ ਕਰਨ ਵਾਸਤੇ ਸੰਸਾਰ ਦੇ ਸਭ ਤੋਂ ਵੱਡੇ ਸਨਮਾਨ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਅਤੇ ਉਹ ਸਤਾਰਾਂ ਸਾਲ ਦੀ ਸਭ ਤੋਂ ਘੱਟ ਉਮਰ ਦੀ ਸਨਮਾਨ ਪ੍ਰਾਪਤ ਕਰਨ ਵਾਲੀ ਨੋਬਲ ਲੌਰੇਟੇਟਸ ਬਣ ਗਈ । ਯੂਨੀਸੈਫ ਦੀ ਇਕ ਰਿਪੋਰਟ ਮੁਤਾਬਕ 6.5 ਕਰੋੜ ਦੇ ਕਰੀਬ ਲੜਕੀਆਂ ਨੂੰ ਮੁੱਢਲੀ ਸਕੂਲ ਸਿੱਖਿਆ ਤੋਂ ਵੀ ਵਾਂਝਾ ਰਹਿਣਾ ਪੈਂਦਾ ਹੈ। ਇਸ ਹੀ ਸੰਦਰਭ ਵਿੱਚ ਮਲਾਲਾ ਆਪਣੀ

ਸੰਸਥਾ 'ਮਲਾਲਾ ਫ਼ੰਡ' ਰਾਹੀਂ ਸਕੂਲੀ ਸਿੱਖਿਆ ਮੁਹੱਈਆ ਕਰਵਾਉਣ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੀ ਹੈ ।

ਅੱਜ ਦੀ ਨੌਜਵਾਨ ਪੀੜ੍ਹੀ ਨੂੰ ਵੀ ਮਲਾਲਾ ਯੂਸਫ਼ਜ਼ਈ ਤੋਂ ਪ੍ਰੇਰਨਾ ਲੈ ਕੇ ਆਪਣੀ ਜ਼ਿੰਦਗੀ ਦੇ ਨਿਸ਼ਾਨੇ ਮਿੱਥ ਕੇ ਲੋਕ ਸਰੋਕਾਰਾਂ ਲਈ ਘਾਲਣਾ ਘਾਲਣੀ ਚਾਹੀਦੀ ਹੈ। ਮਲਾਲਾ ਦੁਆਰਾ ਕੀਤੇ ਜਾ ਰਹੇ ਸੰਸਾਰ ਪੱਧਰੀ ਕਾਰਜਾਂ ਦੀ ਜਾਣਕਾਰੀ ਉਸ ਦੀ ਵੈੱਬਸਾਈਟ malala.org ਤੋਂ ਆਸਾਨੀ ਨਾਲ ਲਈ ਜਾ ਸਕਦੀ ਹੈ । ਮਲਾਲਾ ਦੇ ਹੁਣ ਤਕ ਦੇ ਸੰਘਰਸ਼ ਨੂੰ ਬਿਆਨ ਕਰਦੀ ਕਿਤਾਬ 'I am malala' ਵੀ ਪੜ੍ਹੀ ਜਾ ਸਕਦੀ ਹੈ। ਮਲਾਲਾ ਦੀਆਂ ਉਪਲਬਧੀਆਂ ਨਾਲ ਇਹ ਇਕ ਵਾਰ ਫਿਰ ਸਿੱਧ ਹੋ ਗਿਆ ਕਿ ਇਲਮ ਦੀ ਤਾਕਤ ਬੰਦੂਕ ਦੀ ਗੋਲੀ ਤੋਂ ਕਿਤੇ ਵੱਧ ਪ੍ਰਭਾਵ ਰੱਖਦੀ ਹੈ । ਕਲਮ ਦੀ ਸ਼ਕਤੀ ਨਾਲ ਹੀ ਸਮਾਜ ਵਿੱਚ ਯੁੱਗ ਪਲਟਾਊ ਪਰਿਵਰਤਨ ਕੀਤੇ ਜਾ ਸਕਦੇ ਹਨ...ਇਹ ਸ਼ੇਅਰ ਮਲਾਲਾ 'ਤੇ ਸਹੀ ਢੁੱਕਦਾ ਹੈ :

**ਉਹ ਰਾਹੀ ਹੋਰ ਹੋਣਗੇ ਜਿਨ੍ਹਾਂ ਨੂੰ ਰਾਹ ਨਹੀਂ ਲੱਭਦੇ,**
**ਮੇਰੀ ਹਰ ਬੁੱਕਲ 'ਚ ਮੰਜ਼ਲ ਦੀ ਕਹਾਣੀ ਹੈ ।**

(ਰੋਜ਼ਾਨਾ ਅਜੀਤ 12-07-2018 'ਚੋਂ ਧੰਨਵਾਦ ਸਹਿਤ !)



# ਬਖ਼ਸ਼ੀਆਂ ਨਹੀਂ ਜਾ ਰਹੀਆਂ ਮਲਾਲਾ ਤੇ ਮੁਖਤਾਰਾਂ

**ਅਸਦ ਹਾਸ਼ਿਮ**

**ਮਲਾਲਾ ਯੂਸਫ਼ਜ਼ਈ ਛੇ ਸਾਲਾਂ ਬਾਅਦ ਛੇ ਦਿਨਾਂ ਲਈ ਪਾਕਿਸਤਾਨ ਪਰਤੀ । ਇੱਕ ਪਾਸੇ ਉਸ ਦੀ ਇਸ ਫੇਰੀ ਦਾ ਭਰਵਾਂ ਸਵਾਗਤ ਹੋਇਆ, ਦੂਜੇ ਪਾਸੇ ਖੁੱਲ੍ਹ ਕੇ ਵਿਰੋਧ। ਇਸੇ ਵਿਰੋਧ ਦਾ ਵਿਸ਼ਲੇਸ਼ਣ ਕਰਦੀ ਹੈ ਪਾਕਿਸਤਾਨੀ ਕਾਲਮ-ਨਵੀਸ ਹਾਸ਼ਿਮ ਦੀ ਇਹ ਸ਼ਾਇਸਤਾ ਰਚਨਾ ।**

ਗੱਲ 2012 ਦੀ ਹੈ । ਪੰਦਰਾਂ ਸਾਲ ਦੀ ਇੱਕ ਬੱਚੀ ਆਪਣੀਆਂ ਦੋ ਸਹੇਲੀਆਂ ਨਾਲ ਸਵਾਤ ਵਾਦੀ ਵਿਚਲੇ ਸਕੂਲ ਜਾ ਰਹੀ ਸੀ । ਅਚਾਨਕ ਉਸ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾਈਆਂ ਗਈਆਂ । ਗੋਲੀਆਂ ਤਿੰਨਾਂ ਨੂੰ ਲੱਗੀਆਂ । ਪੰਦਰਾਂ ਸਾਲ ਦੀ ਬੱਚੀ ਦੇ ਸਿਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ । ਗੋਲੀ ਉਸਦੇ ਦਿਮਾਗ਼ ਨਾਲ ਖਹਿੰਦੀ ਹੋਈ ਮੋਢੇ ਵਿੱਚ ਜਾ ਅਟਕੀ । ਉਸਦਾ ਬਚਾਅ ਹੋ ਗਿਆ । ਉਹ ਹੁਣ ਵੀ ਜ਼ਿੰਦਾ ਹੈ । ਸ਼ਾਇਦ ਇਹੀ ਉਸਦਾ ਜੁਰਮ ਹੈ ।

ਇੱਕ ਪਾਸੇ ਇਹ ਕੁੜੀ ਸੀ ਜਿਹੜੀ ਕੁੜੀਆਂ ਲਈ ਤਾਲੀਮੀ ਹਕੂਕ ਦੇ ਹੱਕ ਵਿੱਚ ਖੁੱਲ੍ਹ ਕੇ ਬੋਲਦੀ ਸੀ; ਉਸਦੀ ਇਸੇ ਦਲੇਰੀ ਬਦਲੇ ਉਸਦੇ ਸੂਬੇ (ਖ਼ੈਬਰ ਪਖ਼ਤੂਨਖਵਾ) ਦੀ ਸਰਕਾਰ ਨੇ ਉਸਦਾ ਸਨਮਾਨ ਕੀਤਾ । ਪਰ ਦੂਜੇ ਪਾਸੇ ਪਾਕਿਸਤਾਨੀ ਤਾਲਿਬਾਨ ਸਨ । ਅੰਤਾਂ ਦੇ ਕੱਟੜ; ਅੰਤਾਂ ਦੇ ਤਅੱਸਬੀ । ਉਹ ਆਪਣੀ ਦਕਿਆਨੂਸੀ ਹਥਿਆਰਬੰਦ ਲਹਿਰ ਰਾਹੀਂ ਖ਼ਲਕਤ ਉੱਪਰ ਇਸਲਾਮੀ ਸ਼ਰ੍ਹਾ ਦੀ ਆਪਣੀ ਵਿਆਖਿਆ ਥੋਪਣੀ ਚਾਹੁੰਦੇ ਸਨ । ਮਲਾਲਾ ਉਨ੍ਹਾਂ ਦੀ ਸੋਚ, ਉਨ੍ਹਾਂ ਦੇ ਖ਼ਿਆਲਾਤ ਮੰਨਣ ਲਈ ਤਿਆਰ ਨਹੀਂ ਸੀ । ਇਸੇ ਲਈ ਉਸਨੂੰ 'ਸੋਧਣਾ' ਹੀ ਪੈਣਾ ਸੀ ।

ਉਹ ਮਾਰੀ ਨਹੀਂ ਜਾ ਸਕੀ । ਇਸੇ ਕਾਰਨ ਉਸਨੂੰ ਪੱਛਮੀ ਦੇਸ਼ਾਂ ਨੇ ਸਾਂਭ ਲਿਆ । ਪਹਿਲਾਂ ਇਲਾਜ ਦੇ ਬਹਾਨੇ, ਫਿਰ ਉਸਦੀ ਜਾਨ ਦੇ ਖ਼ਤਰੇ ਦੇ ਬਿਨਾਅ 'ਤੇ । ਉਹ ਵਤਨ ਪਰਤਣਾ ਚਾਹੁੰਦੀ ਸੀ, ਪਰ ਉਸਦੇ ਸਰਪ੍ਰਸਤ ਜਾਣਦੇ ਸਨ ਕਿ ਉਸਨੂੰ ਵਤਨ ਭੇਜਣਾ ਸੁਰੱਖਿਅਤ ਨਹੀਂ । ਉਂਞ ਵੀ ਉਹ ਨੋਬਲ ਅਮਨ ਪੁਰਸਕਾਰ ਵਿਜੇਤਾ ਬਣ ਚੁੱਕੀ ਸੀ ।

ਛੇ ਸਾਲ ਬਾਅਦ, ਮਲਾਲਾ ਯੂਸਫ਼ਜ਼ਈ ਜਦੋਂ ਆਪਣੇ ਵਤਨ ਪਰਤੀ ਤਾਂ 'ਸਵਾਗਤ' ਧਮਕੀਆਂ ਤੇ ਗੁਸੈਲ ਨਾਅਰਿਆਂ ਨਾਲ ਹੋਇਆ । ਇਸਲਾਮਾਬਾਦ ਹਵਾਈ ਅੱਡੇ ਦੇ ਬਾਹਰ ਇੱਕ ਵੱਡਾ ਹਜੂਮ ਸੀ ਜਿਸਨੇ

“ਮੈਂ ਮਲਾਲਾ ਨਹੀਂ” ਦੀ ਲਿਖਤ ਵਾਲੀਆਂ ਤਖ਼ਤੀਆਂ ਚੁੱਕੀਆਂ ਹੋਈਆਂ ਸਨ । ਇਨ੍ਹਾਂ ਤਖ਼ਤੀਆਂ ’ਤੇ ਉਸ ਨੂੰ ‘ਸੀ.ਆਈ.ਏ. ਦੀ ਏਜੰਟ’ ਦੱਸਿਆ ਗਿਆ ਸੀ । ਉਸਨੂੰ ਪੱਛਮੀ ਦੇਸ਼ਾਂ ਦੀ ਪਿੱਠੂ ਦੱਸਣ ਵਾਲਿਆਂ ਦੀ ਗਿਣਤੀ ਪਾਕਿਸਤਾਨ ਵਿੱਚ ਘੱਟ ਨਹੀਂ । ਇਨ੍ਹਾਂ ਵਿੱਚ ਕੁਝ ਪਾਕਿਸਤਾਨੀ ਅਖ਼ਬਾਰਾਂ ਦੇ ਸੰਪਰਕ ਤੇ ਸਰਕਰਦਾ ਕਾਲਮਨਵੀਸ ਵੀ ਸ਼ੁਮਾਰ ਹਨ। ਉਹ ਉਸ ਉੱਪਰ ਦੌਲਤ ਤੇ ਸ਼ੋਹਰਤ ਦੀ ਖ਼ਾਤਰ ਪਾਕਿਸਤਾਨ ਨੂੰ ਬਦਨਾਮ ਕਰਨ ਦੇ ਦੋਸ਼ ਲਾਉਂਦੇ ਹਨ ।

ਦੂਜੇ ਪਾਸੇ ਅਜਿਹੇ ਲੋਕ ਵੀ ਹਨ ਜਿਹੜੇ ਇਨ੍ਹਾਂ ਤਖ਼ਤੀਆਂ ਵਾਲਿਆਂ ਨੂੰ ਅਹਿਮਕ ਜਾਂ ਤਾਲਿਬਾਨੀ ਦੱਸਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਿਹੜੇ ਲੋਕ ਇੱਕ ਮੁਟਿਆਰ ਦੇ ਖ਼ੂਨ ਦੇ ਪਿਆਸਿਆਂ ਦੀ ਸੋਚ ਦੇ ਪੈਰੋਕਾਰ ਹਨ, ਉਹ ਇਨਸਾਨੀਅਤ ਦੇ ਨਾਂ ’ਤੇ ਧੱਬਾ ਹਨ।

ਮਨੋਵਿਗਿਆਨੀਆਂ ਅਨੁਸਾਰ ਨਫ਼ਰਤ ਕਦੇ ਵੀ ਮੂਰਖ ਜਾਂ ਅਹਿਮਕ ਨਹੀਂ ਹੁੰਦੀ । ਉਸ ਪਿੱਛੇ ਇੱਕ ਸਿਆਸਤ, ਵਿਚਾਰਧਾਰਾ ਤੇ ਨਿੱਜੀ ਹਿੱਤ ਵੀ ਹੁੰਦੇ ਹਨ। ਦੂਜੇ ਪਾਸੇ ਨਫ਼ਰਤ ਦਾ ਨਿਸ਼ਾਨਾ ਭਾਵ ਜਿਸ ਨੂੰ ਨਫ਼ਰਤ ਕੀਤੀ ਜਾਂਦੀ ਹੈ ਉਹ ਦਰਅਸਲ, ਨਫ਼ਰਤ ਦਾ ਕੇਂਦਰ ਬਿੰਦੂ ਆਮ ਤੌਰ ’ਤੇ ਨਹੀਂ ਹੁੰਦਾ । ਨਫ਼ਰਤ ਬੰਦੇ ਨਾਲ ਨਹੀਂ, ਉਸਦੀ ਸੋਚ ਜਾਂ ਉਸ ਦੀਆਂ ਖ਼ੂਬੀਆਂ ਖ਼ਾਮੀਆਂ ਨੂੰ ਕੀਤੀ ਜਾਂਦੀ ਹੈ । ਇਸ ਪਿੱਛੇ ਵਿਅਕਤੀਗਤ ਸਿਆਸਤ ਵੀ ਹੁੰਦੀ ਹੈ ਅਤੇ ਸਮੂਹਿਕ ਸਿਆਸਤ ਵੀ । ਇਸੇ ਕਾਰਨ ਇਸ ਸਵਾਲ ਦਾ ਜਵਾਬ ਜਾਣਨਾ ਜ਼ਰੂਰੀ ਹੈ ਕਿ ਉਹ ਮਲਾਲਾ ਨੂੰ ਏਨੀ ਜ਼ਿਆਦਾ ਨਫ਼ਰਤ ਕਿਉਂ ਕਰਦੇ ਹਨ ?

**ਇਸ ਸਵਾਲ ਦਾ ਜਵਾਬ ਹੈ**: ਇਸਤਰੀ ਜਾਤੀ ਪ੍ਰਤੀ ਦਵੈਖ਼ ਜਾਂ ਹਿਕਾਰਤ । ਕੋਈ ਵੀ ਪੁਰਸ਼ ਪ੍ਰਧਾਨ ਸਮਾਜ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਤੀਵੀਂ ਹੋ ਕੇ ਵੀ ਉਹ ਮਰਦਾਂ ਦੀ ਬਰਾਬਰੀ ਵਾਲੇ ਹਕੂਕ ਮੰਗੇ। ਮਲਾਲਾ ਯੂਸਫ਼ਜ਼ਈ ਉਸ ਸਾਰੇ ਕੁਝ ਦੀ ਨੁਮਾਇੰਦਗੀ ਕਰਦੀ ਹੈ ਜੋ ਪੁਰਸ਼ ਪ੍ਰਧਾਨ ਸਮਾਜ ਬਰਦਾਸ਼ਤ ਨਹੀਂ ਕਰ ਸਕਦਾ । ਉਹ ਇੱਕ ਅਜਿਹੀ ਔਰਤ ਹੈ ਜੋ ਖ਼ਾਮੋਸ਼ ਹੋਣ ’ਤੇ ਵੀ ਔਰਤਾਂ ਦੇ ਹੱਕਾਂ ਲਈ ਖ਼ਾਮੋਸ਼ ਨਾ ਹੋਣ ਦਾ ਪ੍ਰਭਾਵ ਦਿੰਦੀ ਹੈ । ਉਹ ਜਿੱਥੇ ਵੀ ਜਾਂਦੀ ਹੈ, ਆਪਣੇ ਨਾਲ ਹੋਈਆਂ ‘ਜ਼ਿਆਦਤੀਆਂ’ ਦੀ ਯਾਦ ਦਿਵਾਉਂਦੀ ਹੈ। ਜਿਹੜੀ ਔਰਤ ਪੁਰਸ਼-ਪ੍ਰਧਾਨ ਸਮਾਜ ਨੂੰ ਹਮੇਸ਼ਾਂ ਸਵਾਲਾਂ ਦੇ ਚੱਕਰਵਿਊ ਵਿੱਚ ਫਸਾਈ ਰੱਖੇ, ਕੀ ਉਸਨੂੰ ਝੱਲਿਆ ਜਾ ਸਕਦਾ ਹੈ ।

ਉਂਞ, ਇਕੱਲੀ ਮਲਾਲਾ ਹੀ ਨਹੀਂ, ਪਾਕਿਸਤਾਨੀ ਸਮਾਜ ਨੇ ਹੋਰਨਾਂ



ਔਰਤਾਂ ਨੂੰ ਵੀ ਆਪਣੀ ਨਫ਼ਰਤ ਦਾ ਨਿਸ਼ਾਨਾ ਬਣਾਇਆ ਹੈ। ਮੁਖ਼ਤਾਰਾਂ ਮਾਈ ਦਾ ਮਾਮਲਾ ਸਾਡੇ ਸਾਹਮਣੇ ਹੈ। ਉਸਦੇ ਭਾਈਚਾਰੇ ਦੀ ਪੰਚਾਇਤ ਨੇ ਹੀ ਉਸਦੇ ਸਮੂਹਿਕ ਬਲਾਤਕਾਰ ਦਾ ਹੁਕਮ ਦਿੱਤਾ ਸੀ । ਪਰ ਅਜਿਹੀ ਵਹਿਸ਼ੀਆਨਾ ਹਰਕਤ, ਏਨਾ ਸ਼ਦੀਦ ਜ਼ੁਲਮ ਵੀ ਉਸਨੂੰ ਝੁਕਾਅ ਨਹੀਂ ਸਕਿਆ । ਉਸ ਉੱਪਰ ਇੱਕ ਨਹੀਂ, ਕਈ ਵਾਰ ਜ਼ੁਲਮ ਹੋਇਆ; ਸਮਾਜ ਨੇ ਹੀ ਉਸਦੀ ਇੱਜ਼ਤ ਨੂੰ ਤਾਰ ਤਾਰ ਕੀਤਾ; ਉਸ ਨਾਲ ਜੋ ਜ਼ੁਲਮ ਹੋਏ, ਉਨ੍ਹਾਂ ਦਾ ਕਸੂਰ ਵੀ ਉਸੇ ਸਿਰ ਮੜ੍ਹਿਆ ਅਤੇ ਇਹ ਸਭ ਕੁਝ ਕਰਨ ਦੇ ਬਾਵਜੂਦ ਉਸ ਉੱਪਰ ਹੁਣ ਵੀ ਇਹੋ ਦੋਸ਼ ਲਾਇਆ ਜਾਂਦਾ ਹੈ ਕਿ ਉਹ ਪਾਕਿਸਤਾਨ ਨੂੰ ਆਲਮੀ ਮੰਚਾਂ ਉੱਤੇ ਬਦਨਾਮ ਕਰਦੀ ਹੈ, ਉਹ ਵੀ ਸਿਰਫ਼ ਆਪਣੀ ਹਾਜ਼ਰੀ ਰਾਹੀਂ ਬਿਨਾਂ ਕੁਝ ਬੋਲਿਆਂ !

ਦਰਅਸਲ, ਮਲਾਲਾ ਹੋਵੇ ਜਾਂ ਮੁਖ਼ਤਾਰਾਂ, ਇਨ੍ਹਾਂ ਔਰਤਾਂ ਦਾ ਇੱਕੋ ਹੀ ਗੁਨਾਹ ਹੈ: ਜ਼ਿੱਲਤ, ਗਲਾਜ਼ਤ ਤੇ ਨਫ਼ਰਤ ਰੂਪੀ ਚਿੱਕੜ ਲਗਾਤਾਰ ਇਨ੍ਹਾਂ ਵੱਲ ਸੁੱਟੇ ਜਾਣ ’ਤੇ ਵੀ ਇਨ੍ਹਾਂ ਨੇ ਜੁਝਾਰੂ ਜਜ਼ਬਾ ਮਰਨ ਨਹੀਂ ਦਿੱਤਾ । ਮਾਈ ਤੇ ਮਲਾਲਾ ਦਰਮਿਆਨ ਤਾਂ ਇੱਕ ਹੋਰ ਸਾਂਝ ਹੈ । ਦੋਵਾਂ ਨੂੰ ਪੱਛਮੀ ਸਮਾਜ ਵੀ ਆਦਰਸ਼ ਮੰਨਦਾ ਹੈ। ਮਲੀਹਾ ਲੋਧੀ ਜਾਂ ਸ਼ੈਰੀ ਰਹਿਮਾਨ ਵਰਗੀਆਂ ਉੱਚ ਤਾਲੀਮਯਾਫ਼ਤਾ ਤੇ ਉੱਚ ਅਹੁਦਿਆਂ ’ਤੇ ਰਹੀਆਂ ਪਾਕਿਸਤਾਨੀ ਔਰਤਾਂ ਨੂੰ ਨਹੀਂ। ਮਲਾਲਾ ਤੇ ਮੁਖ਼ਤਾਰਾਂ ਨੂੰ ਪਾਕਿਸਤਾਨੀ ਸਮਾਜ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਹੈ? ਸ਼ਾਇਦ ਇਸੇ ਲਈ ਪਰਵੇਜ਼ ਮੁਸ਼ੱਰਫ਼ ਨੇ ਮੁਲਕ ਦਾ ਹਾਕਮ ਹੁੰਦਿਆਂ ਇਹ ਕਹਿਣੋਂ ਝਿਜਕ ਨਹੀਂ ਸੀ ਦਿਖਾਈ ਕਿ ਮੁਖਤਾਰਾਂ ਮਾਈ ਉੱਤੇ ਓਨਾ ਜ਼ਿਆਦਾ ਜ਼ੁਲਮ ਨਹੀਂ ਹੋਇਆ ਜਿੰਨਾ ਉਹ ‘ਵੇਚਦੀ’ ਆ ਰਹੀ ਹੈ ਅਤੇ ਜੇ ਕੁਝ ਹੋਇਆ ਵੀ ਤਾਂ ਉਸਦੀ ਆਪਣੀ ਇੱਛਾ ਨਾਲ ਹੋਇਆ, ਕਿਉਂਕਿ ਉਹ ਵਿਦੇਸ਼ੀ ਨਾਗਰਿਕਤਾ ਹਾਸਲ ਕਰਨਾ ਚਾਹੁੰਦੀ ਸੀ ।

ਪਾਕਿਸਤਾਨ ਵਿੱਚ ਮਸਲਾ ਹੀ ਇਹੋ ਹੈ। ਜੇਕਰ ਹੋਰ ਕੁਝ ਨਹੀਂ ਲੱਭਦਾ ਤਾਂ ‘ਪੱਛਮ ਦੀ ਏਜੰਟ’ ਦਾ ਠੱਪਾ ਲਾ ਦਿਉ । ਮਲਾਲਾ ਯੂਸਫ਼ਜ਼ਈ ‘ਪੱਛਮ ਦੀ ਏਜੰਟ’ ਹੈ । ਮੁਖ਼ਤਾਰਾਂ ਪੱਛਮ ਦੀ ਏਜੰਟ ਹੈ । ਹਫ਼ੀਜ਼ਾ ਬੀ ‘ਪੱਛਮ ਦੀ ਏਜੰਟ ਹੈ । ਇਹ ਔਰਤਾਂ ਜਨਤਕ ਤੌਰ ’ਤੇ ਸਿਗਰਟਨੋਸ਼ੀ ਨਹੀਂ ਕਰਦੀਆਂ, ਪੱਛਮੀ ਪਹਿਰਾਵੇ ਨਹੀਂ ਪਾਉਂਦੀਆਂ, ਪਾਕ-ਸਾਫ਼ ਪਾਕਿਸਤਾਨੀ ਹੋਣ ਦਾ ਭਰਮ ਪੈਦਾ ਕਰਨ ਲਈ ਸਿਰ ਢੱਕ ਕੇ ਰੱਖਦੀਆਂ ਹਨ, ਪਰ ਪਾਕਿਸਤਾਨ ਨੂੰ ਬਦਨਾਮ ਕਰਦੀਆਂ ਹਨ ਆਪਣੀਆਂ ਕਹਾਣੀਆਂ ਸੁਣਾ ਕੇ, ਆਪਣੇ ਨਾਲ ਹੋਏ ‘ਜ਼ੁਲਮਾਂ’ ਦੇ ਕਿੱਸੇ ਬਿਆਨ ਕੇ। ਆਬਿਦਾ ਆਫ਼ਤਾਬ ਫ਼ੈਸਲਾਬਾਦ ਵਿੱਚ ਮਰਦੀ ਹੈ, ਇਹ ਲੰਡਨ ਤੇ ਓਸਲੋ ’ਚ ਬੈਠ ਕੇ ਇਸ ਮੌਤ

’ਤੇ ਕੀਰਨੇ ਪਾਉਂਦੀਆਂ ਹਨ। ਪਾਕਿਸਤਾਨ ਦੀ ਬਦਨਾਮੀ ਬਾਰੇ ਜ਼ਰਾ ਨਹੀਂ ਸੋਚਦੀਆਂ । ਹਰ ਪਾਕਿਸਤਾਨੀ ਨੂੰ ਆਪਣੇ ਮੁਲਕ ਦੇ ਐਟਮੀ ਹਥਿਆਰਾਂ ਨਾਲ ਲੈਸ ਮੁਲਕ ਹੋਣ ’ਤੇ ਮਾਣ ਹੋਣਾ ਚਾਹੀਦਾ ਹੈ, ਪਰ ਉਹ ਤਾਂ ਇਨ੍ਹਾਂ ਹਥਿਆਰਾਂ ਲਈ ਪਾਕਿਸਤਾਨ ਨੂੰ ਨਿੰਦਦੀਆਂ ਹਨ। ਕੀ ਇਹ ਅਕ੍ਰਿਤਘਣਤਾ ਨਹੀਂ ? ਇਹ ਇਨਸਾਨੀ ਸਮਾਜ ਅੰਦਰਲਾ ਅਜੀਬ ਜਿਹਾ ਵਿਰੋਧਾਭਾਸ ਹੈ ਕਿ ਉਹ ਰਵਾਇਤੀ ਦਿੱਖ ਵਾਲੀਆਂ ਔਰਤਾਂ ਨੂੰ ਰਵਾਇਤਾਂ ਦੇ ਚੌਗਿਰਦੇ ਵਿੱਚ ਹੀ ਕੈਦ ਰੱਖਣਾ ਚਾਹੁੰਦਾ ਹੈ। ਇਸ ਤੋਂ ਨਾ ਪੱਛਮ ਮੁਕਤ ਹੈ ਅਤੇ ਨਾ ਹੀ ਪੂਰਬ । ਪਾਕਿਸਤਾਨੀ ਸਮਾਜ ਵਿੱਚ ਅਜਿਹੀਆਂ ਔਰਤਾਂ ਦੀ ਕਮੀ ਨਹੀਂ ਜੋ ਮਰਦਾਂ ਵਿੱਚ ਮਰਦਾਂ ਵਾਂਗ ਵਿਚਰਦੀਆਂ ਹਨ, ਉੱਚ ਅਹੁਦਿਆਂ ’ਤੇ ਤਾਇਨਾਤ ਹਨ, ਪੇਸ਼ੇਵਾਰਾਨਾ ਜਾਂ ਨਿੱਜੀ ਮਹਿਫ਼ਲਾਂ ਵਿੱਚ ਗਿਲਾਸ ਫੜਨ ਤੇ ਖ਼ਾਲੀ ਕਰਨ ਤੋਂ ਨਹੀਂ ਝਿਜਕਦੀਆਂ, ਮਰਦਾਂ ਵਰਗੀ ਗਾਲੀ-ਗਲੋਚ ਵੀ ਕਰ ਲੈਂਦੀਆਂ ਹਨ, ਪਰ ਉਨ੍ਹਾਂ ਨੂੰ ਨਾ ਤਅੱਸਬੀ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹਨ ਅਤੇ ਨਾ ਹੀ ਸਮਾਜਿਕ ਇਖ਼ਲਾਕ ਦੇ ਮੁਦਈ ਮੰਨੇ ਜਾਂਦੇ ਦਾਨਿਸ਼ਵਰ ਉਨ੍ਹਾਂ ਨੂੰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਤਕਰੀਰਾਂ ਲਈ ਸੱਦੇ ਦੇਣ ਤੋਂ ਝਿਜਕਦੇ ਹਨ । ਪਰ ਜਦੋਂ ਰਵਾਇਤੀ ਪਹਿਰਾਵੇ ਵਾਲੀ ਤੇ ਸਿਰ ’ਤੇ ਦੁਪੱਟੇ ਵਾਲੀ ਤਾਲੀਮਯਾਫ਼ਤਾ ਬੀਬੀ, ਔਰਤਾਂ ਦੇ ਹੱਕਾਂ ਦੀ ਹਮਾਇਤ ਵਿੱਚ ਤਕਰੀਰ ਕਰਦਿਆਂ ਉਸੇ ਜ਼ਬਾਨ ਦੀ ਵਰਤੋਂ ਕਰਦੀ ਹੈ ਜੋ ‘ਗ਼ੈਰ-ਰਵਾਇਤੀ’ ਪਹਿਰਾਵੇ ਵਾਲੀ ਕਰਦੀ ਆਈ ਸੀ ਤਾਂ ਇਸ ਬੀਬੀ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਉਸ ਨੂੰ ਬਨਾਵਟੀ ਸਮਝਿਆ ਜਾਂਦਾ ਹੈ ।

ਮਲਾਲਾ ਹੁਣੇ-ਹੁਣੇ ਵਤਨ ਤੋਂ ਲੰਡਨ ਪਰਤੀ ਹੈ। ਉਸ ਨੇ ਛੇ ਦਿਨਾਂ ਦੌਰਾਨ ਜੋ ਤਕਰੀਰਾਂ ਕੀਤੀਆਂ, ਜੋ ਵੀ ਇੰਟਰਵਿਊਜ਼ ਦਿੱਤੇ, ਉਨ੍ਹਾਂ ਵਿੱਚੋਂ ਪਾਕਿਸਤਾਨ ਖ਼ਿਲਾਫ਼ ਕੋਈ ਮਲਾਲ ਸਾਹਮਣੇ ਨਹੀਂ ਆਇਆ । ਉਸ ਦੇ ਬੋਲਾਂ ਵਿੱਚ ਸਿੱਕ ਸੀ ਵਤਨ ਵਿੱਚ ਵਿਚਰਨ ਦੀ, ਆਮ ਵਰਗੀ ਜ਼ਿੰਦਗੀ ਜਿਊਣ ਦੀ, ਆਪਣੀਆਂ ਹਮਵਤਨਾਂ ਦੇ ਭਵਿੱਖ ਨੂੰ ਸਵਾਰਨ ਲਈ ਕੁਝ ਕਰਨ ਦੀ । ਉਸਦੀ ਇਹੋ ਸਿੱਕ, ਉਸਦਾ ਸਹਿਜ, ਉਸਦੀ ਜ਼ਬਾਨ ਦੀ ਮਿਠਾਸ ਹੀ ਉਨ੍ਹਾਂ ਲੋਕਾਂ ਨੂੰ ਡਰਾਉਂਦੀ ਰਹੀ ਜਿਨ੍ਹਾਂ ਨੇ ਨਫ਼ਰਤ ਦੀ ਕਾਸ਼ਤ ਨੂੰ ਆਪਣਾ ਦੀਨ ਬਣਾਇਆ ਹੋਇਆ ਹੈ । ਉਹ ਜਿਊਂਦੀ ਹੈ, ਇਹੀ ਉਨ੍ਹਾਂ ਲਈ ਉਸਦਾ ਗੁਨਾਹ ਹੈ ।

(‘ਡਾਅਨ ਪਾਕਿਸਤਾਨ ਦੇ ਸਹਿਯੋਗ ਨਾਲ’)

(ਰੋਜ਼ਾਨਾ ਪੰ: ਟ੍ਰਿ: 8 ਅਪਰੈਲ 2018 ’ਚੋਂ ਧੰਨਵਾਦ ਸਹਿਤ !)



# ਕਈ ਵਿਗਿਆਨਾਂ ਦਾ ਮਾਹਰ ਸੀ ਇਬਨ-ਅਲ-ਹੇਥਮ

**ਡਾ. ਵਿਦਵਾਨ ਸਿੰਘ ਸੋਨੀ**

ਅਰਬ ਦੇ ਮੁਸਲਮਾਨ ਅਕਾਦਮੀਸ਼ਨਾਂ ਵਿੱਚੋਂ ‘ਇਬਨ-ਅਲ-ਹੇਥਮ’ ਦਾ ਨਾਂ ਯਾਦ ਰੱਖਣ ਯੋਗ ਹੈ, ਭਾਵੇਂ ਕਿ ਉਹ ਵਿਗਿਆਨ ਦੇ ਇਤਿਹਾਸ ਵਿੱਚ ਅਮੂਮਨ ਅਣਗੌਲਿਆ ਹੀ ਰਿਹਾ । ਇਰਾਕ ਦੇ ਸ਼ਹਿਰ ਬਸਰਾ ਵਿੱਚ ਸੰਨ 965 ਈ: ਵਿੱਚ ਜਨਮਿਆ ‘ਇਬਨ-ਅਲ-ਹੇਥਮ’, ਇਕ ਵਿਗਿਆਨਕ ਸੋਝੀ ਰੱਖਣ ਵਾਲਾ ਵਿਅਕਤੀ ਸੀ । ਲਾਤੀਨੀ ਭਾਸ਼ਾ ਵਿੱਚ ਉਸ ਨੂੰ ‘ਅਲਹਜ਼ੇਨ’ ਕਿਹਾ ਜਾਂਦਾ ਸੀ—ਤੇ ਉਸ ਦਾ ਛੋਟਾ ਨਾਂ ‘ਅਲਬਸਰੀ ਸੀ । ਸ਼ੁਰੂ ਵਿੱਚ ਉਹ ਸਿਵਲ ਸੇਵਾਵਾਂ ਵਿੱਚ ਬਸਰਾ ਵਿਖੇ ਜੱਜ ਨਿਯੁਕਤ ਹੋਇਆ । ਉਨ੍ਹਾਂ ਦਿਨਾਂ ਵਿੱਚ ਧਰਮਾਂ ਬਾਰੇ ਬੜੀਆਂ ਵਿਵਾਦਗ੍ਰਸਤ ਗਤੀਵਿਧੀਆਂ ਚੱਲ ਰਹੀਆਂ ਸਨ, ਜਿਨ੍ਹਾਂ ਤੋਂ ਅੱਕ ਕੇ ਉਸ ਨੇ ਧਾਰਮਿਕ ਅਧਿਐਨ ਛੱਡ ਕੇ ਵਿਗਿਆਨ ਵੱਲ ਮੂੰਹ ਮੋੜ ਲਿਆ । ਉਸ ਦਾ ਗਣਿਤ ਤੇ ਭੌਤਿਕ ਵਿਗਿਆਨ ਦਾ ਗਿਆਨ ਸਾਰੇ ਇਰਾਕ, ਸੀਰੀਆ ਤੇ ਮਿਸਰ ਵਿੱਚ ਪ੍ਰਸਿੱਧ ਹੋ ਗਿਆ ਤਾਂ ਉਸ ਨੂੰ ਮਿਸਰ ਦੇ ਖਲੀਫ਼ਾ ‘ਅਲ-ਹਾਕਿਮ’ ਨੇ ਆਸਵਾਂ ਵਿਖੇ ਡੈਮ ਬਣਾ ਕੇ ਨੀਲ ਦਰਿਆ ਦਾ ਰੁਖ਼ ਮੋੜਨ ਲਈ ਸੱਦਾ ਭੇਜਿਆ, ਤਾਂ ਕਿ ਉਸ ਵਿੱਚ ਆਉਂਦੇ ਹੜ੍ਹਾਂ ਨੂੰ ਰੋਕਿਆ ਜਾ ਸਕੇ ।

ਉਹ ਖਲੀਫ਼ਾ ਕੁਝ ਸਿਰ ਫਿਰਿਆ ‘ਜਿਹਾ ਮੰਨਿਆ ਜਾਂਦਾ ਸੀ, ਕਿਉਂਕਿ ਉਹ ਬੜੇ ਅਜੀਬੋ-ਗ਼ਰੀਬ ਹੁਕਮ ਜਾਰੀ ਕਰਦਾ ਰਹਿੰਦਾ ਸੀ। ਕਦੀ ਉਹ ਲੋਕਾਂ ਦੇ ਕੁਝ ਖਾਣਿਆਂ ’ਤੇ ਪਾਬੰਦੀ ਲਾ ਦਿੰਦਾ, ਕਦੀ ਕਹਿੰਦਾ ਕਿ ਔਰਤਾਂ ਘਰ ਤੋਂ ਬਾਹਰ ਨਾ ਨਿਕਲਿਆ ਕਰਨ ਤੇ ਕਦੀ ਇਹ ਵੀ ਕਹਿੰਦਾ ਕਿ ਪੁਰਖ ਦਿਨੇ ਸੌਂਇਆ ਕਰਨ ਤੇ ਰਾਤ ਭਰ ਜਾਗ ਕੇ ਕੰਮ ਕਰਿਆ ਕਰਨ, ਵਗੈਰਾ । ਉਹ ਏਨਾ ਜ਼ਾਲਮ ਸੀ ਕਿ ਉਸ ਨੇ ਆਪਣੇ ਕਈ ਉਸਤਾਦਾਂ ਤੇ ਮੰਤਰੀਆਂ ਨੂੰ ਵੀ ਮਰਵਾ ਦਿੱਤਾ । ਜਦੋਂ ਇਬਨ-ਅਲ-ਹੇਥਮ ਨੇ ਸਮਝ ਲਿਆ ਕਿ ਡੈਮ ਬਣਾ ਕੇ ਨੀਲ ਦਰਿਆ ਦਾ ਰੁਖ਼ ਮੋੜਨਾ ਅਸੰਭਵ ਹੈ ਤਾਂ ਉਸ ਨੇ ਖਲੀਫ਼ੇ ਤੋਂ ਜਾਨ ਬਚਾਉਣ ਲਈ ਪਾਗਲ ਹੋਣ ਦਾ ਸਵਾਂਗ ਰਚ ਲਿਆ । ਇਸ ਦੇ ਫਲਸਰੂਪ ਉਸ ਕੋਲੋਂ ਉਸ ਦੀਆਂ ਕਿਤਾਬਾਂ ਸਮੇਤ ਸਾਰਾ ਕੁਝ ਖੋਹ ਲਿਆ ਗਿਆ ਤੇ ਹਾਕਮਾਂ ਨੇ ਕਰੀਬ ਦਸ ਸਾਲ ਲਈ ਉਸ ਨੂੰ ਨਜ਼ਰਬੰਦ ਕਰ ਦਿੱਤਾ । ਉਹ ਉਦੋਂ ਰਿਹਾਅ ਹੋਇਆ ਜਦੋਂ ਕਿ ਸੰਨ 1021 ਵਿੱਚ ਖਲੀਫ਼ਾ ‘ਅਲ-ਹਾਕਿਮ’ ਨੂੰ ਕਿਸੇ ਨੇ ਮਾਰ ਦਿੱਤਾ ।

ਰਿਹਾਅ ਹੋਣ ਉਪਰੰਤ 'ਇਬਨ-ਅਲ-ਹੇਥਮ' ਕਾਹਿਰਾ ਦੀ ਇਕ ਗੁੰਬਦ-ਨੁਮਾ ਇਮਾਰਤ 'ਕੁਬਾਹ' ਵਿੱਚ ਰਹਿਣ ਲੱਗ ਪਿਆ ਤੇ ਵਿਦਿਆਰਥੀਆਂ ਨੂੰ ਗਣਿਤ ਤੇ ਭੌਤਿਕ ਵਿਗਿਆਨ ਪੜ੍ਹਾਉਣ ਲੱਗਾ ਉਹ ਵਿਗਿਆਨ ਦੀਆਂ ਪੁਸਤਕਾਂ ਲਿਖ ਕੇ ਆਪਣਾ ਗੁਜ਼ਾਰਾ ਕਰਦਾ ਸੀ । ਉਹ ਏਨਾ ਮਿਹਨਤੀ ਸੀ ਕਿ ਜੇਲ੍ਹ ਦੇ ਸਮੇਂ ਦੌਰਾਨ ਹੀ ਉਸ ਨੇ ਆਪਣੀ ਪ੍ਰਸਿੱਧ ਪੁਸਤਕ 'ਕਿਤਾਬੇ ਮਿਨਾਜ਼ਰ' ਜਾਂ 'ਰੌਸ਼ਨੀ ਦੀ ਪੁਸਤਕ' 7 ਜਿਲਦਾਂ ਵਿੱਚ ਲਿਖੀ । 12ਵੀਂ ਸਦੀ ਦੇ ਅੰਤ ਵਿੱਚ ਕਿਸੇ ਅਗਿਆਤ ਸਕਾਲਰ ਨੇ ਇਸ ਪੁਸਤਕ ਦਾ ਲਾਤੀਨੀ ਭਾਸ਼ਾ ਵਿੱਚ ਅਨੁਵਾਦ ਵੀ ਕੀਤਾ ਸੀ ।

ਇਸ ਤੋਂ ਇਲਾਵਾ ਉਸ ਨੇ ਗਣਿਤ, ਭੌਤਿਕ ਵਿਗਿਆਨ, ਤਾਰਾ ਵਿਗਿਆਨ, ਇੰਜੀਨੀਅਰਿੰਗ, ਮੈਡੀਸੀਨ, ਐਨਾਟੋਮੀ, ਦ੍ਰਿਸ਼ਟੀ-ਅਨੁਭੂਤੀ, ਓਪਥੇਮਾਲੋਜੀ ਅਤੇ ਮਨੋਵਿਗਿਆਨ ਦੇ ਵਿਸ਼ਿਆਂ 'ਤੇ ਕਈ ਲੇਖ ਤੇ ਪੁਸਤਕਾਂ ਲਿਖੀਆਂ । ਉਸ ਨੇ ਵਿਗਿਆਨਕ ਢੰਗ ਦੀ ਪਰਿਭਾਸ਼ਾ ਵੀ ਦਿੱਤੀ । 'ਇਬਨ-ਅਲ-ਹੇਥਮ' ਇਕ ਵਾਫਰ ਲੇਖਕ ਸੀ ਜਿਸ ਨੇ ਭਿੰਨ-ਭਿੰਨ ਵਿਸ਼ਿਆਂ ਦੀਆਂ ਕਰੀਬ 200 ਰਚਨਾਵਾਂ ਰਚੀਆਂ, ਉਨ੍ਹਾਂ 'ਚੋਂ 96 ਦਾ ਤਾਂ ਲੋਕਾਂ ਨੂੰ ਪਤਾ ਹੈ ਪਰ ਹੁਣ ਸਿਰਫ਼ 50 ਦੇ ਲਗਪਗ ਬਚ ਸਕੀਆਂ ਹਨ। ਉਨ੍ਹਾਂ 'ਚੋਂ ਅੱਧੀਆਂ ਤਾਂ ਗਣਿਤ ਤੇ ਭੌਤਿਕ ਵਿਗਿਆਨ 'ਤੇ ਹਨ, 14 ਆਪਟਿਕਸ (ਪ੍ਰਕਾਸ਼) ਉੱਪਰ ਹਨ ਅਤੇ ਬਾਕੀ ਵਿਗਿਆਨ ਦੇ ਹੋਰ ਵਿਸ਼ਿਆਂ ਬਾਰੇ, ਪਰ ਸਾਰੀਆਂ ਦਾ ਅਜੇ ਅਧਿਐਨ ਵੀ ਨਹੀਂ ਹੋ ਸਕਿਆ ।

ਪ੍ਰਕਾਸ਼ ਤੇ ਦ੍ਰਿਸ਼ਟੀ ਬਾਰੇ 'ਇਬਨ-ਅਲ-ਹੇਥਮ' ਦਾ ਵਿਗਿਆਨ ਪਹਿਲਾਂ ਪੇਸ਼ ਥਿਊਰੀਆਂ ਨਾਲੋਂ ਭਿੰਨ ਹੀ ਸੀ। ਇਸ ਨੇ ਹੀ ਪਹਿਲਾਂ ਪਹਿਲ ਕਨਵੈਕਸ ਲੈਂਜ਼ ਦੇ ਵਸਤਾਂ ਨੂੰ ਵੱਡਾ ਕਰਕੇ ਦਿਖਾਉਣ ਦੇ ਗੁਣ ਨੂੰ ਪਛਾਤਾ ਸੀ। ਇਬਨ-ਅਲ-ਹੇਥਮ ਨੇ ਡੂੰਘਾ ਵਿਸ਼ਲੇਸ਼ਣ ਕਰਕੇ ਵੱਖ-ਵੱਖ ਮਾਧਿਅਮਾਂ ਰਾਹੀਂ ਪ੍ਰਕਾਸ਼ ਦੇ ਗੁਜ਼ਰਨ ਦਾ ਅਧਿਐਨ ਕੀਤਾ ਅਤੇ ਨਾਲ ਹੀ ਪਰਾਵਰਤਨ (ਰੀਫਲੈਕਸ਼ਨ) ਤੇ 'ਅਪਵਰਤਨ' (ਰੀਫ੍ਰੈਕਸ਼ਨ) ਦੇ ਨਿਯਮ ਸਥਾਪਿਤ ਕੀਤੇ । ਪ੍ਰਕਾਸ਼ ਦਾ ਸੱਤ ਰੰਗਾਂ ਵਿੱਚ ਵਰਣ-ਵਿਖੇਪਨ ਵੀ ਉਸ ਨੇ ਹੀ ਕਰ ਕੇ ਦਿਖਾਇਆ ਸੀ । ਉਸ ਨੇ ਗ੍ਰਹਿਣ ਦੇ ਲੱਗਣ, ਸਤਰੰਗੀ ਪੀਂਘ ਦੇ ਉਪਜਣ ਤੇ ਪ੍ਰਛਾਵਿਆਂ ਦੀ ਵਿਆਖਿਆ ਵੀ ਕੀਤੀ, 'ਬਾਈਨੌਕੁਲਰ ਵਿਜ਼ਨ' ਜਾਂ ਦੋ ਅੱਖਾਂ ਦੀ ਲੋੜ ਦਾ ਕਾਰਨ ਵੀ ਉਸੇ ਨੇ ਦੱਸਿਆ ਸੀ । ਸੂਰਜ/ਚੰਨ ਦੇ ਡੁੱਬਣ ਲੱਗਿਆਂ ਵੱਡ-ਆਕਾਰੀ ਭਾਸਣ ਦਾ ਕਾਰਨ ਵੀ ਉਸ ਨੇ ਹੀ ਦੱਸਿਆ ।'



'ਇਬਨ-ਅਲ-ਹੇਥਮ' ਨੇ ਪਹਿਲਾਂ ਸੂਈ ਸ਼ੇਕ ਕੈਮਰਾ ਬਣਾਇਆ ਤੇ ਫਿਰ 'ਕੈਮਰਾ ਓਬਸਕਿਉਰਾ' ਦੀ ਕਾਢ ਵੀ ਕੱਢੀ ਜਿਸ ਵਿੱਚ ਅੰਦਰੋਂ ਕਾਲੇ ਕੀਤੇ ਹੋਏ ਇਕ ਡੱਬੇ ਦੇ ਇਕ ਪਾਸੇ ਮੋਰੀ ਕਰਕੇ ਲੈਂਜ਼ ਲਗਾਇਆ ਹੁੰਦਾ ਹੈ। ਇਸ ਵਿਗਿਆਨੀ ਨੇ 'ਟੋਲੇਮੀ' ਤੇ 'ਇਊਕਲਿਡ' ਦੀ ਇਸ ਥਿਊਰੀ ਨੂੰ ਸਰਾਸਰ ਗ਼ਲਤ ਕਿਹਾ ਜਿਸ ਅਨੁਸਾਰ ਰੋਸ਼ਨੀ ਅੱਖਾਂ 'ਚੋਂ ਨਿਕਲਦੀ ਹੈ ਤਾਂ ਅਸੀਂ ਵਸਤਾਂ ਨੂੰ ਦੇਖ ਸਕਦੇ ਹਾਂ ਅਤੇ ਦੱਸਿਆ ਕਿ ਸਗੋਂ ਵਸਤਾਂ ਤੋਂ ਪਰਾਵਰਤਤ ਹੋ ਕੇ ਪ੍ਰਕਾਸ਼ ਸਾਡੀ ਅੱਖ ਵਿੱਚ ਪੈਂਦਾ ਹੈ ਜਿਸ ਕਾਰਨ ਸਾਨੂੰ ਸਭ ਕੁਝ ਦਿੱਸਦਾ ਹੈ । ਵਾਯੂਮੰਡਲ ਵਿੱਚ 'ਅਪਵਰਤਨ' ਕਿਵੇਂ ਹੁੰਦਾ ਹੈ, ਉਸ ਨੇ ਇਹ ਵੀ ਸਮਝਾਇਆ। ਉਸ ਨੇ ਦੱਸਿਆ ਸੀ ਕਿ ਉਚਾਈ ਵਧਣ ਨਾਲ ਵਾਯੂਮੰਡਲੀ ਦਬਾਓ ਘਟਦਾ ਜਾਂਦਾ ਹੈ, ਜੋ ਸਹੀ ਸਿੱਧ ਹੋਇਆ । ਉਸ ਦੇ ਪ੍ਰਕਾਸ਼ ਬਾਰੇ ਵਿਸਤ੍ਰਿਤ ਅਧਿਐਨ ਕਰਕੇ ਉਸ ਨੂੰ ਆਧੁਨਿਕ ਪ੍ਰਕਾਸ਼ ਵਿਗਿਆਨ ਦਾ ਪਿਤਾਮਾ ਮੰਨਿਆ ਜਾਂਦਾ ਹੈ । 'ਇਬਨ-ਅਲ-ਹੇਥਮ' ਦੀਆਂ ਪ੍ਰਕਾਸ਼ ਬਾਰੇ ਲਿਖਤਾਂ ਨੇ ਬਾਅਦ ਵਿੱਚ ਹੋਏ ਪੱਛਮੀ ਚਿੰਤਕ ਤੇ ਵਿਗਿਆਨੀਆਂ—'ਰੋਜ਼ਰ ਬੇਕਨ', 'ਜੌਹਨ ਪੈਛਮ', 'ਵਿਟੇਲੋ' ਤੇ 'ਜੌਹੇਨੱਸ ਕੈਪਲਰ' ਵਗ਼ੈਰਾ ਨੂੰ ਬਹੁਤ ਪ੍ਰਭਾਵਿਤ ਕੀਤਾ । ਉਸ ਨੇ ਗਤੀ ਦੇ ਨਿਯਮਾਂ ਦਾ ਅਧਿਐਨ ਵੀ ਕੀਤਾ ਅਤੇ ਉਹ ਪਹਿਲਾ ਵਿਅਕਤੀ ਸੀ ਜਿਸ ਨੇ ਬਿਆਨ ਕੀਤਾ ਸੀ ਕਿ ਸਿੱਧੀ ਰੇਖਾ ਵਿੱਚ ਚੱਲ ਰਹੀ ਵਸਤੂ ਅਡੋਲ ਚੱਲਦੀ ਰਹਿੰਦੀ ਹੈ ਜਦ ਤਕ ਕਿ ਉਸ ਨੂੰ ਕੋਈ ਰੋਕੇ ਨਾ । ਨਿਊਟਨ ਨੇ ਤਾਂ 17ਵੀਂ ਸਦੀ ਵਿੱਚ ਇਸ ਤੱਥ ਨਾਲ ਢੁਕਦਾ ਆਪਣਾ ਪਹਿਲਾ ਨਿਯਮ ਬਣਾਇਆ ਸੀ ।

ਤਾਰਾ ਵਿਗਿਆਨ ਦੇ ਸੰਬੰਧ ਵਿੱਚ 'ਇਬਨ-ਅਲ-ਹੇਥਮ' ਨੇ 'ਟੋਲਮਿਕ ਐਸਟਰਾਨੋਮੀ' ਦਾ ਮਿਥ ਕੇ ਅਧਿਐਨ ਕੀਤਾ ਅਤੇ ਸਿੱਧ ਕੀਤਾ ਕਿ ਕਿਵੇਂ ਇਹ ਗ੍ਰਹਿਆਂ ਦੀ ਵਿਰਤਾਕਾਰ ਗਤੀ ਨਾਲ ਮੇਲ ਨਹੀਂ ਖਾਂਦਾ, ਭਾਵੇਂ ਉਹ ਵੀ 'ਧਰਤ-ਕੇਂਦਰਤ' ਅਕਾਸ਼-ਮੰਡਲ ਨੂੰ ਮੰਨਦਾ ਸੀ ਅਤੇ ਧਰਤ ਨੂੰ ਸਥਿਰ ਮੰਨਦਾ ਸੀ ।

ਗਣਿਤ ਦੇ ਵਿਸ਼ੇ ਵਿੱਚ ਉਸ ਨੇ ਇਊਕਲਿਡ ਦੇ ਕੰਮ ਨੂੰ ਅੱਗੇ ਵਧਾਇਆ ਤੇ ਅਤਿ-ਸੂਖਮ ਕੈਕਕੁਲਸ ਨੂੰ ਨੇਮਬੱਧ ਕੀਤਾ । ਉਸ ਨੇ 'ਨੰਬਰ ਥਿਊਰੀ' ਤੇ 'ਐਨਾਲਿਟੀਕਲ ਜੁਮੈਟਰੀ' ਵਿਕਸਿਤ ਕੀਤੀ ਤੇ ਉਸ ਨੂੰ ਅਲਜਬਰੇ ਨਾਲ ਵੀ ਜੋੜਿਆ ਤੇ ਨਾਲ ਹੀ 'ਪਰਫੈਕਟ ਨੰਬਰ' ਦੀ ਪਰਿਭਾਸ਼ਾ ਵੀ ਦਿੱਤੀ ।

ਉਹ ਪਹਿਲਾ ਵਿਗਿਆਨੀ ਸੀ ਜਿਸ ਨੇ ਅੱਖ ਦੀ ਬਣਤਰ ਦਾ ਵਿਸਥਾਰ ਦੱਸਿਆ ਸੀ ਤੇ ਨਾਲ ਹੀ ਦ੍ਰਿਸ਼ਟੀ ਦੇ ਸਾਰੇ ਪੱਖਾਂ ਦਾ ਅਧਿਐਨ ਕੀਤਾ । ਨੇਤਰ-ਚਿਕਿਤਸਾ ਤੇ ਅੱਖ ਦੀ ਸਰਜਰੀ ਦੇ ਖੇਤਰ ਵਿੱਚ ਵੀ ਮਹੱਤਵਪੂਰਨ ਕੰਮ ਕੀਤਾ । ਸਾਈਕੋਫਿਜ਼ਿਕਸ ਤੇ ਪ੍ਰਯੋਗਿਕ ਮਨੋਵਿਗਿਆਨ ਦਾ ਨਿਰਮਾਤਾ ਤਾਂ 'ਇਬਨ-ਅਲ ਹੇਥਮ' ਨੂੰ ਹੀ ਮੰਨਿਆ ਜਾਂਦਾ ਹੈ । ਫ਼ਿਲਾਸਫ਼ੀ ਦੇ ਖੇਤਰ ਵਿੱਚ ਘਟਨਾ-ਕਿਰਿਆ ਵਿਗਿਆਨ ਉੱਪਰ ਵੀ ਉਸ ਨੇ ਸਿਰੇ ਦਾ ਕੰਮ ਕਿਤਾ ਸੀ । ਉਸ ਨੇ 'ਅਨੁਭਵ' ਜਾਂ ਸੋਝੀ ਦੇ ਫ਼ਲਸਫ਼ੇ ਨੂੰ ਡੂੰਘੇ ਅਧਿਐਨ ਨਾਲ ਪਰਪੱਕ ਕੀਤਾ ।

ਅਲਹੇਜ਼ਨ (ਇਬਨ-ਅਲ-ਹੇਥਮ) ਨੇ ਵਿਗਿਆਨਕ ਢੰਗ ਦੀ ਪਰਿਭਾਸ਼ਾ ਇਵੇਂ ਦਿੱਤੀ ਸੀ, 'ਜੇ ਕਿਸੇ ਵਿਅਕਤੀ ਨੇ ਸੱਚ ਨੂੰ ਪ੍ਰਾਪਤ ਕਰਨਾ ਹੈ ਤਾਂ ਉਹ ਕਿਸੇ ਲਿਖੇ 'ਤੇ ਹੀ ਵਿਸ਼ਵਾਸ ਨਾ ਕਰੇ । ਉਹ ਹਰ ਪਾਸਿਓਂ ਇਸ 'ਤੇ ਕਿੰਤੂ ਕਰੇ, ਆਪਣੀ ਘੜੀ ਥਿਊਰੀ 'ਤੇ ਵੀ । ਪੱਕਾ ਸੰਸ਼ਲੇਸ਼ਣ ਕਰਕੇ ਹੀ ਕਿਸੇ ਸਿੱਟੇ 'ਤੇ ਪੁੱਜੇ, ਤਾਂ ਕਿ ਉਹ ਪੱਖਪਾਤੀ ਨਾ ਬਣ ਜਾਏ ।' ਉਹ ਆਪ ਕਿਸੇ ਸਿਧਾਂਤ ਨੂੰ ਸਿੱਧ ਕਰਨ ਵਾਸਤੇ ਅਨੁਭਵ ਤੋਂ ਬਣਾਏ ਕਿਆਸਾਂ ਨੂੰ ਕਰੜੇ ਪ੍ਰਯੋਗ ਰਾਹੀਂ ਸਥਾਪਿਤ ਕਰਦਾ ਸੀ। ਉਸ ਦਾ ਇਹ ਵਿਗਿਆਨਕ ਢੰਗ ਆਧੁਨਿਕ ਵਿਗਿਆਨਕ ਢੰਗ ਨਾਲ ਮੇਲ ਖਾਂਦਾ ਹੈ, ਜਿਸ ਵਿੱਚ ਬਾਰ-ਬਾਰ ਪਰੇਖਣ ਕਰਕੇ ਹਾਈਪਾਥੇਸਿਜ਼ ਬਣਾਉਣੇ ਤੇ ਫਿਰ ਪ੍ਰਯੋਗ ਦੁਆਰਾ ਉਨ੍ਹਾਂ ਨੂੰ ਸਿੱਧ ਕਰਨਾ ਹੁੰਦਾ ਹੈ ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ 'ਇਬਨ-ਅਲ-ਹੇਥਮ' ਆਧੁਨਿਕ ਪ੍ਰਕਾਸ਼ ਵਿਗਿਆਨ ਦਾ ਮੋਢੀ ਪਿਤਾਮਾ ਸੀ, ਪਰ ਉਸ ਨੇ ਬਹੁਤ ਸਾਰੇ ਵਿਗਿਆਨਕ ਵਿਸ਼ਿਆਂ 'ਤੇ ਆਪਣੀ ਪ੍ਰਤਿਭਾਸ਼ਾਲੀ ਅੰਤਰ ਦ੍ਰਿਸ਼ਟੀ ਦੀ ਛਾਪ ਛੱਡੀ ।

ਦੁਨੀਆਂ ਦਾ ਉਹ ਮਹਾਨ ਸਕਾਲਰ, ਜਿਸ ਨੇ 10 ਸਾਲ ਜੇਲ੍ਹ ਵਿੱਚ ਰਹਿ ਕੇ ਵੀ ਵਿਗਿਆਨ ਤੇ ਅਕਾਦਮਿਕਤਾ ਨੂੰ ਏਨਾ ਕੁਝ ਦਿੱਤਾ, ਸੰਨ 1040 ਈਸਵੀ ਵਿੱਚ ਯੂਨਾਨ ਦੇ ਸ਼ਹਿਰ ਕਾਹਿਰਾ ਵਿਖੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ ।

(ਸਾਬਕਾ ਪਿੰਸੀਪਲ, ਸਰਕਾਰੀ ਮਹਿੰਦਰਾ
ਕਾਲਜ ਪਟਿਆਲਾ)
ਮੋਬਾਈਲ : 98143-48697

(ਰੋ: ਅਜੀਤ 04-02-2018 'ਚੋਂ ਧੰਨਵਾਦ ਸਹਿਤ !)



# ਅਣਖੀ ਕੁੱਖ ਦਾ ਵਾਰਸ 'ਦ ਮਾਊਂਟੇਨ ਮੈਨ' ਦਸ਼ਰਥ ਮਾਂਝੀ

**ਮਨਜਿੰਦਰ ਸਿੰਘ ਸਰੌਦ**

ਪਰਬਤਾਂ ਨੂੰ ਸਰ ਕਰਨ ਵਾਲੇ ਪਰਬਤ ਅਰੋਹੀਆਂ ਦੇ ਕਿੱਸੇ ਅਸੀਂ ਆਮ-ਏ-ਹਾਲਾਤ ਅਖ਼ਬਾਰਾਂ ਤੇ ਮੀਡੀਏ ਦੇ ਜ਼ਰੀਏ ਪੜ੍ਹਦੇ ਸੁਣਦੇ ਹਾਂ, ਪਰ ਆਪੋ-ਆਪਣੀ ਜ਼ਿੰਦਗੀ ਦੇ ਸਫ਼ਰ ਦੌਰਾਨ ਪਰਬਤਾਂ ਨੂੰ ਚੀਰ ਕੇ ਰਸਤਾ ਬਣਾ ਲੈਣ ਵਾਲੇ ਅਣਖੀ ਕੁੱਖ ਦੇ ਵਾਰਸਾਂ ਬਾਰੇ ਘੱਟ ਹੀ ਸੁਣਨ ਨੂੰ ਮਿਲਦਾ ਹੈ । ਸ਼ਾਇਦ ਦੁਨੀਆਂ ਦੇ ਇਤਿਹਾਸ ਵਿੱਚ ਅਜਿਹੇ ਵਿਲੱਖਣ, ਬੇਹੱਦ ਰੌਚਕ ਅਤੇ ਖ਼ਤਰਿਆਂ ਭਰੇ ਕਾਰਨਾਮਿਆਂ ਬਾਰੇ ਕਦੇ ਹੀ ਸੁਣਨ ਨੂੰ ਮਿਲਿਆ ਹੋਵੇ ਕਿ ਇਕ ਮਹਾ-ਮਨੁੱਖ ਵੱਲੋਂ ਪੂਰੇ 22 ਸਾਲ 2 ਮਹੀਨੇ ਦੀ ਸਖ਼ਤ ਮਿਹਨਤ ਤੇ ਮੁਸ਼ੱਕਤ ਤੋਂ ਬਾਅਦ ਇਕ ਵੱਡੇ ਪਹਾੜ ਦੀ ਛਾਤੀ ਪਾੜ ਪਿੰਡ ਵਾਲਿਆਂ ਲਈ ਵੱਖਰਾ ਰਸਤਾ ਬਣਾ ਦਿੱਤਾ ਗਿਆ ।

ਬਿਹਾਰ ਦੇ ਇਤਿਹਾਸਕ ਸ਼ਹਿਰ ਪਟਨਾ ਸਾਹਿਬ ਤੋਂ 135 ਕਿਲੋਮੀਟਰ, ਰਾਜਗੀਰ ਤੋਂ 30 ਅਤੇ ਬੋਧ ਗਯਾ ਤੋਂ ਲਗਪਗ 40 ਕਿਲੋਮੀਟਰ ਦੂਰ ਇਕ ਪਿੰਡ ਪੈਂਦੇ-ਗਹਿਲੌਰ, ਜਿਸ ਦਾ ਜ਼ਿਲ੍ਹਾ ਗਯਾ ਤੇ ਤਹਿਸੀਲ ਵਜ਼ੀਰਾਗੰਜ ਹੈ । 1934 ਨੂੰ ਇਸ ਪਿੰਡ ਦੀ ਸਰਜ਼ਮੀਨ 'ਤੇ ਇਕ ਦਸ਼ਰਥ ਮਾਂਝੀ ਨਾਂ ਦੇ ਧਰਤੀ ਪੁੱਤਰ ਨੇ ਜਨਮ ਲਿਆ । ਉਹ ਚੜ੍ਹਦੀ ਉਮਰੇ ਮਾਪਿਆਂ ਨਾਲ ਗੁੱਸੇ ਹੋ ਧਨਬਾਦ (ਹੁਣ ਝਾਰਖੰਡ) ਸ਼ਹਿਰ ਪਹੁੰਚ ਕੋਲੇ ਦੀਆਂ ਖਾਣਾਂ ਵਿੱਚ ਆਪਣੀ ਜ਼ਿੰਦਗੀ ਦੀਆਂ ਲਕੀਰਾਂ ਨੂੰ ਵਾਹੁਣ ਲੱਗਿਆ । ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ । ਉੱਥੇ ਹੀ ਉਸ ਨੂੰ ਇਕ ਫਾਗੁਨੀਆ ਨਾਂ ਦੀ ਲੜਕੀ ਨਾਲ ਮੁਹੱਬਤ ਹੋ ਗਈ ਤੇ ਫਿਰ ਸ਼ੁਰੂ ਹੋਇਆ ਘਰ-ਗ੍ਰਿਸਤੀ ਜੀਵਨ ਦਾ ਸਫ਼ਰ । ਬਾਕੀ ਪਿੰਡ ਵਾਲਿਆਂ ਦੀ ਤਰ੍ਹਾਂ ਥੋੜ੍ਹੀ ਬਹੁਤ ਖੇਤੀ ਕਰਨੀ ਜਾਂ ਪਹਾੜਾਂ ਤੋਂ ਬਾਲਣ ਇਕੱਠਾ ਕਰਨਾ ਇਨ੍ਹਾਂ ਲੋਕਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਸੀ ਜੋ ਤਕਰੀਬਨ ਅੱਜ ਵੀ ਹੈ । ਹਾਂ, ਸਮੇਂ ਤੇ ਬਦਲੇ ਹਾਲਾਤ ਨੇ ਭਾਵੇਂ ਹੁਣ ਕੁਝ ਦਿਸ਼ਾ ਅਤੇ ਦਸ਼ਾ ਜ਼ਰੂਰ ਬਦਲੀ ਹੈ, ਪਰ ਕੋਈ ਖ਼ਾਸ ਬਦਲਾਅ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਵਿੱਚ ਨਹੀਂ ਆਇਆ । ਰੋਹੀ ਬੀਆ-ਬਾਨ ਉਨ੍ਹਾਂ ਸਮਿਆਂ ਵਿੱਚ ਵੀ ਸੀ ਅਤੇ ਅੱਜ ਵੀ ਹੈ। ਦੂਰ-ਦੂਰ ਤਕ ਪਹਾੜ ਤੇ ਮੈਦਾਨੀ ਝਾੜੀਆਂ, ਬੰਜਰ ਖੇਤ ਅਤੇ ਛੋਟੇ-ਛੋਟੇ ਪਿੰਡ ਜੋ ਪਹਾੜਾਂ ਦੀ

ਬੁੱਕਲ ਵਿੱਚ ਵੱਸੇ ਨੇ । ਦਸ਼ਰਥ ਮਾਂਝੀ ਵੀ ਇਨ੍ਹਾਂ ਪਹਾੜਾਂ ਦੇ ਪਾਰ ਰੋਟੀ ਦਾ ਜੁਗਾੜ ਅਤੇ ਚੁੱਲ੍ਹਾ ਬਾਲਣ ਲਈ ਨਿੱਕ-ਸੁੱਕ ਇਕੱਠਾ ਕਰਨ ਜਾਇਆ ਕਰਦਾ ਸੀ । ਉਸ ਦਾ ਸੁਭਾਅ ਸ਼ੁਰੂ ਤੋਂ ਹੀ ਫੌਲਾਦੀ ਭੱਠੀ ਵਿੱਚ ਤਪ ਕੇ ਮਜ਼ਬੂਤ ਤੇ ਦ੍ਰਿੜ੍ਹ ਇਰਾਦੇ ਵਾਲਾ ਹੋ ਚੁੱਕਿਆ ਸੀ ਜਾਂ ਇਹ ਕਹਿ ਲਈਏ ਕਿ ਸਮੇਂ ਦੀਆਂ ਫੇਟਾਂ ਨੇ ਬਾਬਾ ਮਾਂਝੀ ਨੂੰ ਏਨਾ ਸ਼ਕਤੀਸ਼ਾਲੀ ਬਣਾ ਦਿੱਤਾ ਕਿ ਉਸ ਲਈ 'ਅਸੰਭਵ' ਸ਼ਬਦ ਕੁਝ ਵੀ ਅਰਥ ਨਹੀਂ ਰੱਖਦਾ ਸੀ । ਉਸ ਵੇਲੇ ਇਸ ਦਲਿਤ ਨੌਜਵਾਨ ਦੀ ਜ਼ਿੰਦਗੀ ਵਿੱਚ ਵੱਡਾ ਮੋੜ ਆਇਆ ਜਦ ਇਕ ਦਿਨ ਉਹ ਪਹਾੜਾਂ ਤੋਂ ਪਾਰ ਕੰਮ ਕਰ ਰਿਹਾ ਸੀ ਤਾਂ ਉਸ ਦੀ ਪਤਨੀ ਫਾਗੁਨੀਆ ਜੋ ਉਸ ਦਾ ਖਾਣਾ ਲੈ ਕੇ ਉੱਥੇ ਗਈ ਤਾਂ ਵਾਪਸੀ ਸਮੇਂ ਉਸ ਦਾ ਪੈਰ ਉੱਚੇ ਪਹਾੜ ਤੋਂ ਫ਼ਿਸਲ ਗਿਆ । ਸੱਟਾਂ ਏਨੀਆਂ ਜ਼ਿਆਦਾ ਲੱਗੀਆਂ ਕਿ ਉਹ ਇਸ ਸੰਸਾਰ ਨੂੰ ਅਲਵਿਦਾ ਆਖ ਗਈ । ਉਸ ਸਮੇਂ ਉਸ ਦੇ ਦੋ ਬੱਚੇ, ਇਕ ਲੜਕਾ ਤੇ ਇਕ ਲੜਕੀ ਸਨ। ਗ਼ਰੀਬੀ ਤੇ ਇਲਾਜ ਦੀ ਘਾਟ ਅਤੇ ਹਸਪਤਾਲ ਤੋਂ ਘੰਟਿਆਂ ਬੱਧੀ ਦੂਰੀ ਨੇ ਮਾਂਝੀ ਤੋਂ ਉਸ ਦੀ ਮੁਹੱਬਤ ਨੂੰ ਸਦਾ ਲਈ ਖੋਹ ਲਿਆ । ਉਸ ਸਮੇਂ ਬਹੁਤ ਸਾਰੇ ਆਲੇ ਦੁਆਲੇ ਦੇ ਪਿੰਡਾਂ ਦੀ ਵੀ ਇਹੀ ਤਰਾਸਦੀ ਸੀ, ਜੇਕਰ ਇਲਾਜ ਹੋ ਸਕਦਾ ਸੀ ਤਾਂ ਕੇਵਲ ਗਯਾ ਜਾਂ ਰਾਜਗੀਰ, ਜੋ ਇਨ੍ਹਾਂ ਲੋਕਾਂ ਦੀ ਪਹੁੰਚ ਵਿੱਚ ਨਹੀਂ ਸਨ । ਕੱਚਾ ਰਸਤਾ, ਉੱਡਦੀ ਧੂੜ, ਨੁਕੀਲੇ ਪੱਥਰ ਅਤੇ ਪਹਾੜ ਰਾਹ ਰੋਕੀ ਖੜ੍ਹੇ ਸਨ। ਗਹਿਲੌਰ ਪਿੰਡ ਦੇ ਨੇੜੇ ਕੇਵਲ ਇਕ ਕਸਬਾ ਸੀ-ਵਜ਼ੀਰਾਗੰਜ, ਜੋ ਪਹਾੜ ਦੇ ਪਾਰ ਸੀ। ਉਸ ਦੀ ਦੂਰੀ ਉੱਥੋਂ ਮਹਿਜ 9 ਕਿਲੋਮੀਟਰ ਸੀ। ਦਸ਼ਰਥ ਮਾਂਝੀ ਨੂੰ ਅਹਿਸਾਸ ਹੋਇਆ ਕਿ ਲੰਬੀ ਦੂਰੀ ਤੇ ਹਸਪਤਾਲ ਦੀ ਘਾਟ ਕਾਰਨ ਉਸ ਦੀ ਜ਼ਿੰਦਗੀ ਵੀਰਾਨ ਹੋਈ ਹੈ ਤੇ ਬਹੁਤੇ ਲੋਕ ਅਣਿਆਈ ਮੌਤ ਮਰ ਰਹੇ ਹਨ । ਉਸ ਲਈ ਇਹ ਸਭ ਜਰਨਾ ਮੁਸ਼ਕਲ ਹੋ ਗਿਆ । ਮਨ ਵਿੱਚ ਧਾਰ ਲਈ ਕਿ ਹੁਣ ਪਿੰਡ ਗਹਿਲੌਰ ਨੂੰ ਵਜ਼ੀਰਾਗੰਜ ਸ਼ਹਿਰ ਦੇ ਨਾਲ ਜੋੜ ਕੇ ਹੀ ਦਮ ਲੈਣਾ ਹੈ । ਮਾਂਝੀ ਆਪਣੇ ਸੰਦ ਚੁੱਕ ਪਹਾੜ ਦੀ ਛਾਤੀ ਵੱਲ ਨੂੰ ਤੁਰ ਪਿਆ । ਕੀ ਸਨ—ਹਥੌੜਾ, ਛੈਣੀ ਤੇ ਇਕ ਛੋਟਾ ਤੇਸਾ । ਲੋਕ ਹੱਸਣ ਲੱਗੇ । ਕਹਿਣ ਲੱਗੇ ਮਾਂਝੀ ਪਾਗਲ ਹੋ ਗਿਆ । ਹਾਂ ਮਾਂਝੀ ਪਾਗਲ ਜ਼ਰੂਰ ਹੋਇਆ ਸੀ, ਆਪਣੀ ਪਤਨੀ ਲਈ, ਲੋਕਾਂ ਲਈ ਅਤੇ ਸਮਾਜ ਲਈ । 1960 ਨੂੰ ਮਾਂਝੀ ਨੇ ਪਰਬਤ ਨਾਲ ਆਢਾ ਲਾਇਆ, ਨਾ ਦਿਨ ਦੇਖਿਆ



ਨਾ ਰਾਤ, ਚੌਲਾਂ ਦੀ ਮੁੱਠੀ ਲੈ ਕੇ ਸਵੇਰ ਤੋਂ ਸ਼ਾਮ ਤਕ ਉਸ ਨੇ ਖੇਤਾਂ ਵਿੱਚ ਕੰਮ ਕਰਨਾ ਤੇ ਰਾਤ ਨੂੰ ਪਹਾੜ ਵੱਢਣਾ । ਸ਼ਾਇਦ ਹੁਣ ਮਾਂਝੀ ਦੀ ਜ਼ਿੰਦਗੀ ਦਾ ਮੁੱਖ ਮਕਸਦ ਕੇਵਲ ਪਹਾੜ ਕੱਟ ਕੇ ਰਸਤਾ ਬਣਾਉਣਾ ਹੀ ਸੀ। ਕਦੇ ਸਵੇਰੇ ਸਾਝਰੇ ਮਾਂਝੀ ਪਹਾੜ ਵੱਲ ਨੂੰ ਤੁਰ ਪੈਂਦਾ ਅਤੇ ਸਾਰੀ ਰਾਤ ਸੰਦਾਂ ਦੀ ਟੱਕ-ਟੱਕ ਪਹਾੜਾਂ ਨੂੰ ਚੀਰਦੀ ਰਹਿੰਦੀ ਅਤੇ ਚੌਵੀ-ਚੌਵੀ ਘੰਟੇ ਪਹਾੜ ਨੂੰ ਛਿਲਦਾ-ਛਿਲਦਾ ਆਪਣੀ ਮੰਜ਼ਲ ਨੂੰ ਪਾਉਣ ਲਈ ਜੀਅ-ਜਾਨ ਤਕ ਲਗਾ ਦਿੰਦਾ । ਅਗਲੇ ਦਿਨ ਫਿਰ ਉਹੀ ਸਿਲਸਿਲਾ ਸ਼ੁਰੂ ਹੋ ਜਾਂਦਾ । ਦਿਨ, ਮਹੀਨੇ ਤੇ ਸਾਲ ਬੀਤਦੇ ਗਏ, ਸਮੇਂ ਦੇ ਉਤਾਰ-ਚੜ੍ਹਾਅ ਵੀ ਮਾਂਝੀ ਨੂੰ ਡੁਲਾ ਨਾ ਸਕੇ । ਮੀਂਹ ਹਨੇਰੀਆਂ ਤੇ ਬਿਮਾਰੀ ਨੇ ਮਾਂਝੀ ਨੂੰ ਹੋਰ ਫੌਲਾਦੀ ਬਣਾ ਦਿੱਤਾ । ਲੋਕਾਂ ਦੇ ਮੇਹਣੇ ਸੀਨੇ ਵਿੱਚ ਛੁਰੀ ਦੀ ਤਰ੍ਹਾਂ ਵੱਜਦੇ ਸਨ । ਉਸ ਦੇ ਸਾਥੀਆਂ ਨੇ ਵੀ ਬਥੇਰਾ ਕਿਹਾ ਕਿ ਬੱਸ ਕਰ, ਇਹ ਕੰਮ ਸਰਕਾਰਾਂ ਦੇ ਕਰਨ ਵਾਲੇ ਹਨ, ਇਕੱਲੇ ਆਦਮੀ ਦੇ ਨਹੀਂ । ਉਸ ਦਾ ਨਿਸ਼ਚਾ ਹੋਰ ਪੱਕਾ ਹੁੰਦਾ ਗਿਆ । ਅੰਤ 22 ਸਾਲ 01 ਮਹੀਨਾ 15 ਦਿਨ ਤੋਂ ਬਾਅਦ 1982 ਵਿੱਚ ਮਾਂਝੀ ਨੇ 32 ਫੁੱਟ ਉੱਚੇ ਪਹਾੜ ਦੀ ਛਾਤੀ ਨੂੰ ਪਾੜ 370 ਫੁੱਟ ਲੰਮਾ ਅਤੇ 18 ਫੁੱਟ ਚੌੜਾ ਰਸਤਾ ਬਣਾ ਲਿਆ ਤੇ ਹੈਰਾਨ ਕਰ ਦਿੱਤਾ । ਪਿੰਡ, ਇਲਾਕੇ ਤੇ ਸਰਕਾਰ ਨੂੰ ਉਸ ਨੇ ਦੱਸ ਦਿੱਤਾ ਕਿ ਆਖ਼ਿਰ ਮਾਂਝੀ ਕੀ ਹੈ । ਲੋਕ ਮੂੰਹ ਵਿੱਚ ਉਂਗਲਾਂ ਪਾ ਕੇ ਸੋਚਣ ਲੱਗੇ ਕਿ ਕੀ ਇਹ ਸੰਭਵ ਹੈ, ਉਹ ਵੀ ਉਸ ਵੇਲੇ ਜਦ ਸਾਧਨ ਸੀਮਿਤ ਸਨ ਅਤੇ ਸਮਾਜ ਲਈ ਰੋਟੀ ਦਾ ਫ਼ਿਕਰ ਸੀ । ਜੇਕਰ ਇਕ ਇਨਸਾਨ ਕੇਵਲ ਕੁਝ ਕੁ ਸੰਦਾਂ ਨਾਲ ਇਕ ਪਹਾੜ ਨੂੰ ਚੀਰ ਸਕਦਾ ਹੈ ਤਾਂ ਉਸ ਲਈ ਆਖ਼ਰ ਅਸੰਭਵ ਕੁਝ ਵੀ ਨਹੀਂ । ਭਾਵੇਂ ਕਿ ਬਾਅਦ ਵਿੱਚ ਪਿੰਡ ਵਾਸੀਆਂ ਨੇ ਆਖ਼ਰੀ ਸਮੇਂ 'ਤੇ ਉਸ ਦੀ ਮਦਦ ਜ਼ਰੂਰ ਕੀਤੀ ਅਤੇ ਸਰਕਾਰ ਦੀ ਜਾਗ ਵੀ ਖੁੱਲ੍ਹੀ ਪਰ ਉਦੋਂ ਤਕ ਉਹ ਆਪਣੇ ਜਜ਼ਬੇ ਤੇ ਸਿਦਕ ਸਦਕਾ ਆਪਣਾ ਕੰਮ ਕਰ ਚੁੱਕਿਆ ਸੀ ।

ਖ਼ੈਰ, ਮਾਂਝੀ ਨੇ ਆਪਣੀ ਅੱਧੀ ਜ਼ਿੰਦਗੀ ਦੀ ਮਿਹਨਤ ਦੇ ਬਲਬੂਤੇ ਆਪਣੇ ਪਿੰਡ ਤੇ ਬਾਕੀ ਦੇ 60-62 ਪਿੰਡਾਂ ਨੂੰ ਵਜ਼ੀਰਾਗੰਜ ਸ਼ਹਿਰ ਨਾਲ ਜੋੜ ਦਿੱਤਾ ਜੋ ਪਹਾੜ ਤੋਂ ਪਾਰ ਦਾ ਸ਼ਹਿਰ ਸੀ । ਅੰਤ 17 ਅਗਸਤ 2007 ਨੂੰ ਦਲਿਤ ਪਰਿਵਾਰ ਦਾ ਇਹ ਅਣਥੱਕ ਯੋਧਾ ਪੁੱਤਰ ਕੈਂਸਰ ਦੀ ਬਿਮਾਰੀ ਦੇ ਚਲਦਿਆਂ ਦਿੱਲੀ ਦੇ ਏਮਜ਼ ਹਸਪਤਾਲ ਵਿੱਚ ਜ਼ਿੰਦਗੀ ਦੀ ਜੰਗ ਹਾਰ

ਗਿਆ। ਸਰਕਾਰ ਨੇ ਬਾਅਦ ਵਿੱਚ ਉਸ ਮਹਾ-ਮਨੁੱਖ ਦੀ ਯਾਦ ਵਿੱਚ ਉਸ ਨੂੰ ਅਲਾਟ ਕੀਤੀ ਉਸ ਦੀ ਜ਼ਮੀਨ ਵਿੱਚ, ਜੋ ਉਸ ਨੇ ਦਾਨ ਵਿੱਚ ਇਹ ਕਹਿ ਕੇ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਉਸ ਜ਼ਮੀਨ ਵਿੱਚ ਜਨਤਾ ਦੀ ਸਹੂਲਤ ਲਈ ਸਕੂਲ, ਕਾਲਜ, ਹਸਪਤਾਲ ਅਤੇ ਬੈਂਕ ਆਦਿ ਬਣਾਏ ਜਾਣ। ਸਰਕਾਰ ਨੇ ਉੱਥੇ ਸਭ ਕੁਝ ਬਣਵਾਇਆ। ਫਿਰ ਬਾਲੀਵੁੱਡ ਐਕਟਰ ਆਮਿਰ ਖ਼ਾਨ ਨੇ ਦਸ਼ਰਥ ਮਾਂਝੀ 'ਤੇ ਇਕ ਹਿੰਦੀ ਫ਼ਿਲਮ ਦਾ ਨਿਰਮਾਣ ਸ਼ੁਰੂ ਕੀਤਾ ਅਤੇ ਉਸ ਦੇ ਪੁੱਤਰ ਭਾਗੀਰਥ ਮਾਂਝੀ ਨੂੰ ਕੁਝ ਮਾਲੀ ਮਦਦ ਦੇਣ ਦਾ ਵਾਅਦਾ ਵੀ ਕੀਤਾ। ਪਰ ਅਫ਼ਸੋਸ 1 ਅਪ੍ਰੈਲ 2014 ਨੂੰ ਦਸ਼ਰਥ ਮਾਂਝੀ ਦੀ ਨੂੰਹ ਤੇ ਭਾਗੀਰਥ ਮਾਂਝੀ ਦੀ ਪਤਨੀ ਤੇ ਭਾਗੀਰਥ ਮਾਂਝੀ ਵੀ ਆਪਣੇ ਮਹਾਨ ਪਿਤਾ ਦੀ ਯਾਦ ਵਿੱਚ ਬਣੀਆਂ ਇਮਾਰਤਾਂ ਤੇ ਸੜਕਾਂ ਨੂੰ ਵੇਖ ਆਪਣੀ ਜ਼ਿੰਦਗੀ ਦੀ ਵਾਟਾ-ਗਾਹੀ ਵਿੱਚ ਰੁੱਝਿਆ ਸਵਾਲਾਂ ਦੇ ਜਵਾਬ ਦੇਣ ਤੋਂ ਆਨਾਕਾਨੀ ਕਰਦਾ ਨਜ਼ਰ ਆਉਂਦਾ ਹੈ, ਕਿਉਂਕਿ ਇਕ ਜਿਊਂਦੇ ਇਨਸਾਨ ਨੂੰ ਵਾਅਦਿਆਂ ਦੇ ਕੜਾਹ ਨਾਲੋਂ ਹਕੀਕਤ ਦੀ ਇਕ ਰੁੱਖੀ ਰੋਟੀ ਦੀ ਜ਼ਿਆਦਾ ਲੋੜ ਹੁੰਦੀ ਹੈ।

—ਮੁੱਖ ਪ੍ਰਚਾਰ ਸਕੱਤਰ, ਵਿਸ਼ਵ ਪੰਜਾਬੀ ਲੇਖਕ ਮੰਚ।
ਮੋਬਾਈਲ : 94634-63136

(ਅਜੀਤ 02-09-2018 'ਚੋਂ ਧੰਨਵਾਦ ਸਹਿਤ !)



# ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੀ ਪਹਿਰੇਦਾਰ ਸੀ ਅਸਮਾ ਜਹਾਂਗੀਰ

**ਕੁਲਦੀਪ ਨਈਅਰ**

ਅਸਮਾ ਜਹਾਂਗੀਰ, ਜਿਨ੍ਹਾਂ ਦਾ ਪਿਛਲੇ ਹਫ਼ਤੇ ਦਿਹਾਂਤ ਹੋ ਗਿਆ, ਇਕ ਪ੍ਰਸਿੱਧ ਮਨੁੱਖੀ ਅਧਿਕਾਰ ਵਕੀਲ ਅਤੇ ਸਮਾਜਸੇਵੀ ਸਨ। ਭਾਵੇਂ ਉਨ੍ਹਾਂ ਦਾ ਕੰਮ ਪਾਕਿਸਤਾਨ ਤਕ ਸੀਮਿਤ ਸੀ ਪਰ ਉਨ੍ਹਾਂ ਦੀ ਪੂਰੇ ਉਪ ਮਹਾਂਦੀਪ ਵਿੱਚ ਮਿਸਾਲ ਦਿੱਤੀ ਜਾਂਦੀ ਸੀ। ਜਿਸ ਜਗ੍ਹਾ ਤੋਂ ਉਨ੍ਹਾਂ ਨੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਥਾਪਨਾ ਕਰਨ ਦਾ ਐਲਾਨ ਕੀਤਾ ਸੀ, ਉਹ ਹੀ ਭਾਰਤ ਅਤੇ ਪਾਕਿਸਤਾਨ ਦੇ ਸੰਬੰਧ ਸੁਧਾਰਨ ਲਈ ਬੈਠਕ ਕਰਨ ਦੀ ਥਾਂ ਵੀ ਬਣ ਗਈ।

ਅਸਮਾ ਭਾਰਤ ਅਤੇ ਪਾਕਿਸਤਾਨ ਦੇ ਮੁੰਡੇ ਅਤੇ ਕੁੜੀਆਂ ਨੂੰ ਉਸ ਘਰ 'ਚ ਇਕੱਠੇ ਕਰਦੇ ਸਨ ਜਿਹੜਾ ਮੈਨੂੰ ਸੰਸਦ ਮੈਂਬਰ ਵਜੋਂ ਮਿਲਿਆ ਹੋਇਆ ਸੀ। ਮੈਂ ਵੇਖਿਆ ਸੀ ਕਿ ਅਸਮਾ ਨੇ ਸਮਾਜ ਵਿੱਚ ਧਰਮ ਦੇ ਅਧਾਰ 'ਤੇ ਪੈਦਾ ਹੋ ਰਹੀਆਂ ਮੁਸ਼ਕਲਾਂ ਨੂੰ ਖ਼ਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਸਮੱਸਿਆਵਾਂ ਦੀ ਜੜ੍ਹ ਧਰਮ ਦਾ ਰਾਜਨੀਤੀ ਨਾਲ ਘੁਲ-ਮਿਲ ਜਾਣਾ ਹੀ ਸੀ। ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨੇ ਮੈਨੂੰ ਲਾਹੌਰ ਤੋਂ ਸੰਪਰਕ ਇਹ ਦੱਸਣ ਲਈ ਕੀਤਾ ਸੀ ਕਿ ਆਪਣੀ ਧੀ ਦਾ ਵਿਆਹ ਕਰਨ ਤੋਂ ਬਾਅਦ ਹੁਣ ਉਨ੍ਹਾਂ ਦੇ ਕੋਲ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੰਬੰਧ ਸੁਧਾਰਨ ਲਈ ਜ਼ਿਆਦਾ ਸਮਾਂ ਹੋਵੇਗਾ। ਸ਼ਾਇਦ, ਇਹ ਉਨ੍ਹਾਂ ਦੇ ਕਹਿਣ ਦਾ ਤਰੀਕਾ ਸੀ ਕਿ ਇਕ ਧਰਮ ਵੱਲ ਝੁਕੇ ਹੋਏ ਸਮਾਜ ਨੂੰ ਬਦਲਣ ਲਈ ਅਜੇ ਉਨ੍ਹਾਂ ਨੂੰ ਲੰਮਾ ਪੈਂਡਾ ਤੈਅ ਕਰਨਾ ਪੈਣਾ ਹੈ।

ਅਸਮਾ ਨੂੰ ਇਹ ਸੰਤੁਸ਼ਟੀ ਹੋ ਸਕਦੀ ਹੈ ਕਿ ਭਾਰਤ ਪਾਕਿਸਤਾਨ ਨੂੰ ਸਹਿਮਤੀ ਦੇ ਨੇੜੇ ਲਿਆਂਦਾ ਸੀ, ਭਾਵੇਂ ਨਜ਼ਦੀਕ ਆਉਣ ਵਿੱਚ ਝਿਜਕ ਸਾਫ਼ ਤੌਰ 'ਤੇ ਵਿਖਾਈ ਦਿੰਦੀ ਹੋਵੇ। ਅਸਮਾ ਨੇ ਨਵੀਂ ਦਿੱਲੀ ਅਤੇ ਇਸਲਾਮਾਬਾਦ ਨੂੰ ਇਹ ਅਹਿਸਾਸ ਕਰਵਾਇਆ ਕਿ ਇਸ ਮੁੱਦੇ ਦਾ ਸਾਹਮਣੇ ਬੈਠ ਕੇ ਚਰਚਾ ਤੋਂ ਬਿਨਾਂ ਹੋਰ ਕੋਈ ਬਦਲ ਨਹੀਂ ਹੈ। ਉਹ ਕਿਉਂ ਆਪਣੇ ਝਗੜੇ ਖ਼ਤਮ ਨਹੀਂ ਕਰ ਸਕਦੇ। ਭਾਵੇਂ ਨਵੀਂ ਦਿੱਲੀ ਨੇ ਫ਼ੈਸਲਾ ਕੀਤਾ ਸੀ ਕਿ ਉਦੋਂ ਤਕ ਪਾਕਿਸਤਾਨ ਨਾਲ ਗੱਲਬਾਤ ਨਹੀਂ ਕੀਤੀ ਜਾਵੇਗੀ ਜਦੋਂ ਤਕ ਉਹ ਅੱਤਵਾਦੀਆਂ ਨੂੰ ਸ਼ਰਨ ਦੇਣੀ ਬੰਦ ਨਹੀਂ ਕਰਦਾ। ਅਸਮਾ ਦਾ ਮੰਨਣਾ

ਸੀ ਕਿ ਸਹਿਮਤੀ ਦੇ ਲਈ ਅਜੇ ਵੀ ਗੁੰਜਾਇਸ਼ ਸੀ ।

ਪਰ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਇਸ ਬਾਰੇ ਸਪੱਸ਼ਟ ਸਨ ਕਿ ਨਵੀਂ ਦਿੱਲੀ ਵੱਲੋਂ ਇਸਲਾਮਾਬਾਦ ਨਾਲ ਕੋਈ ਵਿਚਾਰ-ਚਰਚਾ ਨਹੀਂ ਕੀਤੀ ਜਾਵੇਗੀ ਜਦੋਂ ਤਕ ਉਸ ਨੂੰ ਇਹ ਮਹਿਸੂਸ ਨਹੀਂ ਹੁੰਦਾ ਕਿ ਗੱਲਬਾਤ ਅਤੇ ਅੱਤਵਾਦ ਇਕੱਠੇ ਨਹੀਂ ਹੋ ਸਕਦੇ । ਅਸਮਾ ਮਹਿਸੂਸ ਕਰਦੇ ਸਨ ਕਿ ਇਸਲਾਮਾਬਾਦ ਦੀਆਂ ਆਪਣੀ ਫੌਜ ਨਾਲ ਕੁਝ ਸਮੱਸਿਆਵਾਂ ਹਨ, ਜਿਨ੍ਹਾਂ ਨੂੰ ਬੈਠਕ ਤੋਂ ਪਹਿਲਾਂ ਦੂਰ ਕਰਨਾ ਜ਼ਰੂਰੀ ਹੋਵੇਗਾ । ਉਹ ਬੈਠਕ ਸੰਬੰਧੀ ਬਹੁਤ ਸਕਾਰਾਤਮਕ ਸਨ ਅਤੇ ਉਹ ਸੱਤਾਧਾਰੀਆਂ ਨੂੰ ਕਿਸੇ ਤਰ੍ਹਾਂ ਇਸ ਦੇ ਕਾਰਨਾਂ ਦੀ ਅਹਿਮੀਅਤ ਦੱਸ ਕੇ ਰਾਜ਼ੀ ਕਰ ਸਕਦੇ ਸਨ ।

ਪਰ ਮੇਰੀ ਨਿਰਾਸ਼ਾ ਇਹ ਹੈ ਕਿ ਅਸਮਾ ਦੀ ਮੌਤ 'ਤੇ ਭਾਰਤ ਵੱਲੋਂ ਬਹੁਤ ਘੱਟ ਪ੍ਰਤੀਕਰਮ ਜ਼ਾਹਰ ਕੀਤਾ ਗਿਆ ਜਦ ਕਿ ਉਸ ਨੇ ਭਾਰਤ ਨਾਲ ਦੁਸ਼ਮਣੀ ਦੀ ਸਹੁੰ ਚੁੱਕਣ ਵਾਲੀ ਪਾਕਿਸਤਾਨ ਦੀ ਫੌਜ ਨੂੰ ਚੁਣੌਤੀ ਦਿੱਤੀ ਸੀ। ਭਾਰਤ ਅਤੇ ਪਾਕਿਸਤਾਨ ਦੇ ਸੰਬੰਧਾਂ ਨੂੰ ਸੁਧਾਰਨ ਪ੍ਰਤੀ ਉਸ ਦਾ ਸਮਰਪਣ ਬਹੁਤ ਹੀ ਉਤਸ਼ਾਹਿਤ ਕਰਦਾ ਸੀ । ਮੇਰੇ ਵੱਲੋਂ ਹਮੇਸ਼ਾਂ ਉਸ ਦੀਆਂ ਕੋਸ਼ਿਸ਼ਾਂ ਦਾ ਸਮਰਥਨ ਕੀਤਾ ਗਿਆ ।

ਲੋਧੀ ਅਸਟੇਟ ਵਿੱਚ ਮੈਨੂੰ ਬਤੌਰ ਰਾਜ ਸਭਾ ਮੈਂਬਰ ਬੰਗਲਾ ਦਿੱਤਾ ਗਿਆ ਸੀ, ਜਿੱਥੇ ਅਸਮਾ ਪਾਕਿਸਤਾਨ ਦੇ ਮੁੰਡੇ-ਕੁੜੀਆਂ ਨੂੰ ਭਾਰਤ ਦੇ ਮੁੰਡੇ-ਕੁੜੀਆਂ ਨਾਲ ਮਿਲਾਉਣ ਲਈ ਲਿਆਉਂਦੀ ਸੀ। ਅਸਮਾ ਨੇ ਉਸ ਜਗ੍ਹਾ ਦਾ ਨਾਂ ਪਾਕਿਸਤਾਨ ਹਾਊਸ ਰੱਖ ਦਿੱਤਾ ਸੀ । ਭਾਰਤੀ ਮੁੰਡੇ-ਕੁੜੀਆਂ ਤੋਂ ਦੂਰ ਹੋਣ ਲੱਗੇ ਪਾਕਿਸਤਾਨ ਦੇ ਮੁੰਡੇ-ਕੁੜੀਆਂ ਅੱਖਾਂ ਭਰ ਆਉਂਦੇ ਸਨ । ਉਨ੍ਹਾਂ ਨੂੰ ਕੱਟੜ ਪਾਕਿਸਤਾਨੀਆਂ ਦੀ ਸੂਚੀ ਵਿੱਚ ਸ਼ਾਮਲ ਕਰਨਾ ਠੀਕ ਨਹੀਂ ਹੋਵੇਗਾ, ਕਿਉਂਕਿ ਉਹ ਭਾਰਤ ਦੇ ਧਰਮ-ਨਿਰਪੇਖ ਸਮਾਜ ਦਾ ਹਿੱਸਾ ਹੀ ਜਾਪਦੇ ਸਨ । ਉਹ ਭਾਰਤ ਦੇ ਨੌਜਵਾਨਾਂ ਨੂੰ ਵੀ ਪਾਕਿਸਤਾਨ ਲਿਜਾਂਦੇ ਸਨ ਤਾਂ ਜੋ ਉਹ ਇਕ ਖ਼ਾਸ ਧਰਮ ਵੱਲ ਝੁਕੇ ਹੋਏ ਸਮਾਜ ਤੋਂ ਕੁਝ ਸਮਝ ਸਕਣ ।

ਅਸਮਾ, ਪਾਕਿਸਤਾਨ ਦੇ ਮਨੁੱਖੀ ਅਧਿਕਾਰਾਂ ਅਤੇ ਵਿਰੋਧ ਦਾ ਪ੍ਰਤੀਕ, ਫੌਜੀ ਤਾਨਾਸ਼ਾਹੀ ਦੀ ਪਿਛਲੇ ਚਾਰ ਦਹਾਕਿਆਂ ਤੋਂ ਵੀ ਜ਼ਿਆਦਾ ਸਮੇਂ ਤੋਂ ਵਿਰੋਧੀ ਸੀ । ਉਹ ਭਾਰਤ-ਪਾਕਿਸਤਾਨ ਸ਼ਾਂਤੀ ਦੀ ਸਮਰਥਕ ਅਤੇ ਕਈ ਗ਼ੈਰ-ਸਰਕਾਰੀ ਸੰਸਥਾਵਾਂ ਦਾ ਵੀ ਹਿੱਸਾ ਸੀ । ਸਿਰਫ਼ ਇਹ



ਹੀ ਨਹੀਂ, ਜਦੋਂ ਉਸ ਨੇ ਨਿਆਂਪਾਲਿਕਾ ਵਿੱਚ ਬਤੌਰ ਇਕ ਵਕੀਲ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਤਾਂ ਉਸ ਦਾ ਇਕ ਜ਼ਿਕਰਯੋਗ ਕੈਰੀਅਰ ਰਿਹਾ । ਉਸ ਦੀ ਹਰਮਨ-ਪਿਆਰਤਾ ਦਾ ਸੰਕੇਤ ਇਸ ਤੋਂ ਮਿਲਦਾ ਹੈ ਕਿ ਉਹ ਸਰਬਉੱਚ ਅਦਾਲਤ ਦੀ ਬਾਰ ਐਸੋਸੀਏਸ਼ਨ ਦੀ ਪ੍ਰਧਾਨ ਸੀ।

ਹੁਣ ਵੀ ਪਾਕਿਸਤਾਨ ਦੀ ਨਿਆਂਪਾਲਿਕਾ ਉਨ੍ਹਾਂ ਨੂੰ ਯਾਦ ਕਰਦੀ ਹੈ, ਜਦੋਂ ਉਨ੍ਹਾਂ ਨੇ ਇਫ਼ਤਿਖਾਰ ਚੌਧਰੀ ਜੋ ਕਿ ਪਾਕਿਸਤਾਨ ਦੇ ਮੁੱਖ ਜੱਜ ਸਨ, ਦੇ ਸਨਮਾਨ ਨੂੰ ਵਾਪਸ ਲਿਆਉਣ ਲਈ ਲੜਾਈ ਲੜੀ ਸੀ। ਵਕੀਲਾਂ ਦੇ ਅੰਦੋਲਨ ਨੇ ਆਖ਼ਰਕਾਰ ਆਪਣਾ ਟੀਚਾ ਹਾਸਲ ਕੀਤਾ ਅਤੇ ਇਹ ਲਹਿਰ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਦੇ ਪਤਨ ਦਾ ਕਾਰਨ ਵੀ ਬਣੀ । ਉਸ ਲਹਿਰ ਸਮੇਂ ਜਦੋਂ 2007 ਵਿੱਚ ਵਕੀਲਾਂ ਨੇ ਰੋਸ ਮਾਰਚ ਕੀਤੇ ਤਾਂ ਇਹ ਉਮੀਦ ਪੈਦਾ ਹੋਈ ਸੀ ਕਿ ਪਾਕਿਸਤਾਨ ਹੁਣ ਲੋਕਤੰਤਰ ਦਾ ਮਹੱਤਵ ਅਤੇ ਉਸ ਦੀ ਬਹਾਲੀ ਦੀ ਅਹਿਮੀਅਤ ਨੂੰ ਸਚਮੁੱਚ ਸਮਝ ਰਿਹਾ ਸੀ । ਪਰ ਫਿਰ ਪਾਕਿਸਤਾਨ ਵਿੱਚ ਹਰ ਵਿਅਕਤੀ ਦਾ ਧਿਆਨ ਇਸ ਗੱਲ 'ਤੇ ਰਹਿੰਦਾ ਹੈ ਕਿ ਫੌਜ ਉਸ ਦੇ ਨਾਲ ਕੀ ਕਰੇਗੀ ?—ਤੇ ਇਹ ਸੱਚ ਵੀ ਹੈ ।

ਮੈਨੂੰ ਯਾਦ ਹੈ 80 ਦੇ ਦਹਾਕੇ ਦੀ ਸ਼ੁਰੂਆਤ ਵਿੱਚ ਅਸਮਾ ਵੱਲੋਂ ਮਾਰਸ਼ਲ ਕਾਨੂੰਨ ਦੇ ਪ੍ਰਸ਼ਾਸਕ ਜ਼ਿਆ ਉਲ ਹੱਕ ਨਾਲ ਟੱਕਰ ਲਈ ਗਈ ਸੀ, ਜਦੋਂ ਉਹ ਲੋਕਤੰਤਰ ਦੀ ਮੁੜ ਬਹਾਲੀ ਦੇ ਅੰਦੋਲਨ ਦਾ ਹਿੱਸਾ ਸਨ । ਉਸ ਨੂੰ ਅੰਦੋਲਨ ਦੀ ਅਗਵਾਈ ਲਈ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ ਪਰ ਜਲਦੀ ਹੀ ਅਸਮਾ ਇਕ ਜੇਤੂ ਅੰਦੋਲਨਕਾਰੀ ਬਣ ਗਈ। ਅਜਿਹਾ ਕਈ ਵਾਰ ਹੋਇਆ ਜਦੋਂ ਉਸ ਨੂੰ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਰ ਉਸ ਨੇ ਬਹਾਦਰੀ ਨਾਲ ਇਨ੍ਹਾਂ ਦਾ ਸਾਹਮਣਾ ਕੀਤਾ ਅਤੇ ਤਾਨਾਸ਼ਾਹੀ ਖ਼ਿਲਾਫ਼ ਨਿਡਰ ਹੋ ਕੇ ਖੜ੍ਹੀ ਰਹੀ । ਉਨ੍ਹਾਂ ਨੇ ਪਾਕਿਸਤਾਨ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਥਾਪਤੀ ਲਈ ਮਦਦ ਕੀਤੀ, ਜਿਸ ਦੇ ਬਾਅਦ 'ਚ ਉਹ ਪ੍ਰਧਾਨ ਵੀ ਬਣੇ । ਉਹ ਅਕਸਰ ਕਿਹਾ ਕਰਦੇ ਸਨ ਕਿ ਧਾਰਮਿਕ ਘੱਟ-ਗਿਣਤੀਆਂ ਦੀ ਮਦਦ ਕਰਨਾ ਕਮਿਸ਼ਨ ਦਾ ਫ਼ਰਜ਼ ਹੈ। ਉਨ੍ਹਾਂ ਦੀ ਪ੍ਰਧਾਨਗੀ ਹੇਠ ਕਮਿਸ਼ਨ ਨੇ ਪਰਿਵਾਰ ਦੇ ਸਨਮਾਨ ਲਈ ਕੀਤੀਆਂ ਜਾਣ ਵਾਲੀਆਂ ਹੱਤਿਆਵਾਂ ਨੂੰ ਵੀ ਸਫਲਤਾਪੂਰਨ ਰੋਕਿਆ ।

ਅਸਮਾ ਨੇ ਉਸ ਸਮੇਂ ਔਰਤਾਂ ਦੇ ਅਧਿਕਾਰਾਂ ਦੀ ਅਗਵਾਈ ਕੀਤੀ ਜਦੋਂ ਪਾਕਿਸਤਾਨ ਵਿੱਚ ਮਨੁੱਖੀ ਅਧਿਕਾਰ ਨੂੰ ਕੋਈ ਮੁੱਦਾ ਨਹੀਂ

ਮੰਨਿਆ ਜਾਂਦਾ ਸੀ । ਅਸਮਾ ਦਾ ਧੰਨਵਾਦ ! ਅੱਜ ਲੋਕ, ਖ਼ਾਸ ਕਰ ਔਰਤਾਂ ਆਪਣੇ ਅਧਿਕਾਰਾਂ ਦੀ ਗੱਲ ਕਰਦੇ ਹਨ ਅਤੇ ਧਾਰਮਿਕ ਪਾਰਟੀਆਂ ਸਮੇਤ ਰਾਜਨੀਤਕ ਪਾਰਟੀਆਂ ਨੇ ਵੀ ਔਰਤਾਂ ਦੇ ਹੱਕਾਂ ਦੀ ਮਹੱਤਤਾ ਬਾਰੇ ਮਹਿਸੂਸ ਕੀਤਾ ਹੈ । ਇਸ ਦਾ ਸਿਹਰਾ ਅਸਮਾ ਨੂੰ ਹੀ ਜਾਂਦਾ ਹੈ ।

ਇਸ ਖ਼ਾਸ ਮੁੱਦਾ ਜਿਸ ਨੂੰ ਅਸਮਾ ਨੇ ਚੁੱਕਿਆ ਸੀ, ਉਹ ਇਸਾਈਆਂ 'ਤੇ ਰੱਬ ਦੀ ਨਿੰਦਿਆ ਦਾ ਦੋਸ਼ ਲਗਾਉਣਾ ਸੀ । ਰੱਬ ਦੀ ਨਿੰਦਿਆ ਦੇ ਦੋਸ਼ ਹੇਠ ਸਖ਼ਤ ਸਜ਼ਾ ਦੀ ਵਿਵਸਥਾ ਹੈ । ਇਸੇ ਲਈ ਘੱਟ-ਗਿਣਤੀ ਫ਼ਿਰਕਿਆਂ ਦੇ ਬਹੁਤ ਸਾਰੇ ਲੋਕਾਂ ਨੂੰ ਸਜ਼ਾ ਦਾ ਸਾਹਮਣਾ ਕਰਨਾ ਪੈਂਦਾ ਸੀ । ਉਨ੍ਹਾਂ ਵੱਲੋਂ ਲਾਪਤਾ ਹੋਏ ਲੋਕਾਂ ਦੀ ਤਲਾਸ਼ ਲਈ ਮੁਫ਼ਤ 'ਚ ਲੜਾਈ ਲੜੀ ਗਈ । ਇਕ ਦਿਆਲੂ ਦਿਲ ਵਾਲੀ ਅਸਮਾ ਕੱਟੜਪੰਥੀਆਂ ਦੀਆਂ ਧਮਕੀਆਂ ਸਮੇਤ ਕਿਸੇ ਵੀ ਤਰ੍ਹਾਂ ਦੇ ਦਬਾਅ ਦੇ ਸਾਹਮਣੇ ਨਹੀਂ ਝੁਕੇ ਸਨ । ਅਸਮਾ, ਜੋ ਕਿ ਪੂਰੀ ਦੁਨੀਆਂ 'ਚ ਪ੍ਰਸਿੱਧ ਸਨ, ਨੂੰ ਰੋਮਨ ਮੈਗਸੇਸੇ ਪੁਰਸਕਾਰ ਅਤੇ ਸੰਯੁਕਤ ਰਾਸ਼ਟਰ ਵਿਕਾਸ ਫੰਡ ਤੋਂ ਸ਼ਾਂਤੀ ਪੁਰਸਕਾਰ ਸਮੇਤ ਹੋਰ ਕਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ । ਪਰ ਅਸਮਾ ਲਈ ਇਨ੍ਹਾਂ ਪੁਰਸਕਾਰਾਂ ਦੀ ਖ਼ਾਸ ਅਹਿਮੀਅਤ ਨਹੀਂ ਸੀ ।ਉਨ੍ਹਾਂ ਦਾ ਉਦੇਸ਼ ਲੋਕ-ਤੰਤਰ ਨੂੰ ਮੁੜ ਬਹਾਲ ਕਰਨਾ ਸੀ  ਅਤੇ ਇਸ ਵਿੱਚ ਉਨ੍ਹਾਂ ਦਾ ਅਟੁੱਟ ਯਕੀਨ ਸੀ ।

ਇਸ ਤਰ੍ਹਾਂ ਅਸਮਾ ਨੇ ਸਿਰਫ਼ ਪਾਕਿਸਤਾਨ ਦੇ ਲੋਕਾਂ ਲਈ ਹੀ ਕੰਮ ਨਹੀਂ ਕੀਤਾ, ਸਗੋਂ ਫਿਲਸਤੀਨ ਜਾਂ ਦੁਨੀਆਂ ਦੀਆਂ ਹੋਰ ਥਾਵਾਂ 'ਤੇ ਸੰਘਰਸ਼ ਕਰ ਰਹੇ ਲੋਕਾਂ ਦੇ ਹੱਕ 'ਚ ਆਵਾਜ਼ ਵੀ ਉਠਾਈ । ਬਿਨਾਂ ਸ਼ੱਕ, ਉਨ੍ਹਾਂ ਨੇ ਆਪਣੇ ਸੰਘਰਸ਼ਾਂ ਦੇ ਕਾਰਨ ਆਪਣੇ ਦੇਸ਼ ਵਿੱਚ ਬਹੁਤ ਸਾਰੇ ਦੁਸ਼ਮਣ ਬਣਾਏ ਪਰ ਉਸ ਦਾ ਮੰਨਣਾ ਸੀ ਕਿ ਇਨ੍ਹਾਂ ਚੁਣੌਤੀਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ । ਇਹ ਅਸਮਾ ਦੇ ਬਾਰੇ ਬਹੁਤ ਕੁਝ ਬਿਆਨ ਕਰਦਾ ਹੈ ।

E.mail : kuldipnayar09@gmail.com

(ਰੋਜ਼ਾਨਾ ਅਜੀਤ 21 ਫ਼ਰਵਰੀ 2018 'ਚੋਂ ਧੰਨਵਾਦ ਸਹਿਤ !)



## ਗ਼ਦਰ ਪਾਰਟੀ ਦੇ ਸੰਸਥਾਪਕ ਬਾਬਾ ਸੋਹਨ ਸਿੰਘ ਭਕਨਾ

**ਪ੍ਰਿਥੀਪਾਲ ਸਿੰਘ ਮਾੜੀਮੇਘਾ**

ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਤੇ ਭਾਈ ਗੁੱਜਰ ਸਿੰਘ ਪਿੰਡ ਭਕਨਾ ਦੇ ਮਹਾਨ ਗ਼ਦਰੀ ਦੇਸ਼ ਭਗਤ ਹੋਏ ਹਨ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਬਾਬਾ ਸੋਹਨ ਸਿੰਘ ਭਕਨਾ ਦਾ ਜਨਮ 4 ਜਨਵਰੀ 1870 ਨੂੰ ਪਿੰਡ ਭਕਨਾ ਵਿਖੇ ਸ: ਕਰਮ ਸਿੰਘ ਅਤੇ ਬੀਬੀ ਰਾਮ ਕੌਰ ਦੇ ਘਰ ਹੋਇਆ ਸੀ। ਬਾਬਾ ਜੀ ਜਵਾਨ ਉਮਰ ਵਿੱਚ ਨਾਮਧਾਰੀ ਲਹਿਰ ਦੇ ਪ੍ਰਸ਼ੰਸਕ ਬਣ ਗਏ ਅਤੇ ਉਨ੍ਹਾਂ ਨੂੰ ਦੇਸ਼ ਪ੍ਰੇਮ ਦੀ ਲਗਨ ਲੱਗ ਗਈ । 'ਪਗੜੀ ਸੰਭਾਲ ਓ ਜੱਟਾ' ਲਹਿਰ ਦੀ ਕਾਮਯਾਬੀ ਲਈ ਉਨ੍ਹਾਂ ਨੇ ਪਿੰਡ-ਪਿੰਡ ਮੀਟਿੰਗਾਂ ਕਰਕੇ ਕਿਸਾਨਾਂ ਨੂੰ ਲਾਮਬੰਦ ਕੀਤਾ ਸੀ ।

ਬਾਬਾ ਸੋਹਨ ਸਿੰਘ ਭਕਨਾ ਦੀ ਘਰ ਦੀ ਆਰਥਿਕ ਹਾਲਤ ਕਮਜ਼ੋਰ ਹੋ ਗਈ ਅਤੇ ਉਹ ਕੰਮਕਾਰ ਦੀ ਭਾਲ ਵਿੱਚ 4 ਅਪ੍ਰੈਲ 1909 ਨੂੰ ਅਮਰੀਕਾ ਚਲੇ ਗਏ । ਉੱਥੇ ਉਹ ਲੱਕੜੀ ਦੇ ਕਾਰਖ਼ਾਨੇ ਵਿੱਚ ਕੰਮ ਕਰਨ ਲੱਗ ਪਏ । ਥੋੜ੍ਹੇ ਅਰਸੇ ਬਾਅਦ ਹੀ ਅਮਰੀਕਾ ਦੇ ਮੂਲ ਨਿਵਾਸੀਆਂ ਨੇ ਹਿੰਦੀ ਕਿਰਤੀਆਂ ਨਾਲ ਨਫ਼ਰਤ ਕਰਨੀ ਸ਼ੁਰੂ ਕਰ ਦਿੱਤੀ । ਨਫ਼ਰਤ ਕਰਨ ਦੇ ਦੋ ਕਾਰਨ ਸਨ—ਇਕ ਤਾਂ ਹਿੰਦੀ ਕੌਮ ਗ਼ੁਲਾਮ ਸੀ, ਦੂਜਾ ਹਿੰਦੀ ਕਿਰਤੀ ਘੱਟ ਉਜਰਤਾਂ 'ਤੇ ਲੰਮੀ ਕੰਮ ਦਿਹਾੜੀ 'ਤੇ ਕੰਮ ਕਰਨ ਚਲੇ ਜਾਂਦੇ ਸਨ । ਹਿੰਦੀ ਕਿਰਤੀ ਵਧੇਰੇ ਕੰਮ ਕਰਦੇ ਸਨ ਜਿਸ ਕਰਕੇ ਕਾਰਖ਼ਾਨਿਆਂ ਦੇ ਮਾਲਕ ਹਿੰਦੀਆਂ ਨੂੰ ਵਧੇਰੇ ਕੰਮ 'ਤੇ ਲਿਜਾਂਦੇ ਸਨ । ਇਸ ਸਥਿਤੀ ਵਿੱਚ ਅਮਰੀਕਨਾਂ ਨੇ ਹਿੰਦੀਆਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ । ਹਿੰਦੀ ਕਿਰਤੀ ਇਸ ਤਰ੍ਹਾਂ ਦੀ ਨਿਰਾਦਰ ਭਰੀ ਜ਼ਿੰਦਗੀ ਤੋਂ ਬਹੁਤ ਤੰਗ ਹੋਏ ।

ਇਨ੍ਹਾਂ ਹਾਲਤਾਂ ਵਿੱਚ ਹਿੰਦੀ ਕਿਰਤੀਆਂ ਨੇ ਭਾਰਤ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਉਣ ਵਾਸਤੇ ਹਿੰਦੀ ਜਲਾਵਤਨ ਦੇਸ਼ ਭਗਤਾਂ ਅਤੇ ਹਿੰਦੀ ਵਿਦਿਆਰਥੀਆਂ ਨਾਲ ਮਿਲ ਕੇ 21 ਅਪ੍ਰੈਲ, 1913 ਨੂੰ ਅਮਰੀਕਾ ਵਿੱਚ ਗ਼ਦਰ ਪਾਰਟੀ ਸਥਾਪਿਤ ਕੀਤੀ, ਜਿਸ ਦੇ ਮੁੱਢਲੇ ਪ੍ਰਧਾਨ ਸਨ ਬਾਬਾ ਸੋਹਨ ਸਿੰਘ ਭਕਨਾ । ਗ਼ਦਰ ਪਾਰਟੀ ਦਾ ਨਿਰਣਾ ਸੀ ਬਰਾਬਰਤਾ ਦੇ ਆਧਾਰ ਵਾਲਾ ਲੋਕ ਰਾਜ ਸਥਾਪਿਤ ਕਰਨਾ । ਗ਼ਦਰ ਪਾਰਟੀ ਨੇ ਪਹਿਲੀ ਨਵੰਬਰ, 1913 ਨੂੰ ਗ਼ਦਰ ਅਖ਼ਬਾਰ ਪ੍ਰਕਾਸ਼ਿਤ ਕੀਤਾ । ਅਖ਼ਬਾਰ ਦੀ ਪ੍ਰਸਿੱਧੀ

ਕਾਰਨ ਗ਼ਦਰ ਪਾਰਟੀ ਬਹੁਤ ਤੇਜ਼ੀ ਨਾਲ ਵਿਸ਼ਵ ਭਰ ਵਿੱਚ ਫੈਲ ਗਈ।

ਪਹਿਲੀ ਵਿਸ਼ਵ ਜੰਗ ਲਗਦਿਆਂ ਹੀ ਗ਼ਦਰ ਪਾਰਟੀ ਨੇ ਦੇਸ਼ ਦੀ ਆਜ਼ਾਦੀ ਦੀ ਜੰਗ ਦਾ ਬਿਗਲ ਵਜਾ ਦਿੱਤਾ ਤੇ ਗ਼ਦਰੀ ਵਹੀਰਾਂ ਘੱਤ ਕੇ ਹਿੰਦ ਪਹੁੰਚ ਗਏ । ਬਾਬਾ ਸੋਹਨ ਸਿੰਘ ਭਕਨਾ ਭਾਰਤ ਵਿੱਚ ਗ਼ਦਰ ਪਾਰਟੀ ਸਥਾਪਿਤ ਕਰਨ ਲਈ ਪਹਿਲਾਂ ਹੀ ਦੇਸ਼ ਨੂੰ ਰਵਾਨਾ ਹੋ ਚੁੱਕੇ ਸਨ । ਪਾਰਟੀ ਫ਼ੈਸਲੇ ਅਨੁਸਾਰ ਬਾਬਾ ਭਕਨਾ ਜੀ ਭਾਰਤ ਨੂੰ ਆਉਂਦੇ ਹੋਏ ਰਸਤੇ ਵਿੱਚ ਯੋਕੋਹਾਮਾ (ਜਾਪਾਨ) ਵਿਖੇ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਮਿਲੇ ਤੇ ਉਨ੍ਹਾਂ ਨੂੰ ਗ਼ਦਰ ਪਾਰਟੀ ਦਾ ਮੰਤਵ ਸਮਝਾਇਆ ਅਤੇ ਆਜ਼ਾਦੀ ਦੀ ਜੰਗ ਲੜਨ ਵਾਸਤੇ ਹਥਿਆਰ ਵੀ ਦਿੱਤੇ । ਲਾਹੌਰ ਸਾਜ਼ਸ਼ ਕੇਸ ਅਧੀਨ ਬਾਬਾ ਸੋਹਨ ਸਿੰਘ ਤੇ ਭਾਈ ਗੁੱਜਰ ਸਿੰਘ ਨੂੰ ਉਮਰ ਕੈਦ, ਜਾਇਦਾਦ ਜ਼ਬਤ ਤੇ ਕਾਲੇ ਪਾਣੀ ਦੀ ਸਜ਼ਾ ਹੋਈ ਸੀ । ਬਾਬਾ ਸੋਹਨ ਸਿੰਘ ਭਕਨਾ ਦੀ ਅਗਵਾਈ ਹੇਠ ਗ਼ਦਰੀਆਂ ਨੇ ਜੇਲ੍ਹ ਅਧਿਕਾਰੀਆਂ ਦੇ ਤਸ਼ੱਦਦ ਦਾ ਡਟ ਕੇ ਮੁਕਾਬਲਾ ਕੀਤਾ । ਕੋਹਲੂ ਗੇੜਨ ਤੋਂ ਕੋਰੀ ਨਾਂਹ ਕਰ ਦਿੱਤੀ । ਅੰਗਰੇਜ਼ ਹਾਕਮਾਂ ਨੇ ਗ਼ਦਰੀਆਂ ਨੂੰ ਬੇੜੀਆਂ ਤੇ ਹੱਥਕੜੀਆਂ ਸਮੇਤ ਪਿੰਜਰਿਆਂ ਵਿੱਚ ਬੰਦ ਕਰ ਦਿੱਤਾ । ਖ਼ੁਰਾਕ ਘਟਾ ਦਿੱਤੀ ਗਈ । ਗ਼ਦਰੀਆਂ ਦੇ ਸੰਘਰਸ਼ ਅੱਗੇ ਸਰਕਾਰ ਝੁਕ ਗਈ ਤੇ ਸਰਕਾਰ ਨੇ ਕਾਲੇ ਪਾਣੀ ਦੀ ਜੇਲ੍ਹ ਤੋੜ ਦਿੱਤੀ । ਗ਼ਦਰੀ, ਕਾਲੇ ਪਾਣੀ ਤੋਂ ਵਾਪਸ ਹਿੰਦ ਦੀਆਂ ਜੇਲ੍ਹਾਂ ਵਿੱਚ ਆ ਗਏ । ਬਾਬਾ ਸੋਹਨ ਸਿੰਘ ਨੂੰ 1921 ਵਿੱਚ ਕੋਇੰਬਟੂਰ ਜੇਲ੍ਹ ਵਿੱਚ ਲੈ ਆਂਦਾ ਗਿਆ ਸੀ ।

ਬਾਬਾ ਸੋਹਨ ਸਿੰਘ ਨੇ ਰਿਹਾਅ ਹੋ ਕੇ ਭਾਈ ਗੁੱਜਰ ਸਿੰਘ ਨਾਲ ਸਲਾਹ ਮਸ਼ਵਰਾ ਕਰਕੇ ਪਿੰਡ ਵਿੱਚ ਕੰਨਿਆ ਪਾਠਸ਼ਾਲਾ ਖੋਲ੍ਹ ਦਿੱਤੀ । ਪਾਠਸ਼ਾਲਾ ਵਿੱਚ ਕੁੜੀਆਂ ਨੂੰ ਮੁਫ਼ਤ ਵਿੱਦਿਆ ਦਿੱਤੀ ਜਾਂਦੀ ਸੀ । ਬਾਬਾ ਸੋਹਨ ਸਿੰਘ ਨੇ ਗ਼ਦਰੀ ਦੇਸ਼ ਭਗਤਾਂ ਦੇ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਆਪਣੇ ਖੇਤਾਂ ਵਿੱਚ ਕਿਰਤੀ ਕਿਸਾਨ ਆਸ਼ਰਮ ਖੋਲ੍ਹ ਦਿੱਤਾ । ਇਸ ਆਸ਼ਰਮ ਵਿੱਚ ਬੱਚੇ ਪੜ੍ਹਾਈ ਦੇ ਨਾਲ-ਨਾਲ ਖੇਤੀਬਾੜੀ ਅਤੇ ਪਸ਼ੂ ਪਾਲਣ ਦਾ ਕੰਮ ਵੀ ਕਰਿਆ ਕਰਦੇ ਸਨ ।

ਬਾਬਾ ਸੋਹਨ ਸਿੰਘ ਆਲ ਇੰਡੀਆ ਕਿਸਾਨ ਸਭਾ ਦੇ ਕੁੱਲ ਹਿੰਦ ਪ੍ਰਧਾਨ ਵੀ ਰਹੇ ਸਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਉਨ੍ਹਾਂ ਨੇ ਕਈ ਸੰਘਰਸ਼ਾਂ ਵਿੱਚ ਹਿੱਸਾ ਲਿਆ ਸੀ । ਕਾਂਗਰਸ ਸਰਕਾਰ ਨੇ ਬਾਬਾ ਸੋਹਨ ਸਿੰਘ ਨੂੰ 1948 ਵਿੱਚ ਗ੍ਰਿਫ਼ਤਾਰ ਕਰਕੇ 'ਯੋਲ ਜੇਲ੍ਹ ਕੈਂਪ' ਵਿੱਚ ਬੰਦ ਕਰ ਦਿੱਤਾ



ਸੀ। ਇਸ ਜੇਲ੍ਹ ਦੀ ਖ਼ੁਰਾਕ ਤੇ ਰਹਿਣ ਦਾ ਪ੍ਰਬੰਧ ਅੰਗਰੇਜ਼ਾਂ ਨਾਲੋਂ ਵੀ ਮਾੜਾ ਸੀ । ਬਾਬਾ ਜੀ ਨੇ ਭੁੱਖ ਹੜਤਾਲ ਕਰ ਦਿੱਤੀ । ਇਸ ਭੁੱਖ ਹੜਤਾਲ ਨਾਲ ਬਾਬਾ ਜੀ ਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ ਅਤੇ ਕਮਰ ਵੀ ਹਮੇਸ਼ਾਂ ਲਈ ਕੁੱਬੀ ਹੋ ਗਈ ਸੀ । ਬਾਬਾ ਜੀ ਕਮਰ ਬਾਰੇ ਲਿਖਦੇ ਹਨ ਕਿ 'ਇਹ ਮੇਰੇ ਦੇਸ਼ ਦੀ ਕਾਂਗਰਸ ਹਕੂਮਤ ਦੀ ਮੇਰੀ ਪਿੱਠ 'ਤੇ ਛਾਪ ਹੈ ।

ਬਾਬਾ ਸੋਹਨ ਸਿੰਘ ਭਕਨਾ ਨੇ 'ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ' ਦੇ ਪ੍ਰਧਾਨ ਦੇ ਤੌਰ 'ਤੇ ਵੀ ਲੰਮਾ ਸਮਾਂ ਅਗਵਾਈ ਕੀਤੀ ਸੀ। ਉਨ੍ਹਾਂ ਨੇ ਗ਼ਦਰ ਪਾਰਟੀ ਦੇ ਗੋਲਡਨ ਜੁਬਲੀ ਸਮਾਗਮ ਸਮੇਂ ਨੌਜਵਾਨਾਂ ਨੂੰ ਇਨਕਲਾਬੀ ਕਾਰਜ ਨਾਲ ਜੋੜਨ ਵਾਸਤੇ ਆਪਣੇ ਹਮ ਸਾਥੀ ਗ਼ਦਰੀ ਦੇਸ਼ ਭਗਤਾਂ ਨੂੰ ਜ਼ੋਰ ਨਾਲ ਕਿਹਾ ਕਿ, 'ਤੁਸੀਂ ਨੌਜਵਾਨਾਂ ਨੂੰ ਰੋਸ਼ਨੀ ਦਿਓ, ਉਨ੍ਹਾਂ ਨੂੰ ਆਪਣੀਆਂ ਕੁਰਬਾਨੀਆਂ ਦੀ ਜਾਗ ਲਾਓ, ਤਾਂ ਜੋ ਦੇਸ਼ ਵਿੱਚ ਸੂਝ ਦਾ ਇਨਕਲਾਬ ਲਿਆਂਦਾ ਜਾ ਸਕੇ ।' ਗ਼ਦਰੀਆਂ ਦੇ ਮਹਾਨ ਆਗੂ ਬਾਬਾ ਸੋਹਨ ਸਿੰਘ ਭਕਨਾ ਦੀ ਮੌਤ 21-12-1968 ਨੂੰ ਹੋਈ ਸੀ ।

ਬਾਬਾ ਸੋਹਨ ਸਿੰਘ ਭਕਨਾ ਭਵਨ,
40 ਕੋਰਟ ਰੋਡ, ਅੰਮ੍ਰਿਤਸਰ ।
ਮੋ: 98760-78731

(ਰੋ: ਅਜੀਤ 04-01-2018 'ਚੋਂ ਧੰਨਵਾਦ ਸਹਿਤ !)

# ਗ਼ਦਰੀ ਦੇਸ਼-ਭਗਤ ਬਾਵਾ ਨਨਕਾਣਾ ਬਿਸ਼ਨ

**ਜਸਦੇਵ ਸਿੰਘ ਲਲਤੋਂ**

ਅਮਰੀਕਾ ਵਿੱਚ ਰਹਿ ਕੇ ਦਹਾਕਿਆਂ ਬੱਧੀ ਗ਼ਦਰ ਪਾਰਟੀ ਦੇ ਕਾਰਜ ਗੁਮਨਾਮ ਰੂਪ ਵਿੱਚ ਜਾਰੀ ਰੱਖਣ ਵਾਲੇ ਅਤੇ ਸ਼ਹੀਦ ਊਧਮ ਸਿੰਘ ਸੁਨਾਮ ਨਾਲ ਦੋਸਤੀ ਨਿਭਾਉਣ ਵਾਲੀ ਹਸਤੀ ਦਾ ਹੈ ਬਾਵਾ ਨਨਕਾਣਾ ਬਿਸ਼ਨ । ਉਨ੍ਹਾਂ ਦੇ ਪਿਤਾ ਸੰਤਰਾਮ ਢੁੱਡੀਕੇ ਪਿੰਡ ਤੋਂ ਚੱਲ ਕੇ ਨਨਕਾਣਾ ਸਾਹਿਬ (ਹੁਣ ਪਾਕਿਸਤਾਨ ਵਿੱਚ) ਦੀਆਂ ਜੜ੍ਹਾਂ ਵਿੱਚ ਜਾ ਵੱਸੇ ਜਿੱਥੇ ਉਨ੍ਹਾਂ ਨੇ ਪਿੰਡ ਕੋਟ ਸੰਤਰਾਮ ਵਸਾਇਆ । ਇਹ ਹੁਣ ਨਨਕਾਣਾ ਸਾਹਿਬ ਦੀ ਸੰਤਰਾਮ ਕਾਲੋਨੀ ਹੈ ।

ਬਾਵਾ ਨਨਕਾਣਾ ਬਿਸ਼ਨ ਦਾ ਜਨਮ ਪਹਿਲੀ ਦਸੰਬਰ 1877 ਨੂੰ ਹੋਇਆ । ਮੁੱਢਲੀ ਸਿੱਖਿਆ ਦੌਰਾਨ ਉਨ੍ਹਾਂ ਗੁਰਮੁਖੀ ਤੇ ਉਰਦੂ ਭਾਸ਼ਾ ਸਿੱਖੀ । ਰੁਜ਼ਗਾਰ ਤੇ ਚੰਗੀ ਜ਼ਿੰਦਗੀ ਦੀ ਭਾਲ ਲਈ ਉਹ 1895 ਵਿੱਚ ਚੁੱਪ-ਚਪੀਤੇ ਆਪਣੇ ਮਾਤਾ ਜੀ ਬਸੰਤ ਕੌਰ ਦੇ ਰੱਖੇ 82 ਰੁਪਏ ਲੈ ਕੇ ਰੇਲ ਗੱਡੀ ਰਾਹੀਂ ਬਰਮਾ (ਮਿਆਂਮਾਰ) ਪੁੱਜ ਗਏ । ਮਿਹਨਤ ਮਜ਼ਦੂਰੀ ਕਰਦਿਆਂ ਉਹ ਕਰੀਬ 3 ਸਾਲ ਬਰਮਾ ਵਿੱਚ ਰਹੇ । ਫਿਰ ਚੀਨ ਜਾ ਕੇ ਚੀਨੀ ਭਾਸ਼ਾ ਦਾ ਸਰਟੀਫਿਕੇਟ ਹਾਸਲ ਕੀਤਾ ਅਤੇ ਪੁਲੀਸ ਵਿੱਚ 2 ਸਾਲ ਨੌਕਰੀ ਕੀਤੀ । ਇਸ ਤੋਂ ਬਾਅਦ ਉਨ੍ਹਾਂ ਸਿੰਗਾਪੁਰ 4 ਸਾਲ ਫੌਜੀ ਸਰਵਿਸ ਕੀਤੀ ਅਤੇ ਪਿੰਡੋਂ ਮੰਗਵਾਈ ਜ਼ਰੂਰੀ ਚਿੱਠੀ ਰਾਹੀਂ ਡਿਸਚਾਰਜ ਹੋ ਕੇ 1904 ਵਿੱਚ ਸਾਨਫਰਾਂਸਿਸਕੋ (ਅਮਰੀਕਾ) ਪਹੁੰਚੇ । ਉੱਥੇ ਉਨ੍ਹਾਂ ਕਾਫ਼ੀ ਡਾਲਰ ਜੋੜੇ ਅਤੇ ਕੁਝ ਹੋਰ ਸੱਜਣਾਂ ਨਾਲ ਮਿਲ ਕੇ ਇਕ ਹਜ਼ਾਰ ਏਕੜ ਦਾ ਫਾਰਮ ਠੇਕੇ ’ਤੇ ਲੈ ਕੇ ਸਬਜ਼ੀਆਂ ਦੀ ਕਾਸ਼ਤ ਅਤੇ ਘਰ ਵੇਚਣ-ਖ਼ਰੀਦਣ ਦਾ ਕਾਰੋਬਾਰ ਸ਼ੁਰੂ ਕਰ ਲਿਆ । ਉਹ ਗੁਰਦੁਆਰਿਆਂ ਵਿੱਚ ਹੋਣ ਵਾਲੇ ਭਾਰਤੀਆਂ ਦੇ ਹਫ਼ਤਾਵਾਰੀ ਇਕੱਠਾਂ ਵਿੱਚ ਜਾਂਦੇ ਜਿੱਥੇ ਪਰਵਾਸੀਆਂ ਦੀਆਂ ਸਮੱਸਿਆਵਾਂ, ਦੁੱਖਾਂ ਅਤੇ ਹੱਲ ਬਾਰੇ ਵਿਚਾਰਾਂ ਹੁੰਦੀਆਂ ਸਨ । 1911-12 ਦੌਰਾਨ ਉਨ੍ਹਾਂ ਦਾ ਮੇਲ ਭਾਰਤੀ ਕ੍ਰਾਂਤੀਕਾਰੀ ਆਗੂ ਲਾਲਾ ਹਰਦਿਆਲ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਹੋਇਆ । 1913 ਵਿੱਚ ਗ਼ਦਰ ਪਾਰਟੀ (ਹਿੰਦੀ ਪੈਸਿਫਿਕ ਕੋਸਟ ਐਸੋਸੀਏਸ਼ਨ) ਬਣਨ ਤੋਂ ਬਾਅਦ ਉਹ ਪਾਰਟੀ ਦੇ ਮੈਂਬਰ ਬਣ ਗਏ ਅਤੇ ਪਾਰਟੀ ਦੀ ਲਹਿਰ ਤੇ ਗ਼ਦਰ ਅਖ਼ਬਾਰ ਦੀਆਂ ਸਾਰੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗੇ ।



1922-23 ਵਿੱਚ ਜਦੋਂ ਊਧਮ ਸਿੰਘ ਅਮਰੀਕਾ ਪੁੱਜਾ ਤਾਂ ਉਨ੍ਹਾਂ ਨਾਲ ਗ਼ਦਰ ਪਾਰਟੀ ਰਾਹੀਂ ਆਪਸੀ ਮੇਲਜੋਲ ਬਣਿਆ ਅਤੇ ਦੋਵੇਂ ਪੱਕੇ ਮਿੱਤਰ ਬਣ ਗਏ । ਉਹ ਮੇਰੀਲੈਂਡ ਵਿੱਚ ਦੋ ਸਾਲ ਇਕੱਠੇ ਰਹੇ । ਉੱਥੇ ਅਮਰੀਕੀ ਪੁਲੀਸ ਦਾ ਛਾਪਾ ਪੈ ਗਿਆ, ਪਰ ਊਧਮ ਸਿੰਘ ਬਚ ਨਿਕਲੇ । ਉਨ੍ਹਾਂ ਊਧਮ ਸਿੰਘ ਦੀ ਪੈਸੇ ਨਾਲ ਭਾਰੀ ਮਦਦ ਕੀਤੀ ਤੇ ਹੋਰ ਸਾਥੀਆਂ ਤੋਂ ਵੀ ਕਰਵਾਈ । ਉਨ੍ਹਾਂ ਕੀਮਤੀ ਅਸਲਾ ਖ਼ਰੀਦਿਆ, ਗ਼ਦਰ ਸਾਹਿਤ ਲਿਆ ਅਤੇ ਭਾਰਤ ਨੂੰ ਚਾਲੇ ਪਾ ਦਿੱਤੇ । 1927 ਵਿੱਚ ਊਧਮ ਸਿੰਘ ਅੰਮ੍ਰਿਤਸਰ ਤੋਂ ਫੜੇ ਗਏ ਅਤੇ 1928 ਵਿੱਚ 5 ਸਾਲ ਕੈਦ ਹੋ ਗਈ। ਫੱਕਰ ਸੁਭਾਅ ਵਾਲੇ ਬਿਸ਼ਨ ਜੀ 32 ਸਾਲ ਬਾਅਦ ਪਹਿਲੀ ਵਾਰ ਘਰੇ ਨਨਕਾਣਾ ਸਾਹਿਬ ਪਰਤੇ ਅਤੇ ਅੰਮ੍ਰਿਤਸਰ ਜਾ ਕੇ ਊਧਮ ਸਿੰਘ ਨਾਲ ਮੁਲਾਕਾਤ ਕੀਤੀ । ਬਿਸ਼ਨ ਜੀ ਨੇ ਦੱਸਿਆ ਸੀ ਕਿ 1932 ਵਿੱਚ ਊਧਮ ਸਿੰਘ ਰਿਹਾਅ ਹੋ ਕੇ ਜੰਮੂ ਕਸ਼ਮੀਰ ਦੇ ਪਹਾੜਾਂ ਵੱਲ ਚਲਾ ਗਿਆ ਹੈ। ਇੱਥੇ ਉਸ ਦਾ ਮੇਲ ਕਿਸੇ ਅਮੀਰ ਆਦਮੀ ਨਾਲ ਹੋਇਆ ਜਿਸ ਨੇ ਉਸ ਤੋਂ ਪ੍ਰਭਾਵਿਤ ਹੋ ਕੇ ਊਧਮ ਸਿੰਘ ਨੂੰ ਬਾਵਾ ਦੇ ਨਾਮ ਹੇਠ ਲਾਹੌਰ ਤੋਂ ਨਵਾਂ ਪਾਸਪੋਰਟ ਜਾਰੀ ਕਰਵਾਇਆ ਅਤੇ ਵਲੈਤ (ਇੰਗਲੈਂਡ) ਭਿਜਵਾਇਆ । ਬਿਸ਼ਨ ਅਤੇ ਊਧਮ ਸਿੰਘ ਦਾ ਮੇਲ-ਜੋਲ ਚਿੱਠੀ ਪੱਤਰ ਰਾਹੀਂ ਬਣਿਆ ਰਿਹਾ ।

1936 ਵਿੱਚ ਪਲੇਗ ਕਾਰਨ ਉਨ੍ਹਾਂ ਦੇ ਫੌਜੀ ਭਰਾ ਕਿਸ਼ਨ ਦਾਸ ਦੀ ਮੌਤ ਹੋ ਗਈ । ਉਹ ਨਨਕਾਣਾ ਸਾਹਿਬ ਗਏ, ਪਲੇਗ ਦਾ ਇਲਾਜ ਕਰ ਰਹੇ ਅੰਗਰੇਜ਼ ਡਾਕਟਰਾਂ ਦੀ ਟੀਮ (ਜਿਨ੍ਹਾਂ ਲਈ ਭਾਸ਼ਾ ਵੱਡਾ ਅੜਿੱਕਾ ਸੀ) ਨਾਲ ਰਹਿ ਕੇ 6 ਮਹੀਨੇ ਇਲਾਕੇ ਦੇ ਲੋਕਾਂ ਦੀ ਸੇਵਾ ਕੀਤੀ । ਇਸ ਦੌਰਾਨ ਉਨ੍ਹਾਂ ਦਾ ਵਿਆਹ ਹਰਬੰਸ ਕੌਰ ਨਾਲ ਹੋਇਆ । ਫਿਰ ਉਹ ਮੁੜ ਅਮਰੀਕਾ ਚਲੇ ਗਏ । ਹਰਬੰਸ ਕੌਰ ਸਮੇਤ ਸਾਰਾ ਪਰਿਵਾਰ ਨਨਕਾਣਾ ਸਾਹਿਬ ਹੀ ਰਿਹਾ । ਉਹ 4-4 ਸਾਲ ਬਾਅਦ ਮੁਲਕ ਗੇੜਾ ਮਾਰਦੇ । ਉਨ੍ਹਾਂ ਦੇ ਘਰ ਪੰਜ ਧੀਆਂ ਅਤੇ ਇਕ ਪੁੱਤਰ ਨੇ ਜਨਮ ਲਿਆ।

1940 ਵਿੱਚ ਲੰਡਨ ਵਿੱਚ ਸਰ ਮਾਈਕਲ ਓਡਵਾਇਰ ਵਾਲੀ ਘਟਨਾ ਤੋਂ ਥੋੜ੍ਹਾ ਅਰਸਾ ਪਹਿਲਾਂ ਊਧਮ ਸਿੰਘ ਨੇ ਬਾਵਾ ਨਾਨਕਾਣਾ ਬਿਸ਼ਨ ਨੂੰ ਇੰਗਲੈਂਡ ਸੱਦਿਆ, ਉਨ੍ਹਾਂ ਪੂਰੇ 20 ਦਿਨ ਇਕੱਠਿਆਂ ਗੁਜ਼ਾਰੇ । ਸਰ ਮਾਈਕਲ ਓਡਵਾਇਰ ਵਾਲੀ ਘਟਨਾ 13 ਮਾਰਚ 1940 ਨੂੰ ਵਾਪਰੀ । ਊਧਮ ਸਿੰਘ ਦੇ ਫੜੇ ਜਾਣ ’ਤੇ ਉਨ੍ਹਾਂ ਦੀ ਪਹਿਲ ਕਦਮੀ ਨਾਲ ਅਮਰੀਕਾ

ਦੀ ਗ਼ਦਰ ਪਾਰਟੀ ਨੇ ਮੁਕੱਦਮਾ ਲੜਨ ਲਈ ਦੋ ਵੱਡੇ ਵਕੀਲ ਖੜ੍ਹੇ ਕੀਤੇ । ਊਧਮ ਸਿੰਘ ਨੇ ਬਿਸ਼ਨ ਨੂੰ ਆਪਣੇ ਅਸਲੀ ਦਸਤਖਤਾਂ ਵਾਲੀ ਆਖਰੀ ਫੋਟੋ ਲੰਡਨ ਜੇਲ੍ਹ ਵਿੱਚੋਂ ਡਾਕ ਰਾਹੀਂ ਅਮਰੀਕਾ ਭੇਜੀ ਜਿਸ ਦੇ ਪਿਛਲੇ ਪਾਸੇ ਲਿਖਿਆ ਹੋਇਆ ਸੀ : "ਮੁਹੰਮਦ ਸਿੰਘ ਆਜ਼ਾਦ । ਆਪ ਨੂੰ ਯਾਦਗਾਰ ਭੇਜਦਾ ਹਾਂ, ਕਦੀ ਇਸ ਨੂੰ ਦੇਖ ਲਿਆ ਕਰਨਾ । ਐੱਮ.ਐੱਸ ਆਜ਼ਾਦ । ਇਹ ਤਸਵੀਰ ਪ੍ਰੋ. ਮਲਵਿੰਦਰਜੀਤ ਵੜੈਚ ਨੇ ਲੰਮੀ ਖੋਜ ਮਗਰੋਂ ਉਨ੍ਹਾਂ ਪਾਸੋਂ 1969 ਵਿੱਚ ਪ੍ਰਾਪਤ ਕੀਤੀ ਸੀ ।

ਆਪਣੇ ਪਿਆਰੇ ਵਤਨ ਦੇ ਖਿੱਚੇ ਬਿਸ਼ਨ ਜੀ 1952 ਵਿੱਚ ਅਮਰੀਕਾ ਤੋਂ ਪਰਿਵਾਰ ਪਾਸ ਡਡਹੇੜੀ ਪਿੰਡ ਪਹੁੰਚੇ ਅਤੇ ਬਾਅਦ ਵਿੱਚ ਪਰਿਵਾਰ ਸਮੇਤ ਮੰਡੀ ਗੋਬਿੰਦਗੜ੍ਹ ਰਹਿਣ ਲੱਗੇ । ਉਹ ਸਦਾ ਲੋਕ ਸੇਵਾ ਨੂੰ ਸਮਰਪਿਤ ਰਹੇ । ਉਹ ਭਲੀ-ਭਾਂਤ ਸਮਝਦੇ ਸਨ ਕਿ ਦਿਨ ਰਾਤ ਮਿਹਨਤ ਕਰਨ ਵਾਲੇ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਮਿਹਨਤੀ ਲੋਕਾਂ ਦੇ ਘਰਾਂ ਵਿੱਚ ਆਜ਼ਾਦੀ ਦੀ ਲਾਲੀ ਅੱਜ ਤਕ ਨਹੀਂ ਪਹੁੰਚੀ ਹੈ । ਉਹ ਇਕ ਹੋਰ ਗ਼ਦਰ ਲਈ ਤਾਂਘਦੇ 16 ਜੂਨ 1975 ਨੂੰ ਸਦੀਵੀ ਵਿਛੋੜਾ ਦੇ ਗਏ ।

(ਇਹ ਰਚਨਾ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਤੇ
ਬਾਵਾ ਨਨਕਾਣਾ ਬਿਸ਼ਨ ਦੇ ਪੁੱਤਰ ਅਵਤਾਰ ਸਿੰਘ ਬਿਸ਼ਨ
ਤੋਂ ਮਿਲੀ ਜਾਣਕਾਰੀ 'ਤੇ ਅਧਾਰਤ ਹੈ) ।
ਸੰਪਰਕ : 0161-2805677
(ਰੋ: ਪੰ: ਟ੍ਰਿ: 01-12-2018) 'ਚੋਂ ਧੰਨਵਾਦ ਸਹਿਤ !)



# ਗ਼ਦਰੀ ਬਾਬਾ ਚੂਹੜ ਸਿੰਘ ਲੀਲ੍ਹ

**ਸੁਖਵਿੰਦਰ ਲੀਲ੍ਹ**

ਜਦ ਕਦੇ ਵੀ ਹਿੰਦੁਸਤਾਨ ਨੂੰ ਅੰਗਰੇਜ਼ੀ ਹਕੂਮਤ ਤੋਂ ਅਜ਼ਾਦ ਕਰਵਾਉਣ ਦੀ ਗੱਲ ਚੱਲੇਗੀ, ਤਾਂ ਗ਼ਦਰ ਲਹਿਰ ਨਾਲ ਜੁੜੇ ਉਨ੍ਹਾਂ ਯੋਧਿਆਂ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਜਾਂਦਾ ਰਹੇਗਾ, ਜਿਨ੍ਹਾਂ ਨੇ ਅੰਗਰੇਜ਼ੀ ਸਰਕਾਰ ਖ਼ਿਲਾਫ਼ ਜੂਝਦੇ ਹੋਏ ਆਪਣੀ ਪੂਰੀ ਜ਼ਿੰਦਗੀ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਕੈਦ ਹੁੰਦੇ ਹੋਏ ਵੀ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਲਈ ਸੰਘਰਸ਼ ਜਾਰੀ ਰੱਖਿਆ । ਇਹੀ ਨਹੀਂ ਉਨ੍ਹਾਂ ਆਪਣੇ ਪਰਿਵਾਰਾਂ ਸਮੇਤ ਜਾਇਦਾਦਾਂ ਜ਼ਬਤ ਕਰਵਾ ਕੇ ਵੀ ਹਿੰਮਤ ਨਹੀਂ ਹਾਰੀ ।

ਗ਼ਦਰੀ ਬਾਬਾ ਚੂਹੜ ਸਿੰਘ ਲੀਲ੍ਹ, ਜਿਨ੍ਹਾਂ ਨੇ '**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ**', ਅਨੁਸਾਰ ਆਪਣੇ ਆਖ਼ਰੀ ਸਾਹਾਂ ਤਕ ਹੱਡੀਆਂ ਦਾ ਪਿੰਜਰ ਬਣ ਚੁੱਕੇ ਆਪਣੇ ਸਰੀਰ ਨਾਲ ਜ਼ਿੰਦਗੀ ਹੰਢਾਈ । ਉਨ੍ਹਾਂ ਦਾ ਜਨਮ ਪਿੰਡ ਲੀਲ੍ਹ ਜ਼ਿਲ੍ਹਾ ਲੁਧਿਆਣਾ ਵਿੱਚ ਬੂਟਾ ਸਿੰਘ ਦੇ ਘਰ ਹੋਇਆ । ਪਿੰਡ ਖੇਤੀ ਦਾ ਕੰਮ ਕਰਦੇ-ਕਰਦੇ ਅੰਗਰੇਜ਼ਾਂ ਦੇ ਰਸਾਲੇ ਵਿੱਚ ਨੌਕਰੀ ਵੀ ਕਰ ਲਈ, ਪਰ ਅਣਖੀ ਸੁਭਾਅ ਤੇ ਦੇਸ਼ ਸੇਵਾ ਦਾ ਜਜ਼ਬਾ ਬਹੁਤੀ ਦੇਰ ਗ਼ੁਲਾਮੀ ਨੂੰ ਸਹਾਰ ਨਾ ਸਕਿਆ । ਨੌਕਰੀ ਵਿਚਾਲੇ ਛੱਡ ਕੇ ਆਰਥਿਕ ਹਾਲਤ ਸੁਧਾਰਨ ਲਈ ਅਮਰੀਕਾ ਨੂੰ ਚਾਲੇ ਪਾ ਦਿੱਤੇ । ਉੱਥੇ ਰਹਿੰਦਿਆਂ ਹੀ ਉਨ੍ਹਾਂ ਦਾ ਮੇਲ ਗ਼ਦਰ ਪਾਰਟੀ ਲਹਿਰ ਨਾਲ ਹੋਇਆ ਅਤੇ ਉਹ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਪਏ ।

ਗ਼ਦਰ ਪਾਰਟੀ ਲਹਿਰ ਦਾ ਮੁੱਖ ਮਕਸਦ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਨੂੰ ਇੱਕ ਝੰਡੇ ਥੱਲੇ ਇਕੱਠਾ ਕਰਕੇ ਹਿੰਦੁਸਤਾਨ ਵਾਪਸ ਭੇਜਣਾ ਸੀ, ਤਾਂ ਜੋ ਉੱਥੇ ਜਾ ਕੇ ਹਥਿਆਰਬੰਦ ਘੋਲ ਰਾਹੀਂ ਹਿੰਦੁਸਤਾਨ ਨੂੰ ਅੰਗਰੇਜ਼ਾਂ ਹੱਥੋਂ ਅਜ਼ਾਦ ਕਰਵਾਇਆ ਜਾ ਸਕੇ । ਉਨ੍ਹਾਂ ਗ਼ਦਰੀ ਬਾਬਿਆਂ ਦੀ ਵਿਚਾਰਧਾਰਾ ਸੀ ਕਿ ਹਿੰਦੁਸਤਾਨ ਦੀ ਆਜ਼ਾਦੀ ਤੋਂ ਬਾਅਦ ਇੱਥੋਂ ਉਚ-ਨੀਚ ਮੁਕਤ, ਲੁੱਟ ਰਹਿਤ ਅਤੇ ਬਰਾਬਰਤਾ ਵਾਲਾ ਸਮਾਜ ਸਿਰਜਿਆ ਜਾਵੇ । ਉਨ੍ਹਾਂ ਦਾ ਸੁਪਨਾ ਅੱਜ ਵੀ ਅਧੂਰਾ ਪਿਆ ਸਾਡੇ ਲਈ ਕਈ ਤਰ੍ਹਾਂ ਦੇ ਸੁਆਲ ਖੜ੍ਹੇ ਕਰ ਰਿਹਾ ਹੈ ।

ਗ਼ਦਰ ਲਹਿਰ ਵਿੱਚ ਬਹੁ-ਗਿਣਤੀ ਪੰਜਾਬੀਆਂ ਦੀ ਸੀ ਅਤੇ ਇਹ ਜ਼ਿਆਦਾਤਰ ਅੰਮ੍ਰਿਤਧਾਰੀ ਸਿੰਘ ਸਨ ਅਤੇ ਸਿੱਖ ਧਰਮ ਦੀ ਬਰਾਬਰਤਾ

ਵਾਲੀ ਵਿਚਾਰਧਾਰਾ ਤੋਂ ਕਾਫ਼ੀ ਪ੍ਰਭਾਵਤ ਸਨ ।

ਬਾਬਾ ਜੀ ਨੇ ਵੀ ਆਪਣਾ ਵਿਦੇਸ਼ਾਂ 'ਚੋਂ ਸਭ ਕੁਝ ਤਿਆਗ ਕੇ 172 ਹੋਰ ਗ਼ਦਰੀਆਂ ਨਾਲ ਤੋਸਾ ਮਾਰੂ ਜਹਾਜ਼ ਰਾਹੀਂ ਦੇਸ਼ ਵਾਪਸ ਆਉਣ ਦਾ ਫ਼ੈਸਲਾ ਕਰ ਲਿਆ ਸੀ। ਇਹ ਜਹਾਜ਼ ਜਦ 29 ਅਕਤੂਬਰ 1914 ਨੂੰ ਕਲਕੱਤਾ ਦੀ ਬੰਦਰਗਾਹ 'ਤੇ ਪਹੁੰਚਿਆ ਤਾਂ ਲਗਪਗ ਸਾਰੇ ਹੀ ਮੁਸਾਫ਼ਰਾਂ ਨੂੰ ਅੰਗਰੇਜ਼ ਪੁਲੀਸ ਵੱਲੋਂ ਗ੍ਰਿਫ਼ਤਾਰ ਕਰਕੇ ਭੁੱਖੇ ਭਾਣੇ ਰਾਏਵਿੰਡ, ਲੁਧਿਆਣਾ ਲੈ ਆਂਦਾ। ਕਈਆਂ ਨੂੰ ਪਿੰਡਾਂ ਦੀਆਂ ਜੂਹਾਂ ਅੰਦਰ ਕੈਦ ਕਰਨ ਦੇ ਹੁਕਮ ਸੁਣਾ ਦਿੱਤੇ ਗਏ, ਜਿਨ੍ਹਾਂ ਵਿੱਚ ਬਾਬਾ ਚੂਹੜ ਸਿੰਘ ਲੀਲ੍ਹ ਵੀ ਸਨ, ਪਰ ਬਾਬਾ ਜੀ ਨੂੰ ਦੇਸ਼ ਭਗਤੀ ਦੀ ਲਗਨ ਨੇ ਘਰ ਟਿਕ ਕੇ ਬੈਠਣ ਨਾ ਦਿੱਤਾ ਅਤੇ ਉਹ ਰੂਹ-ਪੋਸ ਹੋ ਕੇ ਗ਼ਦਰ ਪਾਰਟੀ ਦੇ ਪ੍ਰੋਗਰਾਮਾਂ ਵਿੱਚ ਜਾਣ ਲੱਗ ਪਏ । ਨਵੰਬਰ 1914 ਨੂੰ ਕਰਤਾਰ ਸਿੰਘ ਸਰਾਭਾ ਵੱਲੋਂ ਲਾਡੋਵਾਲ ਮੀਟਿੰਗ ਦੌਰਾਨ 'ਡਕੈਤੀ ਕਮਿਸ਼ਨ' ਦੀ ਸਥਾਪਨਾ ਕੀਤੀ ਗਈ, ਜਿਸ ਵਿੱਚ ਸਿਰਫ਼ ਸਰਕਾਰੀ ਖ਼ਜ਼ਾਨਾ ਜਾਂ ਕੁਝ ਅਮੀਰ ਬੰਦਿਆਂ ਨੂੰ ਲੁੱਟਣ ਦੀ ਯੋਜਨਾ ਬਣਾਈ ਗਈ ਸੀ, ਤਾਂ ਜੋ ਪਾਰਟੀ ਲਈ ਹਥਿਆਰਾਂ ਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ ।

ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਰੱਬੋਂ, ਝਨੇਰ, ਰਾਜੋਆਣਾ ਅਤੇ ਦੋਰਾਹਾ, ਲੁਧਿਆਣਾ ਵਿੱਚ ਡਾਕੇ ਮਾਰੇ ਗਏ। ਇਹ ਸਾਰਾ ਪੈਸਾ ਪਾਰਟੀ ਕੋਲ ਜਮ੍ਹਾਂ ਹੁੰਦਾ ਸੀ। ੩ ਫ਼ਰਵਰੀ ੧੯੧੫ ਨੂੰ ਬਾਬਾ ਜੀ ਭਾਈ ਗਾਂਧਾ ਸਿੰਘ ਨੂੰ ਨਾਲ ਲੈ ਕੇ ਇਕ ਮਾਈ ਕੋਲੋਂ ਲੁੱਟਿਆ ਗਿਆ ਮਾਲ ਵਾਪਸ ਵੀ ਕਰਕੇ ਆਏ ਸਨ ਕਿਉਂਕਿ ਉਸ ਮਾਈ ਨੂੰ ਪੈਸੇ ਦੀ ਵਧ ਲੋੜ ਸੀ। ਇਸ ਐਕਸ਼ਨ ਤੋਂ ਬਾਅਦ ਜਦ ਉਹ ਪਿੰਡ ਪਹੁੰਚੇ ਤਾਂ ਪਿੰਡ ਲੀਲ੍ਹ ਦੇ ਇੱਕ ਮੁਖ਼ਬਰ ਨੇ ਸੀ.ਆਈ.ਡੀ. ਨੂੰ ਸੂਚਿਤ ਕਰਕੇ ਬਾਬਾ ਜੀ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ । ਇਨ੍ਹਾਂ 'ਤੇ ਲਾਹੌਰ ਸਾਜ਼ਸ਼ ਅਧੀਨ ਕੇਸ ਚਲਾ ਕੇ ਕਾਲੇ ਪਾਣੀ, ਜਾਇਦਾਦ ਜ਼ਬਤ ਦਾ ਫ਼ੈਸਲਾ ਸੁਣਾਇਆ ਗਿਆ ।

ਅੰਡੇਮਾਨ ਦੀਆਂ ਜੇਲ੍ਹਾਂ ਅੰਦਰ ਕੈਦੀਆਂ 'ਤੇ ਅਣਮਨੁੱਖੀ ਤਸੀਹੇ ਦੇ ਕੇ ਧੱਕੇ ਨਾਲ ਕੰਮ ਕਰਵਾਇਆ ਜਾਂਦਾ ਸੀ। ਕੈਦੀਆਂ 'ਤੇ ਠੰਡਾ ਪਾਣੀ ਪਾਉਣ ਤੋਂ ਇਲਾਵਾ ਠੰਡੇ ਪਾਣੀ ਵਿੱਚ ਗੋਤੇ ਲਗਾਏ ਜਾਂਦੇ ਸਨ, ਜਿਸ ਨੂੰ ਬਾਬਾ ਜੀ ਬਰਦਾਸ਼ਤ ਨਾ ਕਰ ਸਕੇ ਅਤੇ ਅੰਗਰੇਜ਼ਾਂ ਨਾਲ ਸਿੱਧੀ ਟੱਕਰ ਲੈਣ ਲਈ ਜੇਲ੍ਹ ਅੰਦਰ ਹੋ ਰਹੇ ਜ਼ੁਲਮਾਂ ਖ਼ਿਲਾਫ਼ ਆਵਾਜ਼ ਖੁੱਲ੍ਹ ਕੇ ਬੁਲੰਦ ਕੀਤੀ । ਉਨ੍ਹਾਂ 2 ਅਕਤੂਬਰ 1917 ਨੂੰ ਭੁੱਖ ਹੜਤਾਲ ਅਤੇ ਬਾਅਦ ਵਿੱਚ ਜੇਲ੍ਹ ਅੰਦਰ ਕੋਈ



ਵੀ ਕੰਮ ਨਾ ਕਰਨ ਦਾ ਫ਼ੈਸਲਾ ਕਰ ਲਿਆ । ਇਨ੍ਹਾਂ ਸੰਘਰਸ਼ਾਂ ਅਤੇ ਹੜਤਾਲਾਂ ਅੱਗੇ ਅੰਗਰੇਜ਼ਾਂ ਨੂੰ ਝੁਕਣਾ ਪਿਆ ਅਤੇ ਕਿਸੇ ਕੈਦੀ ਨੂੰ ਕੋਈ ਵੀ ਸਜ਼ਾ ਦੇਣ ਤੋਂ ਪਹਿਲਾਂ ਸੌ ਵਾਰੀ ਸੋਚਦੇ । ਇਸ ਤਰ੍ਹਾਂ ਬਾਬਾ ਜੀ ਨੇ ਅੰਡੇਮਾਨ ਜੇਲ੍ਹਾਂ ਅੰਦਰ ਇਸ ਵਹਿਸ਼ੀ ਮਾਹੌਲ ਨੂੰ ਠੱਲ੍ਹ ਪਾ ਦਿੱਤੀ ਤੇ ਅੰਗਰੇਜ਼ਾਂ ਨੂੰ ਇੱਕ ਜੇਲ੍ਹ ਸੁਧਾਰ ਕਮੇਟੀ ਬਣਾਉਣੀ ਪਈ । ਨਤੀਜੇ ਵੱਜੋਂ ਕਾਫ਼ੀ ਕੈਦੀਆਂ ਨੂੰ ਅੰਡੇਮਾਨ ਜੇਲ੍ਹਾਂ 'ਚੋਂ ਤਬਦੀਲ ਕਰਕੇ ਭਾਰਤੀ ਜੇਲ੍ਹਾਂ ਵਿੱਚ ਲੈ ਆਏ ।

ਬਾਬਾ ਜੀ ਅਤੇ ਬਾਬਾ ਜੁਵਾਲਾ ਸਿੰਘ ਨੂੰ ਵੀ ਮਦਰਾਸ ਦੀ ਕੋਇੰਬਟੂਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ । ਇੱਥੇ ਵੀ ਮੋਪਲਾ ਸਤਿਆਗ੍ਰਹਿ ਦੇ ਬੱਚੇ, ਬੁੱਢਿਆਂ ਅਤੇ ਔਰਤਾਂ ਨੂੰ ਭੁੱਖੇ ਪਿਆਸੇ ਰੱਖ ਕੇ ਛੋਟੀਆਂ-ਛੋਟੀਆਂ ਕਾਲ ਕੋਠੜੀਆਂ ਵਿੱਚ ਤੂੜੀ ਵਾਂਗ ਤੂੜਿਆ ਜਾਂਦਾ ਅਤੇ ਦਮ ਘੁੱਟਣ ਨਾਲ ਬਹੁਤ ਸਾਰੇ ਬੱਚੇ, ਬੁੱਢੇ ਮਰ ਚੁੱਕੇ ਅਤੇ ਮਰ ਰਹੇ ਸਨ । ਉਨ੍ਹਾਂ ਦੀ ਪਰਉਪਕਾਰੀ ਦਾ ਸਬੂਤ ਇੱਥੇ ਉਦੋਂ ਮਿਲਦਾ ਹੈ ਜਦ ਉਹ ਅਤੇ ਬਾਬਾ ਜੁਵਾਲਾ ਸਿੰਘ ਠੰਠੀਆਂ ਆਪਣੇ ਹਿੱਸੇ ਦਾ ਖਾਣਾ ਵੀ ਉਨ੍ਹਾਂ ਬੱਚਿਆਂ ਵਿੱਚ ਵੰਡ ਦਿੰਦੇ । ਇੱਕ ਦਿਨ ਜੇਲ੍ਹ ਅਧਿਕਾਰੀਆਂ ਨੂੰ ਇਸ ਗੱਲ ਦਾ ਪਤਾ ਲੱਗਣ 'ਤੇ ਜੁਵਾਲਾ ਸਿੰਘ ਨੂੰ 30 ਬੈਂਤਾਂ ਦੀ ਸਜ਼ਾ ਦਿੱਤੀ ਗਈ । ਜਦ ਬਾਬਾ ਜੀ ਨੂੰ ਇਸ ਦਾ ਪਤਾ ਲੱਗਾ ਤਾਂ ਉਹ ਆਪ ਵੀ ਭੱਜ ਕੇ ਅੱਗੇ ਹੋ ਗਏ ਤੇ ਲਲਕਾਰਨ ਲੱਗੇ ਕਿ ਉਨ੍ਹਾਂ ਨੂੰ ਵੀ ਇਹੀ ਸਜ਼ਾ ਦਿੱਤੀ ਜਾਵੇ ਕਿਉਂਕਿ ਉਨ੍ਹਾਂ ਨੇ ਵੀ ਆਪਣੇ ਹਿੱਸੇ ਦਾ ਖਾਣਾ ਇਨ੍ਹਾਂ ਬੱਚਿਆਂ ਨੂੰ ਦਿੱਤਾ ਹੈ ।

ਇਸ ਤਰ੍ਹਾਂ ਜੇਲ੍ਹ ਅੰਦਰ ਹੰਗਾਮਾ ਮੱਚ ਗਿਆ ਤੇ ਬਾਬਾ ਜੀ ਨੇ ਰੋਸ ਵਿੱਚ ਫਿਰ ਹੜਤਾਲ ਕਰ ਦਿੱਤੀ । ਜੇਲ੍ਹ ਦਾ ਮਾਹੌਲ ਖ਼ਰਾਬ ਹੋਣ ਦੇ ਡਰੋਂ ਇਨ੍ਹਾਂ ਦੋਹਾਂ ਕੈਦੀਆਂ ਨੂੰ 24 ਨਵੰਬਰ 1922 ਨੂੰ ਭੰਡਾਰਾ ਜੇਲ੍ਹ ਬਦਲ ਦਿੱਤਾ ਗਿਆ । ਇੱਥੇ ਵੀ ਬਾਬਾ ਜੀ ਨੇ ਜੇਲ੍ਹ ਵਿੱਚ ਕੈਦੀਆਂ 'ਤੇ ਹੋ ਰਹੇ ਹਰ ਤਰ੍ਹਾਂ ਦੇ ਜ਼ੁਲਮ ਖ਼ਿਲਾਫ਼ ਖੁੱਲ੍ਹ ਕੇ ਆਵਾਜ਼ ਉਠਾਈ, ਜਿਸ ਕਾਰਨ ਬਾਬਾ ਜੀ ਦੇ ਪੂਰੇ ਦੇਸ਼ ਭਰ ਵਿੱਚ ਚਰਚੇ ਹੋਣ ਲੱਗ ਪਏ । ਫਿਰ ਬਾਬਾ ਚੂਹੜ ਸਿੰਘ ਨੂੰ ਲਾਹੌਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ, ਜਿੱਥੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ 14 ਨੰਬਰ ਕੋਠੜੀ ਵਿੱਚ ਮੌਤ ਦੀ ਸਜ਼ਾ ਭੁਗਤ ਰਹੇ ਸਨ। ਭਗਤ ਸਿੰਘ ਗ਼ਦਰ ਲਹਿਰ ਤੋਂ ਬਹੁਤ ਪ੍ਰਭਾਵਤ ਸੀ । ਬਾਬਾ ਜੀ ਅਤੇ ਭਗਤ ਸਿੰਘ ਇਨਕਲਾਬੀ ਵਿਚਾਰਧਾਰਾ ਦੀ ਮਜ਼ਬੂਤੀ ਬਾਰੇ ਗੱਲਬਾਤ ਕਰਦੇ ਰਹਿੰਦੇ । ਬਾਬਾ ਜੀ ਭਗਤ ਸਿੰਘ ਨੂੰ ਕਹਿੰਦੇ "ਤੂੰ ਬਿਲਕੁਲ ਠੀਕ ਕਹਿਨਾ, ਏਥੇ

ਬਰਾਬਰਤਾ ਵਾਲਾ ਰਾਜ ਹੀ ਲਿਆਉਣਾ ਪੈਣਾ।" ਭਗਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੀ ਉਸ ਦੀ ਵਿਚਾਰਧਾਰਾ ਦਾ ਅਸਰ ਬਾਬਾ ਜੀ ਵੱਲੋਂ ਇੱਕ ਜੱਜ ਨੂੰ ਸਮਾਜ ਅਤੇ ਜੇਲ੍ਹ ਸੁਧਾਰ ਸੰਬੰਧੀ ਲਿਖੇ ਇੱਕ ਪੱਤਰ ਵਿੱਚ ਸਾਫ਼ ਨਜ਼ਰ ਆਉਂਦਾ ਹੈ। ਇੱਥੇ ਹੀ ਬਾਬਾ ਚੂਹੜ ਸਿੰਘ ਨੇ ਭਾਈ ਰਣਧੀਰ ਸਿੰਘ ਦੀ ਮੁਲਾਕਾਤ ਭਗਤ ਸਿੰਘ ਨਾਲ ਕਰਵਾਈ ਸੀ।

ਬਾਬਾ ਜੀ ਦਾ ਸੰਘਰਸ਼ ਜਾਰੀ ਰਿਹਾ। ਫ਼ਰਵਰੀ 1932 ਨੂੰ ਫਿਰ ਕੈਦੀਆਂ ਉੱਪਰ ਜ਼ੁਲਮ ਵਧ ਗਏ ਤੇ ਬਾਬਾ ਜੀ ਨੇ ਕਮਜ਼ੋਰ ਸਰੀਰ ਦੇ ਬਾਵਜੂਦ 82 ਦਿਨ ਦੀ ਲੰਬੀ ਭੁੱਖ ਹੜਤਾਲ ਕਰ ਦਿੱਤੀ। ਬਾਬਾ ਜੀ ਅੰਦਰ ਨੌਜਵਾਨ ਸ਼ਹੀਦ ਭਗਤ ਸਿੰਘ ਵੀ ਬੋਲਦਾ ਸੀ, ਜੋ ਅੰਗਰੇਜ਼ੀ ਹਕੂਮਤ ਦੇ ਅੱਖਾਂ ਵਿੱਚ ਰੜਕਣ ਲੱਗ ਪਏ। ਬਾਬਾ ਜੀ ਦੀ ਸਜ਼ਾ ਪੂਰੀ ਹੋ ਜਾਣ ਬਾਅਦ ਵੀ ਉਨ੍ਹਾਂ ਨੂੰ ਰਿਹਾਅ ਨਾ ਕੀਤਾ ਗਿਆ।

ਦੂਸਰੇ ਪਾਸੇ ਬਾਬਾ ਜੀ ਨੂੰ ਜੇਲ੍ਹ ਵਿੱਚੋਂ ਬਾਹਰ ਕੱਢਣ ਲਈ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਵਿੱਚ ਸੱਤਿਆਗ੍ਰਹਿ ਸ਼ੁਰੂ ਹੋ ਗਿਆ। ਜੇਲ੍ਹ ਅੰਦਰ ਰੋਸ ਵਜੋਂ ਲਗਾਤਾਰ ਭੁੱਖ ਹੜਤਾਲ ਜਾਰੀ ਰੱਖਣ ਕਾਰਨ ਬਾਬਾ ਜੀ ਦਾ ਸਰੀਰ ਪਿੰਜਰ ਦਾ ਰੂਪ ਧਾਰ ਚੁੱਕਾ ਸੀ, ਜਿਸ ਤੋਂ ਡਰ ਕੇ ਅੰਗਰੇਜ਼ਾਂ ਨੇ ਬਾਬਾ ਜੀ ਦੀਆਂ ਸਾਰੀਆਂ ਮੰਗਾਂ ਮੰਨਦੇ ਹੋਏ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ। ਘਰ ਆ ਕੇ ਉਨ੍ਹਾਂ ਦੇ ਇਲਾਜ ਲਈ ਕਾਫ਼ੀ ਭੱਜ-ਨੱਠ ਕੀਤੀ ਗਈ ਪਰ ਕਮਜ਼ੋਰੀ ਜ਼ਿਆਦਾ ਹੋਣ ਕਾਰਨ 9 ਸਤੰਬਰ 1933 ਨੂੰ ਆਜ਼ਾਦੀ ਦਾ ਇਹ ਯੋਧਾ ਅਧੂਰਾ ਸੁਪਨਾ ਲੈ ਕੇ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਿਆ।

ਸੰਪਰਕ : 98888-14227

(ਰੋ: ਪੰ: ਟ੍ਰਿ: 26-09-2018 'ਚੋਂ ਧੰਨਵਾਦ ਸਹਿਤ !)



# ਸੇਵਾ ਸਿੰਘ ਠੀਕਰੀਵਾਲਾ : ਸੰਘਰਸ਼ ਦੀ ਦਾਸਤਾਨ

**ਡਾ. ਗੁਰਤੇਜ ਸਿੰਘ ਠੀਕਰੀਵਾਲਾ**

ਸੇਵਾ ਸਿੰਘ ਦਾ ਜਨਮ ਪਿੰਡ ਠੀਕਰੀਵਾਲਾ (ਬਰਨਾਲਾ) ਵਿੱਚ ਦੇਵਾ ਸਿੰਘ ਤੇ ਹਰ ਕੌਰ ਦੇ ਘਰ 24 ਅਗਸਤ 1886 ਈ: ਨੂੰ ਹੋਇਆ। ਪਿਤਾ ਦੇਵਾ ਸਿੰਘ ਮਹਾਰਾਜਾ ਪਟਿਆਲਾ ਦੇ ਅਹਿਲਕਾਰ ਸਨ ਅਤੇ ਇਨ੍ਹਾਂ ਕੋਲ ਹੀ ਰਹਿ ਕੇ ਸੇਵਾ ਸਿੰਘ ਨੇ ਮੁੱਢਲੀ ਪੜ੍ਹਾਈ ਕੀਤੀ। 1907 ਵਿੱਚ ਸੇਵਾ ਸਿੰਘ ਨੇ ਕੁਝ ਸਮਾਂ ਰਿਆਸਤ ਪਟਿਆਲਾ ਵਿੱਚ ਬਤੌਰ ਪਲੇਗ ਅਫ਼ਸਰ ਬਰਨਾਲਾ ਵੀ ਸੇਵਾ ਕੀਤੀ। ਮਗਰੋਂ ਸਿੱਖ ਧਰਮ ਅਤੇ ਵਿਦਿਆ ਦਾ ਪ੍ਰਚਾਰ ਕਰਨਾ ਸੇਵਾ ਸਿੰਘ ਨੇ ਆਪਣੇ ਜੀਵਨ ਦਾ ਮੁੱਖ ਮਕਸਦ ਮਿਥਿਆ। ਇਸੇ ਮਕਸਦ ਤਹਿਤ ਸੇਵਾ ਸਿੰਘ ਨੇ ਜਰਨਲ ਬਖ਼ਸ਼ੀਸ਼ ਸਿੰਘ ਪਟਿਆਲਾ, ਸਰਦਾਰ ਹਰਚੰਦ ਸਿੰਘ ਰਈਸ ਭਦੌੜ, ਸਰਦਾਰ ਰਨਬੀਰ ਸਿੰਘ ਜੱਜ ਬਰਨਾਲਾ, ਕਰਨਲ ਨਰੈਣ ਸਿੰਘ ਪਟਿਆਲਾ ਅਤੇ ਬਸੰਤ ਸਿੰਘ ਠੀਕਰੀਵਾਲਾ ਨਾਲ ਮਿਲ ਕੇ 26 ਜੂਨ 1917 ਈ. ਨੂੰ ਨਵਾਬ ਕਪੂਰ ਸਿੰਘ ਦੇ ਪੜਾਅ ਸਥਾਨ 'ਤੇ ਗੁਰਦੁਆਰੇ ਦੀ ਇਮਾਰਤ ਦਾ ਬੁਨਿਆਦੀ ਪੱਥਰ ਸੰਤ ਗੁਰਬਖ਼ਸ਼ ਸਿੰਘ ਪਟਿਆਲਾ ਤੋਂ ਰਖਵਾਇਆ, ਜੋ ਸਤੰਬਰ 1920 ਈ. ਵਿੱਚ ਮੁਕੰਮਲ ਹੋਈ। 1920 ਈ. ਵਿੱਚ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕੇਟਿਵ ਕਮੇਟੀ ਦੇ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਚੁਣੇ ਗਏ।

ਜੇ ਸੇਵਾ ਸਿੰਘ ਦੇ ਰਿਆਸਤ ਪਟਿਆਲਾ ਤੋਂ ਵਿਦਰੋਹ ਦੀ ਗੱਲ ਕਰੀਏ ਤਾਂ ਪਹਿਲਾ ਸਰੋਕਾਰ ਅੰਗਰੇਜ਼ਾਂ ਤੇ ਰਿਆਸਤੀ ਸੱਤਾ ਦੀ ਦੂਹਰੀ ਗ਼ੁਲਾਮੀ ਦਾ ਸੀ। ਦੂਸਰਾ ਮੁੱਦਾ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ, ਮਹਾਰਾਜਾ ਪਟਿਆਲਾ ਭੂਪਿੰਦਰ ਸਿੰਘ ਦੇ ਸਿੱਖ ਵਿਰੋਧੀ ਰਾਜਸੀ ਕਿਰਦਾਰ ਨੂੰ ਚੁਣੌਤੀ ਵੱਜੋਂ ਲੈ ਰਿਹਾ ਸੀ। ਤੀਸਰਾ ਮੁੱਦਾ ਇਹ ਹੈ ਕਿ ਮਹਾਤਮਾ ਗਾਂਧੀ ਜਿਹੇ ਕਾਂਗਰਸੀ ਆਗੂ ਰਿਆਸਤੀ ਰਾਜਿਆਂ ਦੇ ਵਿਰੋਧ ਦੀ ਥਾਂ ਅੰਗਰੇਜ਼ ਸਰਕਾਰ ਦੇ ਵਿਰੋਧ ਵਿੱਚ ਹੀ ਲੜ ਰਹੇ ਸਨ, ਜਦ ਕਿ 23 ਜੁਲਾਈ 1931 ਨੂੰ ਸਰਦਾਰ ਸੇਵਾ ਸਿੰਘ ਨੇ ਸ਼ਿਮਲੇ ਵਿੱਚ ਮਹਾਤਮਾ ਗਾਂਧੀ ਨੂੰ ਰਿਆਸਤੀ ਰਾਜਿਆਂ ਪ੍ਰਤੀ ਵੀ ਸੰਘਰਸ਼ ਵਿੱਢਣ ਲਈ ਕਿਹਾ ਤਾਂ ਮਹਾਤਮਾ ਗਾਂਧੀ ਨੇ ਸਪਸ਼ਟ ਜਵਾਬ ਦਿੱਤਾ ਕਿ ਅੰਗਰੇਜ਼ਾਂ ਨੂੰ ਕੱਢ ਦੇਈਏ ਤਾਂ ਰਿਆਸਤੀ ਰਾਜੇ ਆਪੇ ਚਲੇ ਜਾਣਗੇ। ਪਰ ਸੇਵਾ ਸਿੰਘ ਤੇ ਸਮੁੱਚੀ ਅਕਾਲੀ ਲੀਡਰਸ਼ਿਪ ਰਾਜਿਆਂ ਦੀ ਥਾਂ ਪੰਚਾਇਤੀ ਰਾਜ ਦੀ ਸਥਾਪਨਾ ਦੀ ਆਵਾਜ਼ ਬੁਲੰਦ ਕਰ

ਰਹੀ ਸੀ । ਇਸ ਤਰ੍ਹਾਂ ਮਹਾਰਾਜਾ ਭੁਪਿੰਦਰ ਸਿੰਘ ਦੀਆਂ ਰਜਵਾੜਾਸ਼ਾਹੀ ਅਤੇ ਲੋਕ ਮਾਰੂ ਨੀਤੀਆਂ ਵਿਰੁੱਧ ਸੇਵਾ ਸਿੰਘ ਦੇ ਲਗਾਤਾਰ ਅਡੋਲ ਸੰਘਰਸ਼ਮਈ ਜੀਵਨ ਦੀ ਦਾਸਤਾਨ ਆਰੰਭ ਹੁੰਦੀ ਹੈ। 1923 ਈ. ਵਿੱਚ ਅਕਾਲੀ ਲਹਿਰ ਦੇ ਜੈਤੋ ਦੇ ਮੋਰਚੇ ਦੌਰਾਨ ਅੰਗਰੇਜ਼ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗ਼ੈਰ-ਕਾਨੂੰਨੀ ਕਰਾਰ ਦਿੰਦਿਆਂ ਇਨ੍ਹਾਂ ਜਥੇਬੰਦੀਆਂ ਦੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਲਈ ਹੁਕਮ ਜਾਰੀ ਕਰ ਦਿੱਤੇ ਸਨ । ਸੇਵਾ ਸਿੰਘ ਨੂੰ ਵੀ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕੇਟਿਵ ਕਮੇਟੀ ਦੇ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਰਿਆਸਤ ਪਟਿਆਲਾ ਜਥੇ ਦੇ ਪ੍ਰਧਾਨ ਹੋਣ ਦੀ ਹੈਸੀਅਤ ਵਿੱਚ ਮੁਕਤਸਰ ਸਾਹਿਬ ਤੋਂ ਗ੍ਰਿਫ਼ਤਾਰ ਕੀਤਾ ਗਿਆ। 1925 ਈ. ਵਿੱਚ ਗੁਰਦੁਆਰਾ ਐਕਟ ਹੋਂਦ ਵਿੱਚ ਆਉਣ ਮਗਰੋਂ ਪਟਿਆਲਾ ਰਿਆਸਤ ਦੀ ਪੁਲਿਸ ਨੇ ਮੁੜ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ । ਸ਼੍ਰੋਮਣੀ ਅਕਾਲੀ ਦਲ ਨੇ ਇਸ ਨਾਜਾਇਜ਼ ਗ੍ਰਿਫ਼ਤਾਰੀ ਬਾਰੇ ਮੋਰਚੇ ਲਾਉਣ ਦਾ ਐਲਾਨ ਕੀਤਾ । ਫ਼ਰਵਰੀ 1929 ਨੂੰ ਐਸੋਸੀਏਟਡ ਪ੍ਰੈਸ ਨਾਲ ਹੋਈ ਗੱਲਬਾਤ ਦੌਰਾਨ ਮਹਾਰਾਜਾ ਪਟਿਆਲਾ ਨੇ ਸਪਸ਼ਟ ਕਿਹਾ ਸੀ ਕਿ ਸੇਵਾ ਸਿੰਘ ਉਸ ਦੀ ਰਿਆਸਤ ਦਾ ਵਸਨੀਕ ਹੈ ਇਸ ਨੂੰ ਇਸ ਵਾਸਤੇ ਗ੍ਰਿਫ਼ਤਾਰ ਕੀਤਾ ਗਿਆ ਹੈ ਕਿ ਇਹ ਰਿਆਸਤ ਵਿੱਚ ਬਗ਼ਾਵਤ ਤੇ ਰਾਜ ਪਰਿਵਰਤਨ ਦਾ ਪ੍ਰਚਾਰ ਕਰਨਾ ਚਾਹੁੰਦਾ ਹੈ, ਜੇ ਸੇਵਾ ਸਿੰਘ ਕੇਵਲ ਧਰਮ ਪ੍ਰਚਾਰ ਲਈ ਕੰਮ ਕਰੇ ਤਾਂ ਕੋਈ ਮੁਸ਼ਕਲ ਨਹੀਂ । ਮਹਾਰਾਜੇ ਦੇ ਸ਼ਬਦ ਸਨ "ਮੇਰਾ ਅਕਾਲੀਆਂ ਨਾਲ ਕੋਈ ਮਜ਼ਬੀ ਜਾਂ ਜਾਤੀ ਝਗੜਾ ਨਹੀਂ, ਜਿਨ੍ਹਾਂ ਵਿੱਚ ਕਿ ਕਈ ਪੰਥ ਦੇ ਜਾਨਸਰ ਤੇ ਸੁੱਚੇ ਸੇਵਕ ਹਨ, ਵਿਦਰੋਹਾਂ ਦੇ ਪ੍ਰਚਾਰਕਾਂ ਨਾਲ ਮੈਂ ਠੀਕ ਉਸੇ ਤਰ੍ਹਾਂ ਪੇਸ਼ ਆਵਾਂਗਾ, ਜਿਕੁਣ ਇਕ ਗਵਰਨਮੈਂਟ ਜਾਂ ਰਿਆਸਤ ਨੂੰ ਆਉਣਾ ਚਾਹੀਦਾ ਹੈ... ਮੈਂ ਸੇਵਾ ਸਿੰਘ ਨੂੰ ਕਿਹਾ ਸੀ ਕਿ ਉਹ ਇਹਨਾਂ ਕੰਮਾਂ ਤੋਂ ਬਾਜ ਆ ਜਾਏ, ਉਹਨੂੰ ਧਰਮ ਦੇ ਪ੍ਰਚਾਰ ਵਿੱਚ ਰੁਕਾਵਟ ਨਹੀਂ ਹੋਵੇਗੀ । ਉਸ ਨੇ ਇਹ ਗੱਲ ਮੰਨਣੋ ਇਨਕਾਰ ਕੀਤਾ।" ਅਖੀਰ ਵਿੱਚ ਮਹਾਰਾਜੇ ਨੇ "ਸਰਦਾਰ ਖੜਕ ਸਿੰਘ ਤੇ ਹੋਰਨਾਂ ਦੇ ਵਿਖਿਆਨਾਂ ਨੇ" ਇਸ 'ਤੇ ਹੋਰ ਵੀ ਰੰਗ ਚੜ੍ਹਾ ਦਿੱਤਾ ਹੈ । ਇਹ ਤਕਰੀਰਾਂ ਭਾਵੇਂ ਜ਼ਾਹਰਾ ਮਜ਼ਬੀ ਹੋਣ ਪਰ ਰਾਜ ਵਿਦਰੋਹ ਦੇ ਅਸਰਾਂ ਨਾਲ ਭਰੀਆਂ ਹੋਈਆਂ ਹਨ, 23 ਜਨਵਰੀ ਨੂੰ ਘਲੋਟੀ ਦੀਵਾਨ ਵਿੱਚ ਤਾਂ ਇਨ੍ਹਾਂ ਨੇ ਐਲਾਨੀਆਂ ਤੌਰ 'ਤੇ ਕਿਹਾ ਹੈ ਕਿ ਸੇਵਾ ਸਿੰਘ



ਨੂੰ ਪਟਿਆਲੇ ਦੇ ਪੰਚਾਇਤੀ ਰਾਜ ਦੇ ਪ੍ਰਧਾਨ ਹੋਣ ਦਾ ਐਲਾਨ ਕਰ ਦੇਣਾ ਚਾਹੀਦਾ ਹੈ ਤੇ ਸੇਵਾ ਸਿੰਘ ਦੀ ਥਾਂ ਮਹਾਰਾਜਾ ਪਟਿਆਲਾ ਨੂੰ ਜੇਲ੍ਹ ਵਿੱਚ ਬੰਦ ਕਰ ਦੇਣਾ ਚਾਹੀਦਾ ਹੈ। ਸੋ ਮਹਾਰਾਜਾ ਪਟਿਆਲਾ ਦੀਆਂ ਇਨ੍ਹਾਂ ਟਿਪਣੀਆਂ ਤੋਂ ਜ਼ਾਹਰ ਹੁੰਦਾ ਹੈ ਕਿ ਸੇਵਾ ਸਿੰਘ ਦਾ ਰਾਜਸੀ ਤੌਰ 'ਤੇ ਪੰਚਾਇਤੀ ਰਾਜ ਸਥਾਪਤ ਕਰਨ ਦਾ ਕੋਈ ਵੀ ਸੰਘਰਸ਼ ਮਹਾਰਾਜੇ ਨੂੰ ਹਜ਼ਮ ਨਹੀਂ ਸੀ ।

ਚੀਫ ਖ਼ਾਲਸਾ ਦੀਵਾਨ ਤੇ ਮਾਲਵਾ ਪ੍ਰਤੀਨਿਧ ਖ਼ਾਲਸਾ ਦੀਵਾਨ ਦੇ ਮੈਂਬਰ ਤੇ ਗਿਆਨੀ ਸ਼ੇਰ ਸਿੰਘ ਪਟਿਆਲੇ ਵਿੱਚ ਮਹਾਰਾਜੇ ਨੂੰ ਮਿਲੇ ਤੇ ਸੇਵਾ ਸਿੰਘ ਨੂੰ ਅਗਸਤ 1929 ਵਿੱਚ ਬਿਨਾਂ ਸ਼ਰਤ ਰਿਹਾਅ ਕੀਤਾ ਗਿਆ । ਇਸ ਸਮੇਂ ਤਕ ਉਹ ਕਿਸਾਨੀ ਅਤੇ ਆਮ ਲੋਕਾਂ ਦੇ ਬਹੁ-ਪੱਖੀ ਹਿੱਤਾਂ ਦੀ ਸੁਰੱਖਿਆ ਦੇ ਮੰਤਵ ਨਾਲ ਹੋਂਦ ਵਿੱਚ ਆਈ '**ਪਰਜਾ ਮੰਡਲ ਲਹਿਰ**' ਦੇ ਬਾਨੀ ਪ੍ਰਧਾਨ ਅਤੇ ਅਕਾਲ ਕਾਲਜ ਮਸਤੂਆਣਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਸਨ । ਸੰਤ ਅਤਰ ਸਿੰਘ ਮਸਤੂਆਣਾ ਦੀ ਦਿਵ-ਦ੍ਰਿਸ਼ਟੀ ਨੇ ਸੇਵਾ ਸਿੰਘ ਵਿਚਲੇ ਅਧਿਆਤਮਕ ਅਤੇ ਪੰਥਪ੍ਰਸਤੀ ਦੇ ਗੁਣਾਂ ਦੀ ਪਛਾਣ ਕਰਦਿਆਂ ਇਹ ਮਾਣ ਬਖ਼ਸ਼ਿਆ ਸੀ । ਮਹਾਰਾਜਾ ਪਟਿਆਲਾ ਪਰਜਾ ਮੰਡਲ ਲਹਿਰ ਦੀ ਸਥਾਪਨਾ ਨੂੰ ਵੀ ਚੁਣੌਤੀ ਵੱਜੋਂ ਲੈ ਰਿਹਾ ਸੀ। 1927 ਈ. ਵਿੱਚ ਸੰਤ ਅਤਰ ਸਿੰਘ ਤੇ ਮਹਾਰਾਜਾ ਪਟਿਆਲਾ ਦਾ ਟਕਰਾਅ ਹੋਰ ਵੀ ਵਧਦਾ ਗਿਆ, ਜੇ ਸੰਤ ਅਤਰ ਸਿੰਘ ਮੌਜੂਦ ਹੁੰਦੇ ਤਾਂ ਸ਼ਾਇਦ ਟਕਰਾਅ ਦਾ ਇਹ ਰੂਪ ਨਾ ਹੁੰਦਾ ।

ਖ਼ੈਰ, ਅਕਤੂਬਰ 1930 ਈ. ਵਿੱਚ ਪੰਜਾਬ ਰਿਆਸਤ ਪਰਜਾ ਮੰਡਲ ਦੀ ਲੁਧਿਆਣਾ ਕਾਨਫ਼ਰੰਸ ਵਿੱਚ ਭਾਗ ਲੈਣ ਕਾਰਨ ਪੁਲੀਸ ਨੇ ਉਨ੍ਹਾਂ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ ਅਤੇ ਪੰਜ ਸਾਲ ਕੈਦ ਸੁਣਾ ਕੇ ਪਟਿਆਲਾ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ, ਪਰ ਕੌਮੀ ਜਥੇਬੰਦੀਆਂ ਦੇ ਸੰਘਰਸ਼ ਦੇ ਫਲਸਰੂਪ ਚਾਰ ਮਹੀਨਿਆਂ ਬਾਅਦ ਹੀ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਗਿਆ। ਇਸ ਤਰ੍ਹਾਂ ਹੀ ਨਵੰਬਰ 1931 ਈ. ਵਿੱਚ ਰਿਆਸਤ ਜੀਂਦ ਦੀ ਸਰਕਾਰ ਵਿਰੁੱਧ ਲੱਗੇ ਅਕਾਲੀ ਮੋਰਚੇ ਵਿੱਚ ਉਨ੍ਹਾਂ ਨੇ ਚਾਰ ਮਹੀਨੇ ਕੈਦ ਕੱਟੀ ਅਤੇ ਰਿਆਸਤ ਮਲੇਰਕੋਟਲੇ ਦੀ ਸਰਕਾਰ ਵਿਰੁੱਧ ਚੱਲੇ ਕੁਠਾਲਾ ਕਿਸਾਨ ਅੰਦੋਲਨ ਵਿੱਚ ਤਿੰਨ ਮਹੀਨਿਆਂ ਦੀ ਕੈਦ ਕੱਟੀ । 15-16 ਮਈ 1932, ਪਿੰਡ ਖੁਡਿਆਲ (ਸੁਨਾਮ) ਦੀ ਅਕਾਲੀ ਕਾਨਫ਼ਰੰਸ ਵਿੱਚ ਭਾਗ ਲੈ ਕੇ ਮਹਾਰਾਜਾ ਪਟਿਆਲਾ ਵਿਰੁੱਧ ਅੰਦੋਲਨ ਜਾਰੀ ਕਰਨ ਅਤੇ ਦੂਸਰਾ 24 ਅਗਸਤ 1933

ਵਿੱਚ ਪੰਜਾਬ ਰਿਆਸਤੀ ਪਰਜਾ ਮੰਡਲ ਦੀ ਦਿੱਲੀ ਕਾਨਫ਼ਰੰਸ ਵਿੱਚ ਭਾਗ ਲੈ ਕੇ ਸੰਮਤ 1988 ਦੀ ਹਦਾਇਤ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਰਿਆਸਤ ਪਟਿਆਲਾ ਦੀ ਪੁਲੀਸ ਨੇ ਉਨ੍ਹਾਂ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ। ਇਹ ਉਨ੍ਹਾਂ ਦੀ ਅੰਤਮ ਜੇਲ੍ਹ ਯਾਤਰਾ ਸੀ। ਕੇਂਦਰੀ ਜੇਲ੍ਹ ਪਟਿਆਲਾ ਵਿੱਚ ਜੇਲ੍ਹ ਦੇ ਉੱਚ ਅਧਿਕਾਰੀਆਂ ਅਤੇ ਰਿਆਸਤ ਪਟਿਆਲਾ ਦੇ ਹੁਕਮਰਾਨਾ ਦੇ ਅਣਮਨੁੱਖੀ ਜ਼ਬਰ, ਜ਼ੁਲਮ ਅਤੇ ਧੱਕੇਸ਼ਾਹੀ ਵਿਰੁੱਧ ਸੇਵਾ ਸਿੰਘ ਨੇ ਅਪ੍ਰੈਲ 1934 ਵਿੱਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ, ਜੋ ਨੌ ਮਹੀਨੇ ਜਾਰੀ ਰਹੀ। ਮਗਰੋਂ 19 ਅਤੇ 20 ਜਨਵਰੀ ਦੀ ਵਿਚਕਾਰਲੀ ਰਾਤ ਨੂੰ ਲਗਭਗ ਡੇਢ ਵਜੇ ਸੇਵਾ ਸਿੰਘ ਸ਼ਹੀਦੀ ਪਾ ਗਏ।

ਸੰਪਰਕ: 94638-61316

(ਰੋ: ਪੰ: ਟ੍ਰਿ: 16-01-2019 'ਚੋਂ ਧੰਨਵਾਦ ਸਹਿਤ !)



### ਅਕਾਲੀ ਲਹਿਰ ਦਾ ਮੋਢੀ

## ਮਾਸਟਰ ਸੁੰਦਰ ਸਿੰਘ ਲਾਇਲਪੁਰੀ

**ਹਰਵਿੰਦਰ ਸਿੰਘ ਖ਼ਾਲਸਾ**

ਪੰਥ ਸੇਵਕ, ਇਕ ਯੋਗ ਅਧਿਆਪਕ, ਪੱਤਰਕਾਰ ਅਤੇ ਰਾਜਨੀਤੀਵਾਨ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਦਾ ਜਨਮ 4 ਅਕਤੂਬਰ, 1875 ਈ: ਨੂੰ ਸ: ਲਖਮੀਰ ਸਿੰਘ ਕੰਬੋਜ ਦੇ ਘਰ ਮਾਤਾ ਰਾਮ ਕੌਰ ਦੀ ਕੁੱਖੋਂ ਬਹੇੜੂ ਨਾਂ ਦੇ ਪਿੰਡ ਵਿੱਚ ਹੋਇਆ। ਸਮਾਂ ਪਾ ਕੇ ਸੁੰਦਰ ਸਿੰਘ ਆਪਣੇ ਪਰਿਵਾਰ ਦੇ ਨਾਲ ਲਾਇਲਪੁਰ ਦੇ ਪਿੰਡ ਚੱਕ ਨੰਬਰ 18 ਆ ਗਿਆ ਅਤੇ ਉਨ੍ਹਾਂ ਨੇ ਇਸ ਦਾ ਨਾਂ ਚੱਕ ਨੰਬਰ 18 ਬਹੇੜੂ ਰੱਖ ਦਿੱਤਾ। ਇੱਥੇ ਆ ਕੇ ਬਾਲਕ ਸੁੰਦਰ ਸਿੰਘ ਪਿੰਡ ਬਹੇੜੂ ਤੋਂ ਦੋ ਮੀਲ ਦੀ ਦੂਰੀ 'ਤੇ ਚੱਕ ਨੰਬਰ 10 ਵੱਡੀਆਂ ਥੋਥੀਆਂ ਸਾਧੂ ਕੇਸਰ ਸਿੰਘ ਜੀ ਦੇ ਕੋਲ ਉਰਦੂ ਤੇ ਪੰਜਾਬੀ ਪੜ੍ਹਨ ਲਈ ਜਾਣ ਲੱਗ ਪਿਆ। ਸੁੰਦਰ ਸਿੰਘ ਨੇ ਨੌਵੀਂ ਤੇ ਦਸਵੀਂ ਦੀ ਜਮਾਤ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਹਾਈ ਸਕੂਲ ਤੋਂ ਆਪਣੀ ਕਲਾਸ ਵਿੱਚੋਂ ਅੱਵਲ ਰਹਿ ਕੇ ਪਾਸ ਕੀਤੀ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਐਫ. ਏ. ਪਾਸ ਕਰਕੇ ਬੀ. ਏ. ਅਤੇ ਬੀ. ਟੀ. ਦੀ ਪ੍ਰਖਿਆ ਪਾਸ ਕੀਤੀ।

ਮਾਸਟਰ ਸੁੰਦਰ ਸਿੰਘ ਅਜੇ ਕਾਲਜ ਵਿੱਚ ਪੜ੍ਹਦੇ ਸਨ ਜਦੋਂ ਇਨ੍ਹਾਂ ਦਾ ਵਿਆਹ 1901 ਈ: ਨੂੰ ਬੀਬੀ ਸੰਤ ਕੌਰ ਸਪੁੱਤਰੀ ਸ: ਮੰਗਲ ਸਿੰਘ ਪਿੰਡ ਨਿਜ਼ਾਮਪੁਰ ਜ਼ਿਲ੍ਹਾ ਅੰਮ੍ਰਿਤਸਰ ਨਾਲ ਹੋ ਗਿਆ। ਸਰਦਾਰ ਹਰਚੰਦ ਸਿੰਘ ਤੇ ਸੁੰਦਰ ਸਿੰਘ ਨੇ ਹੋਰ ਪਤਵੰਤੇ ਵਿਅਕਤੀਆਂ ਨਾਲ ਸਲਾਹ ਕਰਕੇ 'ਖ਼ਾਲਸਾ ਯੰਗਮੈਨ ਐਸੋਸੀਏਸ਼ਨ' ਨਾਂ ਦੀ ਸੰਸਥਾ ਬਣਾਈ। ਚੀਫ਼ ਖ਼ਾਲਸਾ ਦੀਵਾਨ ਵੱਲੋਂ 1908 ਈ: ਨੂੰ ਪਹਿਲੀ ਸਿੱਖ ਵਿੱਦਿਅਕ ਕਾਨਫ਼ਰੰਸ ਗੁਜਰਾਂਵਾਲਾ ਵਿਖੇ ਹੋਈ। ਇਸ ਕਾਨਫ਼ਰੰਸ ਵਿੱਚ ਲਾਇਲਪੁਰ ਵਿੱਚ ਇਕ ਸਕੂਲ ਖੋਲ੍ਹਣ ਲਈ ਵਿਚਾਰ ਹੋਈ। ਸ: ਸੁੰਦਰ ਸਿੰਘ, ਮਾਸਟਰ ਤਾਰਾ ਸਿੰਘ ਤੇ ਮਾਸਟਰ ਬਿਸ਼ਨ ਸਿੰਘ ਨੇ ਸਟੇਜ 'ਤੇ ਖੜ੍ਹੇ ਹੋ ਕੇ ਕਿਹਾ ਕਿ ਉਹ 15-15 ਰੁਪਏ ਮਹੀਨਾ ਰੋਟੀ ਦਾ ਗੁਜ਼ਾਰਾ ਲੈ ਕੇ ਲਾਇਲਪੁਰ ਖ਼ਾਲਸਾ ਸਕੂਲ ਖੋਲ੍ਹਣਗੇ। ਖ਼ਾਲਸਾ ਦੀਵਾਨ ਬਾਰ ਨੇ ਇਸ ਯੋਜਨਾ ਨੂੰ ਪ੍ਰਵਾਨ ਕਰ ਲਿਆ ਅਤੇ ਸਕੂਲ ਖੋਲ੍ਹ ਦਿੱਤਾ। ਸ: ਸੁੰਦਰ ਸਿੰਘ ਇਸ ਸਕੂਲ ਵਿੱਚ 15 ਮਈ 1908 ਈ: ਨੂੰ ਮਾਸਟਰ ਲੱਗੇ। ਇਸ ਤੋਂ ਪਿੱਛੋਂ ਇਨ੍ਹਾਂ ਦੇ ਨਾਂ ਨਾਲ ਮਾਸਟਰ ਦਾ ਸ਼ਬਦ ਜੁੜ ਗਿਆ। ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਮਜ਼ਬੂਤ ਪੈਰਾਂ 'ਤੇ

ਖੜ੍ਹਾ ਵੇਖ ਕੇ ਅੰਗਰੇਜ਼ ਅਫ਼ਸਰਾਂ ਦੇ ਮਨਾਂ ਵਿੱਚ ਕਈ ਸ਼ੱਕ ਪੈਦਾ ਹੋ ਗਏ । ਵਾਇਸਰਾਏ ਲਾਰਡ ਕਰਜ਼ਨ ਦੀ ਗ਼ਲਤ ਨੀਤੀ ਕਾਰਨ ਕਾਲਜ ਦਾ ਪ੍ਰਬੰਧ ਅੰਗਰੇਜ਼ਾਂ ਦੇ ਹੱਥਾਂ ਵਿੱਚ ਦੇ ਦਿੱਤਾ ਗਿਆ। ਇਸ ਗੱਲ ਨੇ ਸਿੱਖਾਂ ਦੇ ਦਿਲਾਂ ’ਤੇ ਬੜਾ ਅਸਰ ਕੀਤਾ । ਮਾਸਟਰ ਸੁੰਦਰ ਸਿੰਘ ਲਾਇਲਪੁਰੀ ਜੋ ਉਸ ਸਮੇਂ ਖ਼ਾਲਸਾ ਹਾਈ ਸਕੂਲ ਲਾਇਲਪੁਰ ’ਚ ਪੜ੍ਹਾਉਂਦੇ ਸਨ, ਨੇ ਸੰਨ 1909 ਈ: ਵਿੱਚ ਇਕ ਪੈਂਫਲਿਟ ‘ਕੀ ਖ਼ਾਲਸਾ ਕਾਲਜ ਸਿੱਖਾਂ ਦਾ ਹੈ ?’ ਛਪਵਾ ਕੇ ਵੰਡਿਆ । ਅੰਗਰੇਜ਼ ਸਰਕਾਰ ਨੇ ਇਹ ਪੈਂਫਲਿਟ ਜ਼ਬਤ ਕਰ ਲਿਆ । ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਇਸੇ ਸਾਲ ਹੀ ਲਾਇਲਪੁਰ ਤੋਂ ਇਕ ਹਫ਼ਤਾਵਾਰੀ ਪੰਜਾਬੀ ਅਖ਼ਬਾਰ ‘ਸੱਚਾ ਢੰਡੋਰਾ’ ਛਾਪਣਾ ਆਰੰਭ ਕੀਤਾ ।

ਗੁਰਦੁਆਰਾ ਸੁਧਾਰ ਲਹਿਰ ਨੂੰ ਅੱਗੇ ਤੋਰਨ ਵਾਸਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ 21 ਮਈ 1920 ਈ: ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਦੇ ਅਵਸਰ ’ਤੇ ਲਾਹੌਰ ਤੋਂ ਇਕ ਰੋਜ਼ਾਨਾ ਅਖ਼ਬਾਰ ‘ਅਕਾਲੀ’ ਆਰੰਭ ਕੀਤਾ । ਅਕਾਲੀ ਅਖ਼ਬਾਰ ਦੇ ਜਾਰੀ ਹੋਣ ’ਤੇ ਕਾਮਰੇਡ **ਸੋਹਣ ਸਿੰਘ ਜੋਸ਼ ਲਿਖਦੇ ਹਨ, ‘ਪੰਜਾਬ ਦੇ ਸਿੱਖ ਇਤਿਹਾਸ ਵਿੱਚ 21 ਮਈ 1920 ਈ: ਦਾ ਦਿਹਾੜਾ ਇਕ ਇਤਿਹਾਸਕ ਦਿਹਾੜਾ ਹੈ, ਜਿਸ ਨੇ ਸਿੱਖਾਂ ਵਿੱਚ ਸੁੱਤੀ ਹੋਈ ਅਣਖ ਜਗਾਉਣ, ਅੰਗਰੇਜ਼ ਰਾਜ ਦੀ ਗ਼ੁਲਾਮੀ ਤੇ ਖ਼ੁਸ਼ਾਮਦ ਤੋਂ ਛੁਟਕਾਰਾ ਦਿਵਾਉਣ ਅਤੇ ਜ਼ੁਲਮ ਤੇ ਅੱਤਿਆਚਾਰ ਵਿਰੁੱਧ ਜੂਝਣ ਦੀ ਮੁੜ ਬੁਨਿਆਦ ਰੱਖੀ ਅਤੇ ਸਿੱਖ ਪੰਥ ਦੇ ਕੁਰਬਾਨੀ, ਬੇਗਰਜ਼ੀ ਤੇ ਨਿਸ਼ਕਾਮ ਸੇਵਾ ਦੇ ਦੱਬੇ ਹੋਏ ਜਜ਼ਬਿਆਂ ਨੂੰ ਮੁੜ ਸੁਰਜੀਤ ਕੀਤਾ। ਇਸ ਯਾਦਗਾਰੀ ਦਿਨ ’ਤੇ ਲਾਹੌਰ ਤੋਂ ਪੰਜਾਬੀ ਵਿੱਚ ਰੋਜ਼ਾਨਾ ‘ਅਕਾਲੀ’ ਜਾਰੀ ਹੋਇਆ, ਜਿਸ ਨੇ ਆਪਣੇ ਲੇਖਾਂ ਰਾਹੀਂ ਸਿੱਖ ਪੰਥ ਦੀ ਕਾਇਆ-ਕਲਪ ਕਰ ਕੇ ਕਾਇਆ ਪਲਟ ਦਿੱਤੀ, ਸਿੱਖਾਂ ਦੇ ਵਿਚਾਰਾਂ ਵਿੱਚ ਇਨਕਲਾਬੀ ਰੂਹ ਭਰ ਦਿੱਤੀ ।’**

‘ਅਕਾਲੀ’ ਵੱਲੋਂ ਨਾ-ਮਿਲਵਰਤਣ ਦੇ ਪ੍ਰੋਗਰਾਮ ਨੂੰ ਅਪਣਾਉਣ ’ਤੇ ਹਕੂਮਤ ਘਬਰਾ ਗਈ। ਉਸ ਨੂੰ ਡਰ ਸੀ ਕਿ ਕਾਂਗਰਸ ਤੇ ਸਿੱਖ ਮਿਲ ਕੇ ਇਕ ਮਹਾਨ ਸ਼ਕਤੀ ਦੇ ਰੂਪ ਵਿੱਚ ਉੱਭਰਨਗੇ ਤੇ ਸੰਭਵ ਹੈ ਕਿ ਹਕੂਮਤ ਦਾ ਤਖ਼ਤਾ ਛੇਤੀ ਉਲਟ ਜਾਵੇ । ਸਰਕਾਰ ਦੀ ਧੱਕੇਸ਼ਾਹੀ ਨੂੰ ਦੇਖਦਿਆਂ ਹੋਇਆਂ ਜੁਲਾਈ 1922 ਵਿੱਚ ਅਕਾਲੀ ਅਖ਼ਬਾਰ ਨੂੰ ਪ੍ਰਦੇਸੀ ਖ਼ਾਲਸਾ ਨਾਲ ਮਿਲਾ ਕੇ ਅੰਮ੍ਰਿਤਸਰ ਤੋਂ ‘ਅਕਾਲੀ ਤੇ ਪ੍ਰਦੇਸ਼ੀ’ ਨਾਂ ਦਾ ਅਖ਼ਬਾਰ ਆਰੰਭ ਕੀਤਾ ਗਿਆ । ਮਾਸਟਰ ਸੁੰਦਰ ਸਿੰਘ ਨੇ ਕੁੰਜੀਆਂ ਦੇ ਮੋਰਚੇ ਤੋਂ ਗੁਰਦੁਆਰਾ



ਐਕਟ ਬਣਨ ਤਕ ਲੰਮੀ ਜੇਲ੍ਹ ਯਾਤਰਾ ਕੀਤੀ ਅਤੇ ਜੁਰਮਾਨੇ ਭਰੇ । ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਲਾਹੌਰ ਕਿਲ੍ਹੇ ਵਿੱਚ ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ ਤੇ ਸ: ਸੇਵਾ ਸਿੰਘ ਠੀਕਰੀਵਾਲਾ ਆਦਿ ਉਨ੍ਹਾਂ ਅਕਾਲੀ ਕੈਦੀਆਂ ਵਿੱਚੋਂ ਸਨ, ਜਿਨ੍ਹਾਂ ਨੇ ਜੇਲ੍ਹ ਵਿੱਚੋਂ ਇਸ ਸ਼ਰਤ ’ਤੇ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਉਹ ਸਿੱਖ ਗੁਰਦੁਆਰਾ ਐਕਟ 1925 ਨੂੰ ਲਾਗੂ ਕਰਨਗੇ ।

ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਸਿੱਖ ਮਸਲਿਆਂ ਸੰਬੰਧੀ ਅਨੇਕਾਂ ਛੋਟੇ-ਛੋਟੇ ਕਿਤਾਬਚੇ ਲਿਖ ਕੇ ਛਾਪੇ। ਮਾਸਟਰ ਜੀ ਨੇ ਦਿੱਲੀ ਤੋਂ ਹਿੰਦੁਸਤਾਨ ਟਾਈਮਜ਼ ਸ਼ੁਰੂ ਕੀਤਾ । ਪਰ ਮਾਸਟਰ ਸੁੰਦਰ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਅਖ਼ਬਾਰ ਲੰਮਾ ਸਮਾਂ ਨਾ ਚੱਲ ਸਕਿਆ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਸਾਰੀ ਜ਼ਿੰਦਗੀ ਸੰਘਰਸ਼ ਕਰਦੇ ਰਹੇ । ਅੰਤ ਇਹ ਦੇਸ਼ ਦਾ ਮਹਾਨ ਨੇਤਾ, ਆਜ਼ਾਦੀ ਦਾ ਮਹਾਨ ਸੰਗਰਾਮੀਆ, ਅਕਾਲੀ ਲਹਿਰ ਦਾ ਮੋਢੀ, ਪੰਥ ਦਾ ਦਰਵੇਸ਼ ਆਗੂ 5 ਜਨਵਰੀ, 1969 ਈ: ਨੂੰ ਇਸ ਜਹਾਨ ਤੋਂ ਕੂਚ ਕਰ ਗਿਆ। ਅੱਜ ਲੋੜ ਹੈ ਇਹੋ ਜਿਹੇ ਕੁਰਬਾਨੀ ਵਾਲੇ ਟਕਸਾਲੀ ਆਗੂਆਂ ਦੀ, ਜੋ ਆਪਣੇ ਅਤੇ ਆਪਣੇ ਘਰ ਬਾਰੇ ਨਾ ਸੋਚ ਕੇ ਪੰਥ ਦੀ ਬਿਹਤਰੀ ਲਈ ਸੋਚਣ, ਤਾਂ ਜੋ ਪੰਥ ਜਿਨ੍ਹਾਂ ਘੁੰਮਣ ਘੇਰੀਆਂ ਵਿੱਚ ਫਸਿਆ ਹੋਇਆ ਹੈ, ਨਿਕਲ ਸਕੇ ।

ਮੋ: 98155-33725

(ਰੋ: ਅਜੀਤ 04-10-2018 ’ਚੋਂ ਧੰਨਵਾਦ ਸਹਿਤ !)

# ਨੋਬਲ ਪੁਰਸਕਾਰ ਜੇਤੂ ਹਰਗੋਬਿੰਦ ਖੁਰਾਣਾ

**ਪ੍ਰੋ: ਜਤਿੰਦਰ ਬੀਰ ਸਿੰਘ ਨੰਦਾ**

ਭਾਰਤੀ ਮੂਲ ਦਾ ਅਮਰੀਕਾ ਵਿੱਚ ਵੱਸਿਆ ਹਰਗੋਬਿੰਦ ਖੁਰਾਣਾ, ਜਿਸ ਦੇ ਜੀਵਨ ਦੀ ਇਕ ਖ਼ਾਸ ਵਿਸ਼ੇਸ਼ਤਾ ਉਸ ਨਾਲ ਗਹਿਰੀ ਤਰ੍ਹਾਂ ਜੁੜੀ ਹੋਈ ਹੈ ਕਿ ਇਹ ਇਕ ਅਜਿਹਾ ਪ੍ਰਤਿਭਾਸ਼ੀਲ ਵਿਗਿਆਨੀ ਸੀ ਜਿਸ ਦੀ ਲਿਆਕਤ ਨੂੰ ਭਾਰਤ ਨੇ ਪਛਾਣ ਕੇ ਯੋਗ ਮੁੱਲ ਨਹੀਂ ਪਾਇਆ ਤੇ ਅਮਰੀਕਾ ਜਾ ਕੇ ਵਿਗਿਆਨ ਦਾ ਸਭ ਤੋਂ ਵੱਡਾ ਸਨਮਾਨ ਨੋਬਲ ਪੁਰਸਕਾਰ ਸਾਲ 1998 ਵਿੱਚ ਡੀ. ਐਨ. ਏ. ਵਿੱਚ ਖੋਜ ਕਰਕੇ ਪ੍ਰਾਪਤ ਕੀਤਾ । ਇਸ ਮਹਾਨ ਵਿਗਿਆਨੀ ਦਾ ਜਨਮ ਕਵੀ ਦਮੋਦਰ ਦੀ ਧਰਤੀ ਮੁਲਤਾਨ ਵਿੱਚ ਜਿੱਥੇ ਬਹੁਤ ਠੇਠ ਪੰਜਾਬੀ ਬੋਲਣ ਦਾ ਰਿਵਾਜ ਹੈ, ਪਿੰਡ ਖਾਨੇਵਾਲ ਇਕ ਬਹੁਤ ਹੀ ਸਾਧਾਰਨ ਪਰਿਵਾਰ ਗਨਪਤ ਰਾਏ ਪਟਵਾਰੀ ਦੇ ਘਰ 9 ਜਨਵਰੀ 1922 ਵਿੱਚ ਹੋਇਆ । ਖੁਰਾਣਾ ਨੇ ਦਸਵੀਂ ਤਕ ਦੀ ਪੜ੍ਹਾਈ ਖਾਨੇਵਾਲ ਸਕੂਲ ਤੋਂ ਪ੍ਰਾਪਤ ਕੀਤੀ ਤੇ ਅੱਗੇ ਪੜ੍ਹਨ ਲਈ ਵਜ਼ੀਫਾ ਪ੍ਰਾਪਤ ਕੀਤਾ । ਖੁਰਾਣਾ ਨੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ ਫਿਰ ਪੜ੍ਹਾਈ ਜਾਰੀ ਰੱਖਦੇ ਹੋਏ 1944 ਵਿੱਚ ਸਰਕਾਰੀ ਕਾਲਜ ਲਾਹੌਰ ਵਿੱਚੋਂ ਐਮ. ਐਸ. ਸੀ. ਦੀ ਡਿਗਰੀ ਪ੍ਰਾਪਤ ਕੀਤੀ । ਇਸ ਸਮੇਂ ਉਸ ਦੀ ਨੇੜਤਾ ਪ੍ਰਸਿੱਧ ਵਿਗਿਆਨੀ ਪ੍ਰਿੰਸੀਪਲ ਨਰਿੰਜਣ ਸਿੰਘ ਨਾਲ ਹੋ ਗਈ, ਜੋ ਉਸ ਸਮੇਂ ਸਿੱਖ ਨੈਸ਼ਨਲ ਕਾਲਜ ਲਾਹੌਰ ਦੇ ਪ੍ਰਿੰਸੀਪਲ ਸਨ ਤੇ ਹਰ ਹਫ਼ਤੇ ਨਾਲ-ਨਾਲ ਦੋ ਪੀਰੀਅਡ ਸਰਕਾਰੀ ਕਾਲਜ ਲਾਹੌਰ ਵਿੱਚ ਜਾ ਕੇ ਐਮ.ਐਸ.ਸੀ. ਦੀਆਂ ਕਲਾਸਾਂ ਨੂੰ ਪੜ੍ਹਾਉਂਦੇ ਸਨ, ਜਿੱਥੇ ਖੁਰਾਣਾ ਇਕ ਵਿਦਿਆਰਥੀ ਸੀ । ਦੋਵੇਂ ਪੰਜਾਬੀ, ਇਕ ਪੋਠੋਹਾਰੀ ਤੇ ਦੂਸਰਾ ਝੰਗ ਮੁਲਤਾਨ ਦਾ, ਦੋਵਾਂ ਦਾ ਇਕ ਪੰਜਾਬੀ ਸੱਭਿਆਚਾਰ ਤੇ ਬੋਲੀ ਦੀ ਸਾਂਝ । ਪ੍ਰਿੰਸੀਪਲ ਨਿਰੰਜਣ ਸਿੰਘ ਨੇ ਖੁਰਾਣੇ ਨੂੰ ਸਹੀ ਢੰਗ ਨਾਲ ਤਰਾਸ਼ਣ ਦਾ ਕੰਮ ਕੀਤਾ ਤੇ ਮੁਸੀਬਤਾਂ ਵਿੱਚ ਵੀ ਨਾ ਡੋਲਣ ਦਾ ਸਬਕ ਪੜ੍ਹਾਇਆ । ਹੁਣ ਮੁਸੀਬਤਾਂ ਦੇ ਪਹਾੜ ਖੁਰਾਣਾ ਦੇ ਰਾਹ ਵਿੱਚ ਖੜ੍ਹੇ ਸਨ । ਉਸ ਦੇ ਵੱਡੇ ਤਿੰਨ ਭਾਈ ਦਿੱਲੀ ਵਿੱਚ ਵਪਾਰੀ ਸਨ ਤੇ ਉਹ ਵੀ ਇਹ ਚਾਹੁੰਦੇ ਸਨ ਕਿ ਛੋਟਾ ਭਾਈ ਭਾਰਤ ਵਿੱਚ ਰਹਿ ਕੇ ਕੋਈ ਰੁਜ਼ਗਾਰ ਕਰੇ । ਪਰ ਏਨੀ ਪੜ੍ਹਾਈ ਤੇ ਜ਼ਿੰਦਗੀ ਵਿੱਚ ਕੁਝ ਕਰਨ ਦੀ ਲਗਨ ਨੇ ਖੁਰਾਣਾ ਨੂੰ ਬਾਹਰ ਜਾਣ ਲਈ ਤਿਆਰ ਕਰ ਲਿਆ । ਇਕ ਮੌਕਾ ਵੀ ਉਸ ਨੂੰ ਮਿਲ ਗਿਆ ਜਦੋਂ 1945 ਵਿੱਚ ਅੰਗਰੇਜ਼ ਸਰਕਾਰ ਨੇ ਆਪਣੇ ਸਵਾਰਥੀ ਮੰਤਵ ਪੂਰਨ ਕਰਨ



ਲਈ ਭਾਰਤ ਦੇ ਕੁਝ ਲਾਇਕ ਵਿਦਿਆਰਥੀਆਂ ਨੂੰ ਇਕ ਯੋਜਨਾ ਅਧੀਨ ਇੰਗਲੈਂਡ ਵਿਖੇ ਉਚੇਰੀ ਪੜ੍ਹਾਈ ਲਈ ਇਕ ਵਜ਼ੀਫ਼ਾ ਸਕੀਮ ਜਾਰੀ ਕੀਤੀ । ਹੁਣ ਖੁਰਾਣਾ ਕੋਲ ਕੋਈ ਹੋਰ ਚਾਰਾ ਨਹੀਂ ਸੀ ਰਹਿ ਗਿਆ ਕਿ ਉਹ ਇਕ ਯੋਗ ਉਮੀਦਵਾਰ ਬਣ ਕੇ ਇਸ ਨੂੰ ਪ੍ਰਵਾਨ ਕਰੇ। ਖੁਰਾਣਾ ਨੂੰ ਇਹ ਵਜ਼ੀਫ਼ਾ ਮਿਲਿਆ ਤੇ ਉਹ ਬਾਹਰ ਉੱਚੀ ਪੜ੍ਹਾਈ ਲਈ ਚਲਿਆ ਗਿਆ। ਇਸ ਤਰ੍ਹਾਂ ਖੁਰਾਣਾ ਨੇ **"ਲਿਵਰਪੂਲ ਵਿਸ਼ਵ-ਵਿਦਿਆਲਿਆ"** ਤੋਂ ਪੀ. ਐਚ. ਡੀ. ਦੀ ਡਿਗਰੀ 1947 ਵਿੱਚ ਪ੍ਰਾਪਤ ਕੀਤੀ । ਇਸ ਸਮੇਂ ਦੇਸ਼ ਦੀ ਵੰਡ ਹੋ ਗਈ, ਜਿਸ ਨਾਲ ਅਕਾਦਮਿਕ ਖੇਤਰ ਬਹੁਤ ਪ੍ਰਭਾਵਿਤ ਹੋਇਆ। ਲਾਹੌਰ ਦਾ ਇਹ ਅਕਾਦਮਿਕ ਖੇਤਰ ਤਿੰਨ ਥਾਵਾਂ 'ਤੇ ਵੰਡਿਆ ਗਿਆ। ਦੇਸ਼ ਵਿੱਚ ਆਜ਼ਾਦੀ ਮਿਲਣ ਕਰਕੇ ਖੁਰਾਣਾ ਵਾਪਸ ਭਾਰਤ ਆ ਕੇ ਨੌਕਰੀ ਕਰਨਾ ਚਾਹੁੰਦਾ ਸੀ, ਪਰ ਇੱਥੇ ਵੀ ਇਤਿਹਾਸ ਫਿਰ ਦੁਹਰਾਇਆ ਗਿਆ । ਉਸ ਨੇ ਦਿੱਲੀ ਯੂਨੀਵਰਸਿਟੀ ਵਿੱਚ ਨੌਕਰੀ ਲਈ ਅਰਜ਼ੀ ਭੇਜੀ। ਖੁਰਾਣਾ ਨੂੰ ਇਸ ਨੌਕਰੀ ਲਈ ਇਕ ਯੋਗ ਉਮੀਦਵਾਰ ਨਾ ਸਮਝਿਆ ਗਿਆ । ਇਸ ਤੋਂ ਬਾਅਦ ਖੁਰਾਣੇ ਨੇ ਭਾਰਤ ਵੱਲ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ ਉਹ ਇੰਗਲੈਂਡ ਚਲਾ ਗਿਆ । ਇਸ ਗੱਲ ਨੂੰ ਇਤਫ਼ਾਕ ਸਮਝੋ ਕਿ ਉਸ ਸਮੇਂ ਕੈਂਬਰਿਜ ਦੇ ਮਹਾਨ ਵਿਗਿਆਨੀ ਡਾ. ਐਲਗਜ਼ੈਂਡਰ, ਜੋ ਆਪ ਵੀ ਨੋਬਲ ਇਨਾਮ ਜੇਤੂ ਸੀ, ਉਸ ਨੇ ਸਹੀ ਢੰਗ ਨਾਲ ਪਹਿਲਾਂ ਖੁਰਾਣਾ ਨੂੰ ਪਛਾਣਿਆ ਤੇ ਉਸ ਵਿੱਚ ਬੇਮਿਸਾਲ ਪ੍ਰਤਿਭਾ ਦੇਖ ਕੇ ਉਸ ਨੂੰ ਖੋਜ ਲਈ ਫੈਲੋਸ਼ਿਪ ਪ੍ਰਦਾਨ ਕੀਤੀ । 1952 ਵਿੱਚ ਉਹ ਬ੍ਰਿਟਿਸ਼ ਕੋਲੰਬੀਆ ਵਿੱਚ ਜੈਵਿਕ ਰਸਾਇਣ ਵਿਗਿਆਨ ਵਿਭਾਗ ਦਾ ਮੁਖੀ ਬਣਿਆ । ਕੋਈ ਦਸ ਸਾਲ ਉਹ ਇੱਥੇ ਖੋਜ ਕਰਦਾ ਰਿਹਾ, ਫਿਰ ਉਹ ਇੰਸਟੀਚਿਊਟ ਆਫ ਇੰਜ਼ਾਈਮ ਮੈਡੀਸੇਨ ਦਾ ਡਾਇਰੈਕਟਰ ਬਣਿਆ ਤੇ ਫਿਰ ਉਹ ਵੈਸਕਾਨਸਿਨ ਵਿਸ਼ਵਵਿਦਿਆਲੇ ਵਿੱਚ ਪ੍ਰੋਫ਼ੈਸਰ ਆਫ ਲਾਈਫ਼ ਸਾਇੰਸਜ਼ ਬਣ ਗਿਆ। ਜਿੱਥੇ ਉਸ ਨੇ 89 ਸਾਲ ਦੀ ਉਮਰ ਵਿੱਚ ਆਖਰੀ ਸਾਹ ਲਿਆ । ਜਦੋਂ ਖੁਰਾਣਾ ਨੂੰ ਨੋਬਲ ਪੁਰਸਕਾਰ ਮਿਲਿਆ ਤਾਂ ਭਾਰਤੀ ਮੂਲ ਦਾ ਹੋਣ ਕਰਕੇ ਦੇਸ਼ ਅੰਦਰ ਵਧਾਈਆਂ ਦਾ ਤਾਂਤਾ ਲੱਗ ਗਿਆ, ਪਰ ਉਹ ਇਸ ਮਿੱਟੀ ਦਾ ਬਣਿਆ ਹੋਇਆ ਸੀ ਕਿ ਉਹ ਭਾਰਤ ਨਹੀਂ ਆਇਆ । ਉਸ ਦੇ ਇਕ ਅਮਰੀਕਨ ਦੋਸਤ ਨੇ ਲਿਖਿਆ ਕਿ 'ਖੁਰਾਣਾ ਵੈਸੇ ਤਾਂ ਇਕ ਠੰਢੇ ਸੁਭਾਅ ਵਾਲਾ ਹੈ ਪਰ ਜਦੋਂ ਭਾਰਤ ਦੀ ਗੱਲ ਚਲਦੀ ਹੈ ਉਸ ਨੂੰ ਕੌੜ ਚੜ੍ਹ ਜਾਂਦੀ ਹੈ।' ਭਾਰਤੀ ਮੂਲ ਦੇ ਨੋਬਲ ਪੁਰਸਕਾਰ ਜੇਤੂ ਹਰਗੋਬਿੰਦ

ਖੁਰਾਣਾ ਦੀ ਮਾਰਮਿਕ ਜੀਵਨ ਕਹਾਣੀ ਤੋਂ ਭਾਰਤ ਸਰਕਾਰ ਨੂੰ ਹੁਣ ਇਕ ਸਬਕ ਸਿੱਖਣ ਦੀ ਲੋੜ ਹੈ ਕਿ ਉੱਚ ਸਿੱਖਿਆ ਤੇ ਗਿਆਨ ਵਾਲੇ ਲੋਕਾਂ ਨੂੰ ਕਿਸ ਤਰ੍ਹਾਂ ਦੇਸ਼ ਲਈ ਬਚਾ ਕੇ ਰੱਖਣਾ ਜ਼ਰੂਰੀ ਹੈ ਤੇ ਕਿਸੇ ਦੇ ਸਨਮਾਨ ਨੂੰ ਠੇਸ ਪਹੁੰਚਾ ਕੇ ਬੁੱਧੀ ਦੇ ਇਸ ਖੋਰੇ ਨੂੰ ਕਿਸ ਢੰਗ ਨਾਲ ਬਚਾਇਆ ਜਾਵੇ ।


274 ਏ ਐਕਸ ਮਾਡਲ ਟਾਊਨ
ਐਕਸਟੈਨਸ਼ਨ ਲੁਧਿਆਣਾ
ਮੋ: 98152-55295


(ਰੋ: ਅਜੀਤ 09-01-2019 'ਚੋਂ ਧੰਨਵਾਦ ਸਹਿਤ !)



# ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਉਪਾਸ਼ਕ ਸਨ ਬਾਬਾ ਜੋਰਾ ਸਿੰਘ ਲੱਖਾ

**ਜਸਵਿੰਦਰ ਸਿੰਘ ਛਿੰਦਾ**

ਪੂਰੀ ਦੁਨੀਆਂ ਦੀ ਸਿੱਖ ਸੰਗਤ ਨੂੰ ਗੁਰਦੁਆਰਾ ਮੈਹਦੇਆਣਾ ਸਾਹਿਬ ਵੱਲ ਆਕਰਸ਼ਿਤ ਕਰਨ ਵਾਲੇ ਇਸ ਅਸਥਾਨ ਦੇ ਬਾਨੀ, ਮੁੱਖ ਸੇਵਾਦਾਰ ਸੱਚਖੰਡ ਵਾਸੀ ਬਾਬਾ ਜੋਰਾ ਸਿੰਘ ਲੱਖਾ ਦਾ ਜਨਮ, ਲੁਧਿਆਣਾ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਲੱਖਾ ਵਿਖੇ ਜ਼ਿਮੀਂਦਾਰ ਘਰਾਣੇ 'ਚ ਪਿਤਾ ਨਿੱਕਾ ਸਿੰਘ ਧਾਲੀਵਾਲ ਦੇ ਘਰ ਮਾਤਾ ਚੰਦ ਕੌਰ ਦੀ ਕੁੱਖੋਂ 1924 ਨੂੰ ਹੋਇਆ । ਬਾਬਾ ਜੋਰਾ ਸਿੰਘ ਲੱਖਾ ਦੇ ਪੰਜ ਭਰਾ ਤੇ ਦੋ ਭੈਣਾਂ ਸਨ । ਸੁਰਤ ਸੰਭਾਲਦਿਆਂ ਹੀ ਉਹ ਪਿਤਾ ਪੁਰਖੀ ਧੰਦੇ ਖੇਤੀਬਾੜੀ ਵਿੱਚ ਆਪਣੇ ਭਰਾਵਾਂ ਨਾਲ ਕੰਮ ਕਰਨ ਲੱਗੇ । ਉਹ ਸ਼ੁਰੂ ਤੋਂ ਹੀ ਤੇਜ਼ ਤਰਾਰ, ਉੱਦਮੀ ਤੇ ਹੌਸਲੇ ਵਾਲੇ ਸਨ ਅਤੇ ਹਰ ਵਕਤ ਕੁਝ ਵੱਖਰਾ ਕਰਨ ਦੀ ਸੋਚਦੇ ਸਨ । ਦੇਸ਼ ਦੀ ਵੰਡ ਸਮੇਂ ਉਨ੍ਹਾਂ ਦੀ ਉਮਰ 23 ਕੁ ਸਾਲ ਦੀ ਸੀ ਅਤੇ ਮੁਰੱਬੇਬੰਦੀ ਸਮੇਂ ਉਨ੍ਹਾਂ ਨੇ ਉੱਦਮ ਕਰਦਿਆਂ ਕਾਫ਼ੀ ਜ਼ਮੀਨ ਖ਼ਰੀਦ ਲਈ ਅਤੇ ਉਜਾੜ ਜ਼ਮੀਨ ਨੂੰ ਵਾਹੀਯੋਗ ਬਣਾ ਕੇ ਖੇਤੀਬਾੜੀ ਕਰਨੀ ਸ਼ੁਰੂ ਕੀਤੀ । ਇਸ ਤੋਂ ਇਲਾਵਾ ਉਹ ਹੋਰ ਵੀ ਕਈ ਕੰਮ ਧੰਦਿਆਂ ਵਿੱਚ ਲੱਗੇ ਰਹਿੰਦੇ ਅਤੇ ਇਸੇ ਤਰ੍ਹਾਂ ਉਨ੍ਹਾਂ ਨੇ ਉੱਤਰ ਪ੍ਰਦੇਸ਼ ਵਿੱਚ ਵੀ ਜ਼ਮੀਨ ਖ਼ਰੀਦ ਕੇ ਉੱਥੇ ਵੀ ਖੇਤੀ ਕਰਨੀ ਸ਼ੁਰੂ ਕੀਤੀ । ਉਨ੍ਹਾਂ ਦਾ ਵਿਆਹ ਪਿੰਡ ਦੇਹੜਕਾ ਵਿਖੇ ਪ੍ਰਤਾਪ ਸਿੰਘ ਖਹਿਰਾ ਦੇ ਘਰ ਹਰਦਿਆਲ ਕੌਰ ਨਾਲ ਹੋਇਆ, ਜਿਨ੍ਹਾਂ ਤੋਂ ਉਨ੍ਹਾਂ ਦੇ ਘਰ ਚਾਰ ਪੁੱਤਰ ਤੇ ਇਕ ਧੀ ਨੇ ਜਨਮ ਲਿਆ ।

ਬਾਬਾ ਜੋਰਾ ਸਿੰਘ ਲੱਖਾ ਪਹਿਲਾਂ ਆਮ ਵਿਅਕਤੀ ਦੀ ਤਰ੍ਹਾਂ ਹੀ ਜੀਵਨ ਬਤੀਤ ਕਰਦੇ ਸਨ । ਉਨ੍ਹਾਂ ਦੀ ਜ਼ਿੰਦਗੀ ਵਿੱਚ ਉਦੋਂ ਇਕ ਨਵਾਂ ਮੋੜ ਆਇਆ ਜਦ ਉਹ ਇਕ ਦਿਨ ਮਾਣੂੰਕੇ, ਦੇਹੜਕਾ, ਮੱਲ੍ਹਾ, ਲੱਖਾ ਤੇ ਚਕਰ ਵਿਚਕਾਰ ਬਣੀ ਇਕ ਝਿੜੀ (ਜਿੱਥੇ ਗੁਰਦੁਆਰਾ ਮੈਹਦੇਆਣਾ ਸਾਹਿਬ ਹੈ) ਵਿਖੇ ਪੁੱਜੇ । ਇੱਥੇ ਉਨ੍ਹਾਂ ਨੇ ਦੇਖਿਆ ਕੇ ਇਕ ਕੱਚਾ ਕੋਠਾ ਸੀ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਸੁੱਖ ਆਸਣ ਕੀਤੇ ਹੋਏ ਸਨ ਅਤੇ ਮਿੱਟੀ ਘੱਟਾ ਵੀ ਲੋਹੜੇ ਦਾ ਪਿਆ ਸੀ। ਬਾਹਰ ਪਿੱਪਲ ਤੇ ਬੋਹੜ ਦੇ ਦਰੱਖਤਾਂ ਉੱਪਰ ਗਿਰਝਾਂ, ਇੱਲਾਂ, ਘੋਗੜ, ਉੱਲੂਆਂ ਨੇ ਡੇਰੇ ਲਾਏ ਹੋਏ ਸਨ ਅਤੇ ਹੇਠਾਂ ਗੰਦ ਹੀ ਗੰਦ ਖਿਲਰਿਆ ਪਿਆ ਸੀ । ਇਹ ਸਭ ਦੇਖ ਉਨ੍ਹਾਂ

ਨੂੰ ਇਕ ਵੱਡਾ ਝਟਕਾ ਲੱਗਾ, ਧੁਰ ਅੰਦਰ ਤਕ ਝੰਜੋੜਿਆ ਗਿਆ। ਮਨ ਹੀ ਮਨ ਖ਼ਿਆਲ ਆਏ ਕਿ ਜਿਸ ਗੁਰੂ ਨੇ ਸਿੱਖ ਕੌਮ ਲਈ ਸਰਬੰਸ ਕੁਰਬਾਨ ਕਰ ਦਿੱਤਾ, ਉਨ੍ਹਾਂ ਦੀ ਚਰਨ ਛੋਹ ਪ੍ਰਾਪਤ ਇਸ ਅਸਥਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰਿਆ ਨਹੀਂ ਜਾ ਰਿਹਾ । ਬਾਬਾ ਜੋਰਾ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਅਰਦਾਸ ਕੀਤੀ ਕਿ ਸੱਚੇ ਪਾਤਿਸ਼ਾਹ ਅੱਜ ਉਹ ਜਿਸ ਮੁਸੀਬਤ ਵਿੱਚ ਫਸਿਆ ਹੈ, ਉਸ ਵਿੱਚੋਂ ਹੱਥ ਦੇ ਕੇ ਰੱਖ ਲੈ, ਉਹ ਇਸ ਅਸਥਾਨ ਦੀ ਸੇਵਾ ਵਿੱਚ ਆਪਣੀ ਜ਼ਿੰਦਗੀ ਲਾ ਦੇਵੇਗਾ। ਪਰਮਾਤਮਾ ਨੇ ਉਨ੍ਹਾਂ ਦੀ ਅਰਦਾਸ ਸੁਣੀ, ਜਿੱਥੇ ਉਨ੍ਹਾਂ ਨੂੰ ਉਸ ਮੁਸੀਬਤ ਵਿੱਚੋਂ ਬਚਾ ਲਿਆ, ਜੀਵਨ ਨੂੰ ਇਕ ਨਵੀਂ ਸੇਧ ਦਿੱਤੀ । ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਅਥਾਹ ਵਿਸ਼ਵਾਸ ਪੈਦਾ ਹੋ ਗਿਆ ਅਤੇ ਉਨ੍ਹਾਂ ਨੇ 1972 ਤੋਂ ਇਸ ਅਸਥਾਨ ਦੀ ਸੇਵਾ ਸੰਭਾਲ ਸ਼ੁਰੂ ਕਰ ਦਿੱਤੀ ।

ਇਸ ਅਸਥਾਨ ਦੀ ਜਗ੍ਹਾ ਬਹੁਤ ਘੱਟ ਸੀ, ਇਸ ਕਰਕੇ ਉਨ੍ਹਾਂ ਨੇ ਨੇੜਲੇ ਕਿਸਾਨਾਂ ਦੀ ਇਸ ਅਸਥਾਨ ਨਾਲ ਲੱਗਦੀ ਜ਼ਮੀਨ ਹੌਲੀ-ਹੌਲੀ ਖ਼ਰੀਦ ਕੇ ਇਸ ਅਸਥਾਨ ਦਾ ਘੇਰਾ ਵਧਾਇਆ ਅਤੇ ਇੱਥੇ ਗੁਰਦੁਆਰਾ ਸਾਹਿਬ ਦੀ ਨੀਂਹ ਬਾਬਾ ਨਰੈਣ ਸਿੰਘ ਦੀ ਅਗਵਾਈ ਵਿੱਚ ਰਖਵਾਈ । ਗੁਰਦੁਆਰਾ ਸਾਹਿਬ ਬਣਨ ਉਪਰੰਤ ਉਹਨਾਂ ਨੇ ਇਸ ਨੂੰ ਦੁਨੀਆਂ ਦੀਆਂ ਨਜ਼ਰਾਂ ਵਿੱਚ ਇਕ ਅਜੂਬਾ ਬਣਾਉਣ ਦੇ ਸੁਪਨੇ ਸਜੋਏ, ਹਰ ਦਿਨ ਨਵਾਂ ਕਰਨ ਵਿੱਚ ਲੱਗੇ ਰਹਿੰਦੇ । ਇਸ ਲਈ ਸਿੱਖੀ ਦਾ ਪ੍ਰਚਾਰ ਕਰਨ ਹਿੱਤ ਉਨ੍ਹਾਂ ਨੇ ਇੱਥੇ ਗੁਰੂਆਂ, ਸਿੰਘ-ਸੂਰਮਿਆਂ ਦੀਆਂ ਮਹਾਨ ਕੁਰਬਾਨੀਆਂ ਨੂੰ ਦਰਸਾਉਣ ਲਈ ਸਿੱਖ ਅਜਾਇਬ ਘਰ ਤੇ ਨਾਲ ਹੀ ਆਦਮ ਕੱਦ ਮੂਰਤੀਆਂ ਬਣਵਾ ਕੇ ਗੌਰਵਮਈ ਸਿੱਖ ਵਿਰਸੇ ਨੂੰ ਸੰਭਾਲਣ ਦਾ ਵੱਡਾ ਉਪਰਾਲਾ ਕੀਤਾ । ਇੱਥੇ ਗੁਰੂ ਜੀ ਦੇ ਸਮੇਂ ਜੋ ਛੱਪੜੀ ਸੀ, ਉਸ ਨੂੰ ਪਵਿੱਤਰ ਸਰੋਵਰ ਬਣਾਇਆ । ਗੁਰਦੁਆਰਾ ਸਾਹਿਬ ਦੇ ਚੁਫੇਰੇ ਕਿਲ੍ਹਾ-ਨੁਮਾ ਦੀਵਾਰ ਬਣਾਉਣੀ ਸ਼ੁਰੂ ਕੀਤੀ । ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਣਾਇਆ ।

ਬਾਬਾ ਜੋਰਾ ਸਿੰਘ ਲੱਖਾ ਪਿੰਡ ਦੇ 20 ਸਾਲ ਸਰਪੰਚ ਰਹੇ, ਬਲਾਕ ਸੰਮਤੀ ਮੈਂਬਰ ਰਹੇ । ਸਰਪੰਚੀ ਦੌਰਾਨ ਉਨ੍ਹਾਂ ਨੇ ਪਿੰਡ ਲੱਖਾ ਤੋਂ ਗੁਰਦੁਆਰਾ ਮੈਹਦੇਆਣਾ ਸਾਹਿਬ ਤਕ ਰਾਹ ਕਢਵਾ ਕੇ ਪੱਕੀ ਸੜਕ ਬਣਵਾਈ । ਪਿੰਡ ਵਿੱਚ ਬਿਜਲੀ ਘਰ ਲਿਆਉਣਾ, 10ਵੀਂ ਤਕ ਸਕੂਲ ਬਣਾਉਣਾ, ਸੜਕਾਂ ਬਣਵਾਈਆਂ। ਉਨ੍ਹਾਂ ਨੂੰ ਪ੍ਰਧਾਨ ਮੰਤਰੀ ਐਚ.ਡੀ. ਦੇਵਗੌੜਾ ਵੱਲੋਂ ਵਿਸ਼ੇਸ਼



ਤੌਰ 'ਤੇ ਸਨਮਾਨਿਤ ਕੀਤਾ ਗਿਆ। ਉਹ 1980 ਵਿੱਚ ਕੈਨੇਡਾ ਚਲੇ ਗਏ, ਪਰ ਉਨ੍ਹਾਂ ਦਾ ਮਨ ਇਸ ਅਸਥਾਨ 'ਚ ਹੀ ਲੱਗਿਆ ਰਹਿੰਦਾ । ਵੈਰਾਗ ਅਵਸਥਾ 'ਚ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਅਰਦਾਸਾਂ ਕਰਦੇ ਰਹਿੰਦੇ ਕਿ 'ਸੱਚੇ ਪਾਤਿਸ਼ਾਹ ਮੈਂ ਮਨ ਕਰਕੇ ਭਾਵੇਂ ਤੁਹਾਡੇ ਚਰਨਾਂ ਵਿੱਚ ਹਾਂ ਪਰ ਸਰੀਰਕ ਤੌਰ 'ਤੇ ਤੁਹਾਡੇ ਅਸਥਾਨ ਤੋਂ ਬਹੁਤ ਦੂਰ ਹਾਂ । ਮੈਂ ਆਪ ਜੀ ਦੇ ਸ੍ਰੀ ਅਨੰਦਪੁਰ ਸਾਹਿਬ ਦੇ ਵਿਛੋੜੇ ਦੇ ਵੈਰਾਗਮਈ ਪਲਾਂ ਦੀ ਯਾਦ ਸੰਗਤਾਂ ਨਾਲ ਸਾਂਝਾ ਕਰਨ ਲਈ ਪੈਦਲ ਮਾਰਚ ਕਰਨੀ ਚਾਹੁੰਦਾ ਹਾਂ, ਸੋ ਕ੍ਰਿਪਾ ਕਰਕੇ ਆਪਣੇ ਚਰਨਾਂ ਵਿੱਚ ਬੁਲਾਉ ।

ਉਨ੍ਹਾਂ ਨੇ 1994 ਤੋਂ ਸ੍ਰੀ ਅਨੰਦਪੁਰ ਸਾਹਿਬ ਤੋਂ 6-7 ਪੋਹ ਦੀ ਰਾਤ ਤੋਂ ਕਿਲ੍ਹਾ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣ ਦੇ ਗੁਰੂ ਜੀ ਦੇ ਵੈਰਾਗਮਈ ਇਤਿਹਾਸਕ ਦਿਹਾੜੇ ਨੂੰ ਸਮਰਪਿਤ **'ਅਲੌਕਿਕ ਦਸਮੇਸ਼ ਪੈਦਲ ਮਾਰਚ'** ਆਰੰਭ ਕੀਤਾ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ 'ਤੇ ਨਿਰੰਤਰ 24 ਸਾਲਾਂ ਤੋਂ ਇਕ ਕਾਫ਼ਲੇ ਦੇ ਰੂਪ ਵਿੱਚ ਚੱਲਦਾ ਆ ਰਿਹਾ ਹੈ, ਜਿਸ ਦਾ ਸਫ਼ਰ ਇਕ ਮਹੀਨਾ ਚਲਦਾ ਹੈ। ਪਿਛਲੇ ਸਾਲ ਇਹ 23ਵੇਂ ਪੈਦਲ ਮਾਰਚ ਦੀ ਸਮਾਪਤੀ ਦੇ ਆਖ਼ਰੀ ਦਿਨ 29 ਜਨਵਰੀ 2018 ਨੂੰ ਸਮਾਪਤੀ ਤੋਂ ਬਾਅਦ ਗੁਰਦੁਆਰਾ ਮੈਹਦੇਆਣਾ ਸਾਹਿਬ ਪੁੱਜੇ ਤੇ ਰਾਤ 12 ਵਜੇ ਅਚਾਨਕ ਹੀ ਅਕਾਲ ਚਲਾਣਾ ਕਰ ਗਏ । ਉਨ੍ਹਾਂ ਦੀ ਪਹਿਲੀ ਬਰਸੀ ਨੂੰ ਸਮਰਪਿਤ ਗੁਰਦੁਆਰਾ ਮੈਹਦੇਆਣਾ ਸਾਹਿਬ ਵਿਖੇ 29 ਜਨਵਰੀ 2019 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਮੁੱਖ ਸੇਵਾਦਾਰ ਭਾਈ ਕੁਲਵੰਤ ਸਿੰਘ ਲੱਖਾ ਦੀ ਦੇਖ-ਰੇਖ ਹੇਠ ਕੀਰਤਨ ਤੇ ਸ਼ਰਧਾਂਜਲੀ ਸਮਾਗਮ ਹੋ ਰਹੇ ਹਨ; ਜਿਸ ਵਿੱਚ ਸੰਤ-ਮਹਾਂਪੁਰਸ਼, ਰਾਜਸੀ, ਧਾਰਮਿਕ ਤੇ ਸਮਾਜਿਕ ਆਗੂ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪੁੱਜ ਰਹੇ ਸਨ ।

ਪੱਤਰ ਪ੍ਰੇਰਕ ਹਨੂਰ

ਮੋ : 98721-93320

(ਰੋ: ਅਜੀਤ 29-01-2019 'ਚੋਂ ਧੰਨਵਾਦ ਸਹਿਤ !)

# ਬਹੁਚਰਚਿਤ ਤੇ ਵਚਿੱਤਰ ਭੌਤਿਕ ਵਿਗਿਆਨੀ

**ਡਾ. ਕੁਲਦੀਪ ਸਿੰਘ ਧੀਰ**

ਸਟੀਫਨ ਹਾਕਿੰਗ ਅਜੋਕੇ ਸਮੇਂ ਵਿੱਚ ਭੌਤਿਕ ਵਿਗਿਆਨ ਦੇ ਖੇਤਰ ਦਾ ਮੋਹਰੀ ਨਾਂ ਹੈ, ਜਿਸ ਨੂੰ ਉਸਦੇ ਬਚਪਨ ਦੇ ਸਾਥੀ ਆਇੰਸਟਾਈਨ ਨਾਲ ਤਸ਼ਬੀਹ ਦਿੰਦੇ ਸਨ । 14 ਮਾਰਚ ਨੂੰ ਚਲਾਣਾ ਕਰ ਗਏ ਇਸ ਵਿਗਿਆਨੀ ਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਵੇਰਵੇ ਸਾਂਝੇ ਕਰਦੀ ਹੈ ਇਹ ਰਚਨਾ ।

ਅਸੀਂ ਤਾਰੀਖ਼, ਮਹੀਨਾ ਦੱਸਣ ਵੇਲੇ ਤਾਰੀਖ਼ ਪਹਿਲਾਂ ਤੇ ਮਹੀਨਾ ਪਿੱਛੋਂ ਦੱਸਦੇ ਹਾਂ । ਇੰਗਲੈਂਡ, ਅਮਰੀਕਾ ਵਿੱਚ ਮਹੀਨਾ ਪਹਿਲਾਂ ਤੇ ਤਾਰੀਖ਼ ਪਿੱਛੋਂ । ਮਾਰਚ 14 ਨੂੰ ਜਦੋਂ ਸਾਡੇ ਸਮਿਆਂ ਦੇ ਬਹੁਚਰਚਿਤ ਤੇ ਵਚਿੱਤਰ ਸਿਧਾਂਤਕ ਭੌਤਿਕ ਵਿਗਿਆਨੀ ਸਟੀਫਨ ਹਾਕਿੰਗ ਦੀ ਮੌਤ ਦੀ ਖ਼ਬਰ ਆਈ ਤਾਂ ਪੱਛਮ ਦੇ ਵਿਗਿਆਨੀਆਂ ਨੇ ਇਸ ਨੂੰ ਪਾਈ ਡੇਅ ਕਿਹਾ । ਪਾਈ ਚੱਕਰ ਦੇ ਖੇਤਰਫਲ/ਘੇਰੇ ਤੇ ਅਰਧ-ਵਿਆਸ ਦਾ ਸੰਬੰਧ ਜੋੜਨ ਵਾਲਾ ਸਥਿਰ ਅੰਕ (3.14) ਹੈ ਯਾਨੀ ਇਸ ਵਚਿੱਤਰ ਵਿਗਿਆਨੀ ਦੀ ਮੌਤ ਵੀ ਵਚਿੱਤਰ ਅੰਕ ਨਾਲ ਜੁੜ ਗਈ । ਉਂਞ, ਉਸ ਦੀ ਮੌਤ 76 ਸਾਲ ਦੀ ਉਮਰ ਵਿੱਚ ਪਾਈ ਡੇਅ ਉੱਤੇ ਹੋਈ ਹੈ । ਵੀਹਵੀਂ ਸਦੀ ਦੇ ਵੱਡੇ ਵਿਗਿਆਨੀ ਆਇੰਸਟਾਈਨ ਦੀ ਮੌਤ ਵੀ 76 ਸਾਲ ਦੀ ਉਮਰੇ ਪਾਈ ਡੇਅ ਨੂੰ ਹੀ ਹੋਈ ਸੀ । ਇੱਕ ਹੋਰ ਮਜ਼ੇਦਾਰ ਗੱਲ ਵੇਖੋ । ਹਾਕਿੰਗ ਦਾ ਜਨਮ 8 ਜਨਵਰੀ 1942 ਨੂੰ ਹੋਇਆ ਉਸ ਤੋਂ ਠੀਕ ਤਿੰਨ ਸੌ ਸਾਲ ਪਹਿਲਾਂ ਮਹਾਨ ਵਿਗਿਆਨੀ ਗੈਲੀਲੀਓ ਦੀ ਮੌਤ 8 ਜਨਵਰੀ 1642 ਨੂੰ ਹੋਈ । ਕਮਾਲ ਦੀ ਗੱਲ ਇਹ ਹੈ ਕਿ 1642 ਦੀ ਕ੍ਰਿਸਮਿਸ ਵਾਲੇ ਦਿਨ ਹੀ ਇੱਕ ਹੋਰ ਵੱਡੇ ਵਿਗਿਆਨੀ ਨਿਊਟਨ ਦਾ ਜਨਮ ਹੋਇਆ । ਇਹ ਕੁਦਰਤ ਦਾ ਕ੍ਰਿਸ਼ਮਾ ਕਹੋ ਅਤੇ ਭਾਵੇਂ ਇਤਫ਼ਾਕ, ਇੰਨਾ ਜ਼ਰੂਰ ਹੈ ਕਿ ਨਿਊਟਨ, ਗੈਲੀਲੀਓ, ਆਇੰਸਟਾਈਨ ਅਤੇ ਸਟੀਫਨ ਹਾਕਿੰਗ ਤਰੀਕਾਂ, ਮਹੀਨਿਆਂ ਤੇ ਸਾਲਾਂ ਜ਼ਰੀਏ ਵਚਿੱਤਰ ਤਰੀਕੇ ਨਾਲ ਇੱਕ ਦੂਜੇ ਨਾਲ ਜੁੜੇ ਹੋਏ ਹਨ। ਕਿਸੇ ਸਮੇਂ ਜਦੋਂ ਹਾਕਿੰਗ ਚਰਚਾ ਦਾ ਬਿੰਦੂ ਬਣਿਆ ਸੀ, ਉਸ ਦੇ ਜਨਮ ਦੀ ਮਿਤੀ ਨੇ ਇਸ ਗੱਲ ਵੱਲ ਧਿਆਨ ਆਕਰਸ਼ਿਤ ਕੀਤਾ । ਉਸ ਦੀ ਮੌਤ ਨੇ ਇੱਕ ਵਾਰ ਮੁੜ ਇਸ ਤੱਥ ਵੱਲ ਧਿਆਨ ਆਕਰਸ਼ਿਤ ਕੀਤਾ ਹੈ । ਚਲੋ, ਇਸ ਵਚਿੱਤਰ ਵਿਗਿਆਨੀ ਦੇ ਜੀਵਨ ਅਤੇ ਪ੍ਰਾਪਤੀਆਂ ਉੱਤੇ ਝਾਤੀ ਮਾਰੀਏ ।

8 ਜਨਵਰੀ 1942 ਨੂੰ ਔਕਸਫੋਰਡ ਵਿੱਚ ਫਰੈਂਕ ਤੇ ਇਸਾਬੈਲ



ਹਾਕਿੰਗ ਦੇ ਘਰ ਸਟੀਫਨ ਹਾਕਿੰਗ ਦਾ ਜਨਮ ਹੋਇਆ । ਮਾਂ ਗਲਾਸਗੋ (ਸਕਾਟਲੈਂਡ) ਦੇ ਡਾਕਟਰਾਂ ਦੇ ਪਰਿਵਾਰ ਵਿੱਚੋਂ ਸੀ । ਪੜਦਾਦੇ ਦਾ ਸੰਬੰਧ ਯੌਰਕਸ਼ਾਇਰ ਦੇ ਕਹਿੰਦੇ-ਕਹਾਉਂਦੇ ਅਮੀਰ ਜ਼ਿਮੀਂਦਾਰ ਪਰਿਵਾਰ ਨਾਲ ਸੀ, ਪਰ ਪਿੱਛੋਂ ਜਾ ਕੇ ਉਹ ਦੀਵਾਲੀਆ ਹੋ ਗਿਆ । ਉਸ ਵੇਲੇ ਨਾਨਕੇ ਬਹੁੜੇ । ਉਨ੍ਹਾਂ ਹਾਕਿੰਗ ਪਰਿਵਾਰ ਦੇ ਘਰ ਇੱਕ ਸਕੂਲ ਬਣਵਾ ਕੇ ਫਰੈਂਕ ਤੇ ਇਸਾਬੈਲ ਦਾ ਹੱਥ ਸੌਖਾ ਕਰ ਦਿੱਤਾ । ਦੋਵੇਂ ਔਕਸਫੋਰਡ ਪੜ੍ਹੇ । ਫਰੈਂਕ ਨੇ ਮੈਡੀਸਨ ਪੜ੍ਹੀ ਅਤੇ ਇਸਾਬੈਲ ਨੇ ਫ਼ਿਲਾਸਫ਼ੀ, ਇਕਨੌਮਿਕਸ ਤੇ ਪੁਲੀਟੀਕਲ ਸਾਇੰਸ । ਸਟੀਫਨ ਦੀਆਂ ਦੋ ਨਿੱਕੀਆਂ ਭੈਣਾਂ ਫਿਲਿਪਾ ਤੇ ਮੇਰੀ ਸਨ । ਉਸ ਦੇ ਮਾਪਿਆਂ ਨੇ ਐਡਵਰਡ ਫਰੈਂਕ ਡੇਵਿਡ ਨਾਂ ਦਾ ਇਕ ਬੇਟਾ ਗੋਦ ਲੈ ਕੇ ਵੀ ਪਾਲਿਆ । 1950 ਵਿੱਚ ਫਰੈਂਕ ਨੈਸ਼ਨਲ ਇੰਸਟੀਚਿਊਟ ਫਾਰ ਮੈਡੀਕਲ ਰਿਸਰਚ ਦੇ ਪੈਰਾਸਾਈਟਾਲੋਜੀ ਵਿਭਾਗ ਦਾ ਮੁਖੀ ਬਣਿਆ ਤਾਂ ਸਾਰਾ ਪਰਿਵਾਰ ਸੇਂਟ ਐਲਬੈਨਜ਼ ਹਰਟਫੋਰਡਸ਼ਾਇਰ ਚਲਾ ਗਿਆ । ਉਨ੍ਹਾਂ ਦੇ ਗੁਆਂਢੀ ਇਸ ਪਰਿਵਾਰ ਨੂੰ ਵਾਹਵਾ ਸਿਆਣੇ, ਪਰ ਅਜੀਬ ਸਮਝਦੇ । ਹਰ ਸਮੇਂ ਕਿਤਾਬਾਂ ਪੜ੍ਹਨ ਦੇ ਖ਼ਬਤੀ ।

ਸਟੀਫਨ ਦੂਜੀ ਵਿਸ਼ਵ ਜੰਗ ਦੇ ਦਿਨਾਂ ਵਿੱਚ ਜੰਮਿਆ । ਉਨ੍ਹਾਂ ਦਿਨਾਂ ਵਿੱਚ ਔਕਸਫੋਰਡ ਉੱਤੇ ਬੰਬਾਰੀ ਦਾ ਖ਼ਤਰਾ ਵੱਧ ਸੀ । ਇਸ ਲਈ ਹਾਕਿੰਗ ਪਰਿਵਾਰ ਲੰਡਨ ਚਲਾ ਗਿਆ । ਉੱਥੇ ਹੀ ਸਟੀਫਨ ਦੀ ਸਕੂਲੀ ਪੜ੍ਹਾਈ ਸ਼ੁਰੂ ਹੋਈ । ਸ਼ੁਰੂਆਤ ਬਾਇਰਨ ਸਕੂਲ ਹਾਈਗੇਟ ਲੰਡਨ । ਅੱਠ ਸਾਲ ਦਾ ਹੋ ਕੇ ਉਹ ਕੁਝ ਮਹੀਨੇ ਲਈ ਸੇਂਟ ਐਲਬਨਜ਼ ਦੇ ਗਰਲਜ਼ ਸਕੂਲ ਵਿੱਚ ਦਾਖ਼ਲ ਹੋਇਆ । ਫਿਰ ਉਹ ਸੇਂਟ ਐਲਬਨਜ਼ ਦੇ ਲੜਕਿਆਂ ਦੇ ਸਕੂਲ ਤੇ ਰੈਡਲੈਟ ਸਕੂਲ ਵਿੱਚ ਪੜ੍ਹਿਆ । ਗਿਆਰਵੀਂ ਪੜ੍ਹਨ ਪਿੱਛੋਂ ਪਿਤਾ ਨੇ ਚਾਹਿਆ ਕਿ ਸਟੀਫਨ ਨੂੰ ਵੈਸਟਮਿੰਸਟਰ ਦੇ ਵਧੀਆ ਸਕੂਲ ਵਿੱਚ ਦਾਖ਼ਲ ਕਰਵਾਏ । ਇਮਤਿਹਾਨ ਵਾਲੇ ਦਿਨ ਸਟੀਫਨ ਬਿਮਾਰ ਹੋ ਗਿਆ ਤੇ ਦਾਖ਼ਲਾ ਰਹਿ ਗਿਆ । ਇਸ ਲਈ ਉਹ ਸੇਂਟ ਐਲਬਨਜ਼ ਹੀ ਪੜ੍ਹੀ ਗਿਆ । ਭਾਵੇਂ ਸਕੂਲ ਵਿੱਚ ਸਟੀਫਨ ਦੇ ਜਮਾਤੀ ਉਸ ਨੂੰ ਆਇੰਸਟਾਈਨ ਆਖਦੇ, ਪਰ ਪੜ੍ਹਾਈ ਲਿਖਾਈ ਵਿੱਚ ਉਹ ਬਹੁਤਾ ਤੇਜ਼ ਨਹੀਂ ਸੀ । ਉਸ ਦਾ ਗਣਿਤ ਦਾ ਪ੍ਰੋਫ਼ੈਸਰ ਚਾਹੁੰਦਾ ਸੀ ਕਿ ਉਹ ਗਣਿਤ ਦੀ ਉਚੇਰੀ ਪੜ੍ਹਾਈ ਕਰੇ ਤੇ ਪਿਤਾ ਚਾਹੁੰਦਾ ਸੀ ਕਿ ਉਹ ਮੈਡੀਸਨ ਦੇ ਖੇਤਰ ਵਿੱਚ ਪਵੇ । ਪਿਤਾ ਆਪਣੇ ਵਾਂਗ ਉਸ ਨੂੰ ਔਕਸਫੋਰਡ ਭੇਜਣਾ ਚਾਹੁੰਦਾ ਸੀ । ਮੈਡੀਸਨ ਵਿੱਚ ਸਟੀਫਨ ਦੀ ਰੁਚੀ ਨਹੀਂ ਸੀ । ਗਣਿਤ ਦੀ ਉਚੇਰੀ ਪੜ੍ਹਾਈ ਦਾ ਪ੍ਰਬੰਧ ਉਦੋਂ ਔਕਸਫੋਰਡ ਵਿੱਚ ਨਹੀਂ ਸੀ । ਇਸ ਲਈ ਸਟੀਫਨ ਨੇ ਫਿਜ਼ਿਕਸ, ਕੈਮਿਸਟਰੀ ਹੀ

ਪੜ੍ਹਨੀ ਸ਼ੁਰੂ ਕਰ ਦਿੱਤੀ । ਇਹ 1959 ਦੀ ਗੱਲ ਹੈ ।

ਪਹਿਲੇ ਅਠਾਰਾਂ ਮਹੀਨੇ ਉਸ ਨੂੰ ਔਕਸਫੋਰਡ ਦੀ ਪੜ੍ਹਾਈ ਬੋਰਿੰਗ, ਪਰ ਅਤਿ ਸੌਖੀ ਲੱਗੀ । ਇਸ ਉਪਰੰਤ ਉਸ ਨੇ ਪੜ੍ਹਾਈ ਦੇ ਨਾਲ-ਨਾਲ ਸੰਗੀਤ ਤੇ ਹੋਰ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ । ਉਸ ਨੇ ਕਾਲਜ ਦਾ ਬੋਟ ਕਲੱਬ ਜਾਇਨ ਕਰ ਲਿਆ ਤੇ ਬੋਟਿੰਗ ਵੇਲੇ ਖ਼ਤਰੇ ਮੁੱਲ ਲੈਣ ਵਿੱਚ ਆਨੰਦ ਲੈਂਦਾ ।

ਹਾਕਿੰਗ ਦੇ ਆਪਣੇ ਕਹੇ ਅਨੁਸਾਰ ਔਕਸਫੋਰਡ ਦੇ ਤਿੰਨ ਸਾਲਾਂ ਵਿੱਚ ਕੇਵਲ ਇੱਕ ਹਜ਼ਾਰ ਘੰਟੇ ਪੜ੍ਹਨ ਵਿੱਚ ਲਾਏ । ਬਾਕੀ ਮੌਜ਼-ਮਸਤੀ ਕੀਤੀ । ਇੰਨੇ ਨਾਲ ਔਕਸਫੋਰਡ ਦੀ ਅੰਤਿਮ ਪ੍ਰੀਖਿਆ ਪਾਸ ਕਰਨੀ ਸੌਖੀ ਨਹੀਂ ਸੀ । ਉਸ ਨੇ ਫ਼ੈਸਲਾ ਕੀਤਾ ਕਿ ਕੇਵਲ ਸਿਧਾਂਤਕ ਭੌਤਿਕ ਵਿਗਿਆਨ ਦੇ ਪ੍ਰਸ਼ਨਾਂ ਦਾ ਉੱਤਰ ਦੇਵੇ, ਬਾਕੀ ਗੱਲਾਂ ਉਸ ਦੇ ਵੱਸ ਨਹੀਂ । ਕੈਂਬਰਿਜ ਵਿੱਚ ਦਾਖ਼ਲੇ ਲਈ ਇੱਥੋਂ ਫਸਟ ਕਲਾਸ ਜ਼ਰੂਰੀ ਸੀ । ਕੈਂਬਰਿਜ ਵਿੱਚ ਉਸ ਨੇ ਕੌਸਮੋਲੋਜੀ (ਬ੍ਰਹਿਮੰਡ ਵਿਗਿਆਨ) ਪੜ੍ਹਨੀ ਸੀ। ਉਸ ਨੇ ਰਾਤਾਂ ਜਾਗ-ਜਾਗ ਪੜ੍ਹਾਈ ਕੀਤੀ ਤੇ ਔਖੇ-ਸੌਖੇ ਦਾਖ਼ਲੇ ਲਈ ਨੰਬਰ ਬਣਾ ਲਏ । ਬੱਸ, ਉਸ ਲਈ ਮੌਖਿਕ ਪ੍ਰੀਖਿਆ ਦੀ ਸ਼ਰਤ ਲਾ ਦਿੱਤੀ ਗਈ । ਉੱਥੋਂ ਵੀ ਉਹ ਕਿਵੇਂ ਨਾ ਕਿਵੇਂ ਪਾਰ ਹੋ ਹੀ ਗਿਆ । ਅਕਤੂਬਰ 1962 ਵਿੱਚ ਉਹ ਕੈਂਬਰਿਜ ਪਹੁੰਚ ਗਿਆ । ਫਰੈਡ ਹਾਇਲ ਦੀ ਥਾਂ ਡਾਕਟਰੇਟ ਲਈ ਉਸ ਦਾ ਸੁਪਰਵਾਈਜ਼ਰ ਡੈਨਿਸ ਸਕਿਆਮਾ ਲਾਇਆ ਗਿਆ ਤਾਂ ਉਸ ਨੂੰ ਕੁਝ ਨਿਰਾਸ਼ਾ ਹੋਈ। 1963 ਦੇ ਅੰਤ ਵਿੱਚ ਉਸ ਦੇ ਏ.ਐੱਲ.ਐੱਸ. ਨਾਂ ਦੀ ਤਿਲ-ਤਿਲ ਕਰਕੇ ਖ਼ਤਮ ਕਰਨ ਵਾਲੀ ਮੋਟਰ ਨਿਊਰਾਨ ਬਿਮਾਰੀ ਤੋਂ ਪੀੜਿਤ ਹੋਣ ਦਾ ਪਤਾ ਲੱਗਾ । ਉਸ ਨੂੰ ਇਹ ਵੀ ਦੱਸਿਆ ਗਿਆ ਕਿ ਉਸ ਦੀ ਜ਼ਿੰਦਗੀ ਮਸਾਂ ਢਾਈ-ਤਿੰਨ ਸਾਲ ਦੀ ਹੀ ਬਚੀ ਹੈ। ਉਹ ਡਿਪਰੈਸ਼ਨ ਦਾ ਸ਼ਿਕਾਰ ਹੋਇਆ । ਪ੍ਰੇਮਿਕਾ ਜੇਨ ਦੇ ਪ੍ਰੇਮ ਭਰੇ ਸਾਥ ਨਾਲ ਉਹ ਮੁੜ ਸੰਭਲ ਗਿਆ ।

ਸਕਿਆਮਾ ਦੇ ਮਾਰਗਦਰਸ਼ਨ ਹੇਠ ਹਾਕਿੰਗ ਨੇ ਹਾਇਲ ਅਤੇ ਉਸ ਦੇ ਭਾਰਤੀ ਸ਼ਗਿਰਦ ਨਾਰਲੀਕਰ ਦੀਆਂ ਧਾਰਨਾਵਾਂ ਨੂੰ 1964 ਵਿੱਚ ਇੱਕ ਲੈਕਚਰ ਵਿੱਚ ਖੁੱਲ੍ਹੇਆਮ ਵੰਗਾਰਿਆ । ਉਨ੍ਹਾਂ ਦਿਨਾਂ ਵਿੱਚ ਬਿੱਗ ਬੈਗ ਤੇ ਸਟੈਡੀ ਸਟੇਟ ਥਿਊਰੀਆਂ ਬਾਰੇ ਵਿਵਾਦ ਜ਼ੋਰਾਂ ਉੱਤੇ ਸੀ । ਰੋਜਰ ਪੈਨਰੋਜ਼ ਨੇ ਬਲੈਕ ਹੋਲਾਂ ਦੇ ਕੇਂਦਰ ਵਿੱਚ ਦੇਸ਼/ਕਾਲ ਦੀ ਸਿੰਗੁਲੈਰਿਟੀ (ਇੱਕੋ ਬਿੰਦੂ ਵਿੱਚ ਸੀਮਿਤ ਹੋਣ) ਦਾ ਸੰਕਲਪ ਦਿੱਤਾ ਸੀ। ਹਾਕਿੰਗ ਨੇ ਇਸ ਨੂੰ ਬ੍ਰਹਿਮੰਡ ਦੇ ਜਨਮ ਉੱਤੇ ਲਾਗੂ ਕਰਕੇ ਆਪਣਾ ਥੀਸਿਜ਼ ਲਿਖਿਆ ਜੋ 1966 ਵਿੱਚ ਪ੍ਰਵਾਨ ਹੋਇਆ ।



ਉਸ ਦੀ ਇਸ ਪ੍ਰਾਪਤੀ ਪਿੱਛੇ ਉਸ ਦੀ ਪਤਨੀ ਜੇਨ ਦਾ ਵੱਡਾ ਹੱਥ ਹੈ। ਇਸ ਲਈ ਇਨ੍ਹਾਂ ਦੋਵਾਂ ਦੇ ਪ੍ਰੇਮ ਵਿਆਹ ਦੀ ਗੱਲ ਕਰਨੀ ਉਚਿਤ ਹੈ। ਗੱਲ ਇਉਂ ਹੈ ਕਿ 1963 ਦੇ ਆਖ਼ਰੀ ਮਹੀਨਿਆਂ ਵਿੱਚ ਹਾਕਿੰਗ ਦੀ ਏ.ਐੱਲ.ਐਸ. ਦਾ ਪਤਾ ਲੱਗਾ । ਉਨ੍ਹਾਂ ਦਿਨਾਂ ਵਿੱਚ ਉਸ ਦੀ ਵਾਕਫ਼ੀਅਤ ਤੇ ਪ੍ਰੇਮ ਆਪਣੀ ਭੈਣ ਦੀ ਸਹੇਲੀ ਜੇਨ ਨਾਲ ਅਜੇ ਸ਼ੁਰੂ ਹੀ ਹੋਇਆ ਸੀ । ਜੇਨ ਚਾਹੁੰਦੀ ਤਾਂ ਪਿੱਛੇ ਹਟ ਸਕਦੀ ਸੀ, ਪਰ ਉਸ ਨੇ ਸੰਕਟ ਤੇ ਪਰਖ ਦੀ ਇਸ ਘੜੀ ਵਿੱਚ ਸੱਚੇ ਸਮਰਪਿਤ ਪ੍ਰੇਮ ਦਾ ਆਦਰਸ਼ ਪੇਸ਼ ਕਰਦਿਆਂ ਹਾਕਿੰਗ ਦਾ ਸਾਥ ਦੇਣ ਦਾ ਫ਼ੈਸਲਾ ਕੀਤਾ । ਅਕਤੂਬਰ 1964 ਵਿੱਚ ਦੋਵਾਂ ਦੀ ਮੰਗਣੀ ਤੇ ਜੁਲਾਈ 1965 ਵਿੱਚ ਦੋਵਾਂ ਦੀ ਸ਼ਾਦੀ ਹੋ ਗਈ। ਉਸ ਨੇ ਹਰ ਔਖੇ ਸਮੇਂ ਹਰ ਪ੍ਰਕਾਰ ਨਾਲ ਹਾਕਿੰਗ ਨੂੰ ਡੋਲਣ ਤੋਂ ਬਚਾਇਆ । ਹਰ ਪ੍ਰਕਾਰ ਦੀ ਮਦਦ ਕੀਤੀ । 1965 ਵਿੱਚ ਉਸ ਦਾ ਥੀਸਿਜ਼ ਪੂਰਾ ਹੋ ਗਿਆ ਤੇ 1966 ਵਿੱਚ ਡਿਗਰੀ ਵੀ ਮਿਲ ਗਈ। ਮਈ 1967 ਵਿੱਚ ਉਨ੍ਹਾਂ ਦੇ ਘਰ ਪਹਿਲੇ ਬੇਟੇ ਰੌਬਰਟ ਦਾ ਜਨਮ ਹੋਇਆ । 1970 ਵਿੱਚ ਬੇਟੀ ਲੂਸੀ ਅਤੇ 1979 ਵਿੱਚ ਬੇਟੇ ਟਿਮੋਥੀ ਦਾ ਜਨਮ ਹੋਇਆ । ਜੇਨ ਕਦੇ ਹਾਕਿੰਗ ਨੂੰ ਉਸ ਦੀ ਬਿਮਾਰੀ ਕਾਰਨ ਪੈਦਾ ਹੋਈਆਂ ਸੀਮਾਵਾਂ ਦਾ ਅਹਿਸਾਸ ਨਾ ਹੋਣ ਦਿੰਦੀ । ਉਸ ਦੀ ਹਰ ਪ੍ਰੇਸ਼ਾਨੀ ਤੇ ਸਮੱਸਿਆ ਦਾ ਭਾਰ ਆਪ ਝੱਲ ਕੇ ਉਸ ਨੂੰ ਪੜ੍ਹਨ-ਲਿਖਣ ਤੇ ਖੋਜ ਕਰਨ ਲਈ ਹਰ ਪ੍ਰਕਾਰ ਦੇ ਸੁਖ-ਸਹੂਲਤ ਦਾ ਮਾਹੌਲ ਸਿਰਜੀ ਰੱਖਦੀ । ਹਾਕਿੰਗ ਨੂੰ ਗੋਨਵਿਲ ਤੇ ਕੇਅਸ ਕਾਲਜ ਕੈਂਬਰਿਜ ਵਿੱਚ ਰਿਸਰਚ ਫੈਲੋਸ਼ਿਪ ਮਿਲੀ । ਉਸ ਦੇ ਥੀਸਿਜ਼ ਨੂੰ 1966 ਦੇ ਐਡਮਜ਼ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਡਾਕਟਰੇਟ ਉਸ ਨੇ ਪੈਨਰੋਜ਼ ਦੇ ਸਿੰਗੁਲੈਰਿਟੀ ਸਿਧਾਂਤ ਨੂੰ ਅੱਗੇ ਤੋਰ ਕੇ ਲਈ ਸੀ । ਉਸ ਨੇ ਡਾਕਟਰੇਟ ਉਪਰੰਤ ਵੀ ਇਸੇ ਸਿਧਾਂਤ ਉੱਤੇ ਅੱਗੇ ਕੰਮ ਜਾਰੀ ਰੱਖਿਆ । ਪੈਨਰੋਜ਼ ਨੂੰ ਮਿਲਕੇ ਉਸ ਨੇ ਇਹ ਧਾਰਨਾ ਪੇਸ਼ ਕੀਤੀ ਕਿ ਬ੍ਰਹਿਮੰਡ ਦੀ ਉਤਪਤੀ ਦੇਸ਼ ਕਾਲ ਦੀ ਇਸੇ ਸਿੰਗੁਲੈਰਿਟੀ ਵਿੱਚੋਂ ਹੋਈ ਯਾਨੀ ਬ੍ਰਹਿਮੰਡ ਦੇ ਜਨਮ ਸਮੇਂ ਦੇਸ਼ ਕਾਲ ਇੱਕੋ ਬਿੰਦੂ ਵਿੱਚ ਸੰਗਠਿਤ ਸਨ । ਇਹ ਗੱਲ ਉਨ੍ਹਾਂ 1968 ਤੇ 1970 ਵਿੱਚ ਵਾਰ-ਵਾਰ ਜ਼ੋਰ ਦੇ ਕੇ ਸਥਾਪਿਤ ਕੀਤੀ । 1970 ਵਿੱਚ ਹਾਕਿੰਗ ਨੇ ਬਲੈਕਹੋਲ ਉੱਤੇ ਕੰਮ ਸ਼ੁਰੂ ਕੀਤਾ । ਉਸ ਨੇ ਇਹ ਨੋਟ ਕੀਤਾ ਕਿ ਬਲੈਕਹੋਲ ਕਿਉਂ ਜੁ ਆਪਣੇ ਪ੍ਰਭਾਵ ਖੇਤਰ (ਈਵੈਂਟ ਹੋਰਾਈਜ਼ਨ) ਤਕ ਪੁੱਜਣ ਵਾਲੀ ਕਿਸੇ ਵੀ ਸ਼ੈਅ ਨੂੰ ਹੜੱਪ ਕਰ ਜਾਂਦੀ ਹੈ, ਇਸ ਲਈ ਇਸ ਦਾ ਘੇਰਾ ਕਦੇ ਛੋਟਾ ਨਹੀਂ ਹੁੰਦਾ । ਐਂਟਰਾਪੀ ਦੇ ਨਿਰੰਤਰ ਵਾਧੇ ਤੇ ਤਾਪਮਾਨ/ ਭਾਰ/ਐਂਟਰਾਪੀ/ਰੇਡੀਏਸ਼ਨ ਦੇ ਪਰਸਪਰ ਰਿਸ਼ਤੇ ਨੂੰ ਬਾਰੀਕੀ ਨਾਲ ਘੋਖ ਕੇ ਉਸ ਨੇ ਅੰਤ ਬਲੈਕਹੋਲਾਂ ਵਿੱਚੋਂ ਕੁਝ ਵੀ ਕਦੇ ਬਾਹਰ ਨਾ ਨਿਕਲਣ ਦੀ

ਧਾਰਣਾ ਉੱਤੇ ਸਵਾਲੀਆ ਨਿਸ਼ਾਨ ਲਾਇਆ ।

ਉਸ ਨੇ ਕਿਹਾ ਕਿ ਬਲੈਕਹੋਲ ਦੀ ਵਧੀਕ ਐਂਟਰਾਪੀ ਤੇ ਤਾਪਮਾਨ ਕਾਰਨ ਇਨ੍ਹਾਂ ਵਿੱਚੋਂ ਰੇਡੀਏਸ਼ਨ ਨਿਕਲਣੀ ਲਾਜ਼ਮੀ ਹੈ । ਰੇਡੀਏਸ਼ਨ ਊਰਜਾ ਬਲੈਕਹੋਲ ਦੇ ਪਦਾਰਥ ਦੇ ਖੋਰੇ ਨਾਲ ਹੀ ਪੈਦਾ ਹੁੰਦੀ ਹੈ। ਇਸ ਨਾਲ ਬਲੈਕਹੋਲ ਦਾ ਭਾਰ (ਪੁੰਜ) ਨਿਰੰਤਰ ਘਟਦਾ ਹੈ। ਜਿਉਂ-ਜਿਉਂ ਭਾਰ ਘਟਦਾ ਹੈ, ਤਿਉਂ-ਤਿਉਂ ਬਲੈਕਹੋਲ ਦਾ ਤਾਪਮਾਨ ਵਧੀ ਜਾਂਦਾ ਹੈ । ਤਿਉਂ-ਤਿਉਂ ਹਾਕਿੰਗ ਰੇਡੀਏਸ਼ਨ ਵਧੀ ਜਾਂਦੀ ਹੈ। ਸਿਧਾਂਤਕ ਤੌਰ ਉੱਤੇ ਬਲੈਕਹੋਲ ਇੱਕ ਦਿਨ ਖੁਰ ਕੇ ਮੁੱਕ ਸਕਦੀ ਹੈ। ਉਸ ਦੀ ਇਸ ਧਾਰਨਾ ਨੇ ਬਲੈਕਹੋਲ ਦੀ ਅਨੰਤਤਾ/ਸਦੀਵਤਾ ਦੀ ਮਿੱਥ ਨੂੰ ਤੋੜ ਕੇ ਰੱਖ ਦਿੱਤਾ । 1973 ਵਿੱਚ ਜਾਰਜ ਐਲਿਸ ਨਾਲ ਰਲ ਕੇ ਲਿਖੀ ਉਸ ਦੀ ਕਿਤਾਬ 'ਲਾਰਜ ਸਕੇਲ ਸਟ੍ਰਕਚਰ ਆਫ ਦਿ ਯੂਨੀਵਰਸ' ਛਪ ਗਈ । 1974 ਵਿੱਚ ਉਸ ਨੂੰ ਹਾਕਿੰਗ ਰੇਡੀਏਸ਼ਨ ਦੀ ਖੋਜ ਲਈ ਰਾਇਲ ਸੁਸਾਇਟੀ ਦੀ ਫੈਲੋਸ਼ਿਪ ਦਿੱਤੀ ਗਈ । ਉਹ 1975 ਵਿੱਚ ਕੈਂਬਰਿਜ ਪਰਤਿਆ । 1977 ਵਿੱਚ ਉਸ ਨੂੰ ਤਰੱਕੀ ਦੇ ਕੇ ਪ੍ਰੋਫ਼ੈਸਰ ਬਣਾ ਦਿੱਤਾ ਗਿਆ । ਤੇਜ਼ੀ ਨਾਲ ਵਧ ਰਹੀ ਪ੍ਰਸਿੱਧੀ ਤੇ ਪ੍ਰਾਪਤੀਆਂ ਦੌਰਾਨ ਉਸ ਦੀ ਸਿਹਤ ਨਿਰੰਤਰ ਖ਼ਰਾਬ ਹੁੰਦੀ ਗਈ । ਜੇਨ ਉੱਤੇ ਭਾਰ ਨਿਰੰਤਰ ਵਧਦਾ ਗਿਆ ਤੇ ਉਹ ਕਈ ਵਾਰ ਨਿਰਾਸ਼ ਹੋ ਕੇ ਮਰਨ ਦੀ ਵੀ ਸੋਚਦੀ । ਹਾਕਿੰਗ ਨੂੰ ਇਕੱਲਿਆਂ ਸਾਂਭਣਾ ਉਸ ਲਈ ਔਖਾ ਹੋ ਗਿਆ ਤੇ ਉਸ ਲਈ ਨਰਸਾਂ ਦਾ ਪ੍ਰਬੰਧ ਕਰਨਾ ਪਿਆ । ਉਹ ਖੋਜ ਕਾਰਜਾਂ ਵਿੱਚ ਦਿਨੋ-ਦਿਨ ਵਧੇਰੇ ਸਿਧਾਂਤਕ ਖੇਤਰ ਵੱਲ ਮੁੜਨ ਲੱਗਾ । 1982 ਵਿੱਚ ਸੀ.ਬੀ.ਈ. (ਕਮਾਂਡਰ ਆਫ ਬ੍ਰਿਟਿਸ਼ ਐਂਪਾਇਰ) ਦਾ ਸਨਮਾਨ ਮਿਲਿਆ। 1982 ਵਿੱਚ ਉਸ ਨੇ ਹਰਮਨ ਪਿਆਰੀ ਪੁਸਤਕ 'ਏ ਬਰੀਫ਼ ਹਿਸਟਰੀ ਆਫ਼ ਟਾਈਮ' ਲਿਖਣ ਦਾ ਫ਼ੈਸਲਾ ਕੀਤਾ ਅਤੇ ਇਸ ਨੂੰ 1988 ਵਿੱਚ ਪ੍ਰਕਾਸ਼ਿਤ ਕਰਵਾ ਦਿੱਤਾ । 2001 ਵਿੱਚ ਉਸ ਦੀ ਕਿਤਾਬ 'ਦਿ ਯੂਨੀਵਰਸ ਇਨ ਏ ਨਟਸ਼ੈੱਲ' ਛਪੀ । 2006 ਵਿੱਚ 'ਏ ਬਰੀਫ਼ਰ ਹਿਸਟਰੀ ਆਫ ਟਾਈਮ' ਛਪੀ । ਇਸ ਵਰ੍ਹੇ 'ਗੌਡ ਕਰੀਏਟਿਡ ਦਿ ਇੰਟੀਜਰਜ਼' ਛਪੀ ।

ਬੀਤੇ ਚਾਰ ਦਹਾਕਿਆਂ ਦੀ ਉਸ ਤੂਫ਼ਾਨੀ ਜ਼ਿੰਦਗੀ ਵਿੱਚ ਬੜਾ ਕੁਝ ਵਾਪਰ ਗਿਆ ਸੀ। ਵਿਗਿਆਨਕ ਖੇਤਰ ਵਿੱਚ ਉਸ ਦੀਆਂ ਪ੍ਰਾਪਤੀਆਂ ਪੱਖੋਂ ਵੀ ਤੇ ਨਿੱਜੀ ਜ਼ਿੰਦਗੀ ਵਿੱਚ ਪਰਿਵਾਰਕ ਪੱਖੋਂ ਵੀ । ਬਿਮਾਰੀ ਦੌਰਾਨ ਕਦੇ-ਕਦੇ ਦੋਵੇਂ ਘਬਰਾ ਜਾਂਦੇ ਕਿ ਜੇ ਬੇਵਕਤ ਹਾਕਿੰਗ ਦੀ ਮੌਤ ਹੋ ਗਈ ਤਾਂ ਬੱਚਿਆਂ ਤੇ ਜੇਨ ਦਾ ਕੀ ਬਣੇਗਾ । ਜੇਨ ਗੀਤ, ਸੰਗੀਤ ਤੇ ਧਾਰਮਿਕ ਰੁਚੀਆਂ ਵਾਲੀ ਸੰਵਦੇਨਸ਼ੀਲ ਸੁਭਾਅ ਵਾਲੀ ਸੀ। ਸਪੇਨਿਸ਼ ਕਵਿਤਾ ਉੱਤੇ ਉਸ ਨੇ ਡਾਕਟਰੇਟ ਕਰਕੇ ਕੈਂਬਰਿਜ ਵਿੱਚ ਆਪਣੀ ਵੱਖਰੀ ਪਛਾਣ ਬਣਾ



ਰੱਖੀ ਸੀ। ਸੇਵਾ, ਪ੍ਰੇਮ ਤੇ ਪਰਮਾਤਮਾ ਵਿੱਚ ਦ੍ਰਿੜ੍ਹ ਵਿਸ਼ਵਾਸ ਦੇ ਈਸਾਈਅਤ ਦੇ ਸੰਕਲਪ ਉਸ ਨੂੰ ਤਾਕਤ ਦਿੰਦੇ ।

ਸਟੀਫਨ ਦੀ ਬਿਮਾਰੀ ਵਿੱਚ ਮਦਦ ਲਈ 1974 ਤੋਂ ਹੀ ਉਸ ਨਾਲ ਉਸ ਦਾ ਕੋਈ ਪੀ.ਜੀ. ਵਿਦਿਆਰਥੀ ਰਹਿੰਦਾ । ਦਸੰਬਰ 1977 ਵਿੱਚ ਜੇਨ ਨੂੰ ਸੰਗੀਤਕਾਰ ਤੇ ਚਰਚ ਵਿੱਚ ਪ੍ਰਾਰਥਨਾ ਗੀਤ ਗਾਉਣ ਵਾਲਾ ਜੋਨਾਥਨ ਹੈਲੀਅਰ ਮਿਲਿਆ ਜੋ ਹੌਲੀ-ਹੌਲੀ ਹਾਕਿੰਗ ਪਰਿਵਾਰ ਦਾ ਨਿਕਟ ਮਦਦਗਾਰ ਤੇ ਹਮਦਰਦ ਬਣ ਗਿਆ । 1980 ਦੇ ਆਸ-ਪਾਸ ਜੇਨ ਪ੍ਰਤੀ ਜੋਨਾਥਨ ਦੀ ਹਮਦਰਦੀ ਪ੍ਰੇਮ ਦਾ ਰੰਗ ਲੈਣ ਲੱਗੀ । ਜੇਨ ਨੇ ਜੋਨਾਥਨ ਨੂੰ ਸਮਝਾਇਆ ਕਿ ਮੈਂ ਸਟੀਫਨ ਨੂੰ ਛੱਡਣਾ ਨਹੀਂ ਚਾਹੁੰਦੀ । ਜੋਨਾਥਨ ਦਾ ਜੇਨ ਪ੍ਰਤੀ ਆਦਰਸ਼ਕ ਪ੍ਰੇਮ ਫਿਰ ਵੀ ਜਾਰੀ ਰਿਹਾ । ਓਧਰ ਅੱਠਵੇਂ ਦਹਾਕੇ ਦੇ ਅੱਧ ਜਿਹੇ ਵਿੱਚ ਹਾਕਿੰਗ ਆਪਣੀ ਨਵੀਂ ਨਰਸ ਈਲੇਨ ਮੇਸਨ ਦੇ ਪ੍ਰੇਮ ਵਿੱਚ ਉਲਝਣ ਲੱਗਾ । ਮੇਸਨ ਵਿਆਹੀ ਵਰੀ ਸੀ। ਉਸ ਦੇ ਪ੍ਰਤੀ ਡੇਵਿਡ ਨੇ ਹਾਕਿੰਗ ਲਈ ਉਹ ਕੰਪਿਊਟਰ ਸੌਫਟਵੇਅਰ ਬਣਾ ਕੇ ਦਿੱਤਾ ਸੀ ਜਿਸ ਨਾਲ ਉਹ ਆਪਣੇ ਵਿਚਾਰਾਂ ਨੂੰ ਲਿਖ/ਬੋਲ ਕੇ ਦੱਸਦਾ ਸੀ । ਇਸ ਵਿੱਚ ਹਾਕਿੰਗ ਵੱਲੋਂ ਆਮ ਵਰਤੇ ਜਾਂਦੇ ਤਿੰਨ ਹਜ਼ਾਰ ਦੇ ਕਰੀਬ ਸ਼ਬਦ ਸਨ । ਵੀਲ੍ਹਚੇਅਰ ਉੱਤੇ ਬਟਨ ਦਬਾ-ਦਬਾ ਕੇ ਉਹ ਇਨ੍ਹਾਂ ਵਿੱਚੋਂ ਲੋੜੀਂਦੇ ਸ਼ਬਦ, ਵਾਕਾਂਸ਼, ਕਿਰਿਆਵਾਂ ਚੁਣ ਕੇ ਫਿਕਰੇ ਬਣਾਉਂਦਾ ਜੋ ਲਿਖੇ ਵੀ ਤੇ ਬੋਲੇ ਵੀ ਜਾਂਦੇ । ...ਖ਼ੈਰ ! ਸਟੀਫਨ ਨੇ ਜੇਨ ਨੂੰ ਸਾਫ਼ ਕਹਿ ਦਿੱਤਾ ਕਿ ਮੈਂ ਤੈਨੂੰ ਛੱਡ ਕੇ ਹੁਣ ਈਲੇਨ ਨਾਲ ਸ਼ਾਦੀ ਕਰਨੀ ਚਾਹੁੰਦਾ ਹਾਂ । ਇੰਞ, 1990 ਵਿੱਚ ਹੋਇਆ । ਜੇਨ ਨੇ ਸਟੀਫਨ ਦੇ ਸਾਂਝਾ ਘਰ ਛੱਡ ਕੇ ਜਾਣ ਦੇ ਬਾਵਜੂਦ ਕੁਝ ਵਰ੍ਹੇ ਰਿਸ਼ਤਾ ਤੋੜਨ ਤੋਂ ਗੁਰੇਜ਼ ਕੀਤਾ । ਜੂਨ 1995 ਵਿੱਚ ਆਖ਼ਰ ਸਟੀਫਨ ਨੇ ਜੇਨ ਨੂੰ ਤਲਾਕ ਦੇ ਦਿੱਤਾ । ਸਤੰਬਰ 1995 ਵਿੱਚ ਉਸ ਨੇ ਈਲੇਨ ਨਾਲ ਸ਼ਾਦੀ ਕਰ ਲਈ । 1997 ਵਿੱਚ ਜੇਨ ਨੇ ਵੀ ਜੋਨਾਥਨ ਹੈਲੀਅਰ ਨਾਲ ਸ਼ਾਦੀ ਕਰ ਲਈ ।

ਦਸ ਕੁ ਸਾਲ ਵਿੱਚ ਹੀ ਸਟੀਫਨ ਤੇ ਈਲੇਨ ਦੀ ਸ਼ਾਦੀ ਟੁੱਟਣ ਕਿਨਾਰੇ ਆ ਗਈ । ਸਟੀਫਨ ਦੇ ਬੱਚੇ ਤੇ ਉਸ ਦੀਆਂ ਨਰਸਾਂ ਈਲੇਨ ਉੱਤੇ ਦੋਸ਼ ਲਾਉਣ ਲੱਗੇ ਕਿ ਉਹ ਸਟੀਫਨ ਨੂੰ ਛੁਰੀ-ਚਾਕੂ ਮਾਰ ਕੇ ਹਨੇਰੇ-ਸਵੇਰੇ ਜ਼ਖ਼ਮੀ ਕਰਦੀ ਹੈ। ਉਸ ਦੀ ਵੀਲ੍ਹਚੇਅਰ ਕੰਧ ਵਿੱਚ ਮਾਰਦੀ ਹੈ। ਪੁਲੀਸ ਨੂੰ ਸ਼ਿਕਾਇਤਾਂ ਹੋਈਆਂ । ਪੁੱਛਗਿੱਛ ਹੋਈ । ਕੇਸ ਚੱਲਿਆ । ਸਟੀਫਨ ਨੇ ਉਸ ਵਿਰੁੱਧ ਕੋਈ ਗਵਾਹੀ ਨਾ ਦਿੱਤੀ । ਸਰੀਰ ਉੱਤੇ ਜ਼ਖ਼ਮਾਂ ਦਾ ਉਚਿਤ ਜਵਾਬ ਕਿਸੇ ਕੋਲ ਨਹੀਂ ਸੀ । ਈਲੇਨ ਬਰੀ ਹੋ ਗਈ । ਸਟੀਫਨ ਨੇ 2006 ਵਿੱਚ ਉਸ ਨੂੰ ਚੁੱਪਚਾਪ ਤਲਾਕ ਦੇ ਦਿੱਤਾ । ਲੋਕ ਕਹਿੰਦੇ ਸਨ ਕਿ ਈਲੇਨ ਨੇ

ਸਟੀਫਨ ਨਾਲ ਸ਼ਾਦੀ ਪੈਸੇ ਪਿੱਛੇ ਕੀਤੀ ਹੈ। ਤਲਾਕ ਪਿੱਛੋਂ ਈਲੇਨ ਨੂੰ ਵੱਡੀ ਰਕਮ ਮਿਲੀ ਤਾਂ ਇਨ੍ਹਾਂ ਅਫ਼ਵਾਹਾਂ ਨੂੰ ਹੋਰ ਬਲ ਮਿਲਿਆ । ਤਲਾਕ ਉਪਰੰਤ ਜੇਨ ਮੁੜ ਸਟੀਫਨ ਦੀ ਦੇਖਭਾਲ ਲਈ ਬਹੁੜੀ । ਉਸ ਨੇ ਆਪਣੇ ਪਤੀ ਤੋਂ ਤਲਾਕ ਤਾਂ ਨਾ ਲਿਆ, ਪਰ ਸਟੀਫਨ ਦੇ ਘਰ ਤੋਂ ਦਸ ਮਿੰਟ ਦੀ ਵਿੱਥ ਉੱਤੇ ਰਹਿ ਕੇ ਉਸ ਦੇ ਦੁਖ-ਸੁਖ ਦੀ ਭਾਈਵਾਲੀ ਉਸ ਨੇ ਕਦੇ ਵੀ ਨਾ ਛੱਡੀ ।

**ਚਲੋ ਹਾਕਿੰਗ ਵੱਲ ਪਰਤੀਏ ਜਿਸ ਨੂੰ ਕਿਸੇ ਪੁੱਛਿਆ ਕਿ ਬਲੈਕ ਹੋਲਾਂ ਤੇ ਖੰਡਾਂ-ਬ੍ਰਹਿਮੰਡਾਂ ਦੇ ਰਹੱਸ ਫੋਲਦਿਆਂ ਕਿਹੜੀ ਚੀਜ਼ ਸਮਝਣੀ ਸਭ ਤੋਂ ਵੱਧ ਔਖੀ ਲੱਗੀ ਹੈ । ਉਸ ਦਾ ਉੱਤਰ ਸੀ: ਔਰਤ ।**

ਹਾਕਿੰਗ ਨੂੰ ਹਿੱਗਜ਼ ਬੋਸੋਨ ਦੀ ਹੋਂਦ ਵਿੱਚ ਵਿਸ਼ਵਾਸ ਨਹੀਂ ਸੀ । ਉਸ ਨੇ ਪੀਟਰਜ਼ ਹਿੱਗਜ਼ ਨਾਲ ਖੁੱਲ੍ਹੇਆਮ ਬਹਿਸਾਂ ਵਿੱਚ 2002 ਤੇ 2008 ਵਿੱਚ ਇਸ ਦੀ ਹੋਂਦ ਰੱਦ ਕੀਤੀ । 2012 ਵਿੱਚ ਸਰਨ ਕੇਂਦਰ ਵਿੱਚ ਇਸ ਕਣ ਦੀ ਖੋਜ ਉੱਤੇ ਉਸ ਨੇ ਆਪਣੀ ਹਾਰ ਮੰਨੀ ਤੇ ਕਿਹਾ ਕਿ ਇਸ ਕਣ ਦੀ ਕਲਪਨਾ ਲਈ ਹਿੱਗਜ਼ ਨੋਬੇਲ ਪੁਰਸਕਾਰ ਦਾ ਹੱਕਦਾਰ ਹੈ। ਹਾਕਿੰਗ ਦਾ ਯਕੀਨ ਸੀ ਕਿ ਬ੍ਰਹਿਮੰਡ ਵਿੱਚ ਹੋਰ ਧਰਤੀਆਂ ਉੱਤੇ ਜੀਵਨ ਹੈ। ਏਲੀਅਨ ਹਨ। ਜੁਲਾਈ 2015 ਵਿੱਚ ਉਸ ਨੇ ਇਨ੍ਹਾਂ ਦੀ ਤਲਾਸ਼ ਲਈ ਬਰੇਕ ਥਰੂ ਇਨੀਸ਼ੀਏਟਿਵਜ਼ ਪ੍ਰੋਗਰਾਮਾਂ ਦੀ ਸ਼ੁਰੂਆਤ ਕਰਵਾਈ । ਜੁਲਾਈ 2017 ਨੂੰ ਇੰਪੀਰੀਅਲ ਕਾਲਜ, ਲੰਡਨ ਵੱਲੋਂ ਮਿਲੀ ਆਨਰੇਰੀ ਡਾਕਟਰੇਟ ਸ਼ਾਇਦ ਉਸ ਦੀ ਅੰਤਿਮ ਮਾਨਾਰਥ ਡਿਗਰੀ ਸੀ ।

ਹਾਕਿੰਗ ਪੁਲਾੜ ਯਾਤਰਾ ਲਈ ਸਦਾ ਉਤਸੁਕ ਰਿਹਾ । 2006 ਵਿੱਚ ਬੀ.ਬੀ.ਸੀ. ਨਾਲ ਇੱਕ ਇੰਟਰਵਿਊ ਵਿੱਚ ਵੀ ਉਸ ਨੇ ਇਹ ਇੱਛਾ ਦੱਸੀ ਸੀ । ਵਿਰਜਿਨ ਗੈਲੈਕਟਿਕ ਦੇ ਰਿਚਰਡ ਬਰੈਨਸਨ ਨੇ ਉਸ ਲਈ ਮੁਫ਼ਤ ਪੁਲਾੜ ਉਡਾਰੀ ਦੀ ਪੇਸ਼ਕੇਸ਼ ਕੀਤੀ ਤੇ ਅਪ੍ਰੈਲ 2007 ਵਿੱਚ ਉਸ ਨੇ ਇਸ ਦਾ ਆਨੰਦ ਵੀ ਮਾਣ ਲਿਆ । ਪੁਲਾੜ ਉਡਾਰੀ ’ਤੇ ਜ਼ੀਰੋ ਗੁਰੂਤਾ ਨੇ ਉਸ ਦੀ ਸਿਹਤ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਾ ਪਹੁੰਚਾਇਆ । ਸ਼ੋਹਰਤ ਦੀ ਸਿਖਰ ਉੱਤੇ ਹੀ 14 ਮਾਰਚ 2018 ਨੂੰ ਕੈਂਬਰਿਜ ਵਿੱਚ ਉਸ ਦੇ ਦੇਹਾਂਤ ਦੀ ਖ਼ਬਰ ਆਈ । ਉਸ ਨੂੰ ਨਿਊਟਨ ਤੇ ਡਾਰਵਿਨ ਦੇ ਨੇੜੇ ਦਫ਼ਨਾਉਣ ਦਾ ਫ਼ੈਸਲਾ ਉਸ ਦੇ ਪਰਿਵਾਰ ਦਾ ਹੈ। ਹਾਂ, ਆਪਣੀ ਕਬਰ ਉੱਤੇ ਲਿਖੀ ਜਾਣ ਲਈ ਇਬਾਰਤ ਉਸ ਨੇ ਵਰ੍ਹਿਆਂ ਪਹਿਲਾਂ ਆਪੇ ਮਿਥੀ ਸੀ ।

ਸੰਪਰਕ: 98722-60550
ਸਾਬਕਾ ਪ੍ਰੋਫ਼ੈਸਰ ਤੇ ਡੀਨ, ਅਕਾਦਮਿਕ ਮਾਮਲੇ,
ਪੰਜਾਬੀ ਯੂਨੀਵਰਸਿਟੀ, ਪਟਿਆਲਾ ।



### ਸਿਰ ਤੋਂ ਪਰ੍ਹੇ ਇਸ਼ਕ ਦਾ ਡੇਰਾ

# ਭਾਈ ਜੈ ਸਿੰਘ

**ਡਾ: ਸਰਬਜੀਤ ਕੌਰ ਸੰਧਾਵਾਲੀਆ**

ਸਾਡੇ ਪੁਰਖਿਆਂ ਦੁਆਰਾ ਸਿਰਜੇ ਇਤਿਹਾਸ ਦੀ ਪੀੜਾ ਅਤੇ ਗੌਰਵ ਨੂੰ ਮਹਿਸੂਸ ਕਰਦਿਆਂ ਸਾਡੇ ਸਿਰ ਸਦਾ ਹੀ ਇਨ੍ਹਾਂ ਅੱਗੇ ਝੁਕਦੇ ਹਨ। ਪਰਮੇਸ਼ਰ ਦੇ ਪਿਆਰ ਵਿੱਚ ਰੰਗੇ ਹੋਏ ਪਰਵਾਨੇ ਉਸ ਦੇ ਨਾਮ ਤੋਂ ਬਿੰਦ ਬਿੰਦ ਚੁਖ ਚੁਖ ਹੁੰਦੇ ਹੋਏ ਕੁਰਬਾਨ ਹੋ ਜਾਂਦੇ ਹਨ। ਮੌਤ ਉਨ੍ਹਾਂ ਲਈ ਸਜ਼ਾ ਨਹੀਂ, ਸਗੋਂ ਸੂਰਮਤਾਈ ਦਾ ਹੱਕ ਅਤੇ ਇਨਾਮ ਬਣ ਜਾਂਦੀ ਹੈ । ਇਹ ਹੱਕ ਉਨ੍ਹਾਂ ਨੂੰ ਹੀ ਮਿਲਦਾ ਹੈ ਜੋ ਇਸ ਦੇ ਯੋਗ ਹੋਣ ।

**ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥**

(ਅੰਗ ੫੭੯)

ਅਜਿਹੇ ਹੀ ਪਰਵਾਨ ਪੁਰਖ ਸਨ ਭਾਈ ਜੈ ਸਿੰਘ ਖਲਕਟ, ਜਿਨ੍ਹਾਂ ਨੇ ਸਿੱਖੀ ਸਿਧਾਂਤਾਂ ’ਤੇ ਪਹਿਰਾ ਦਿੰਦੇ ਹੋਏ ਪੁੱਠੀ ਖੱਲ ਲੁਹਾ ਲਈ ਅਤੇ ਸਾਰਾ ਪਰਿਵਾਰ ਸ਼ਹੀਦ ਕਰਵਾ ਲਿਆ । ਆਪ ਪਟਿਆਲਾ ਦੇ ਨੇੜੇ ਪਿੰਡ ਮੁਗਲਮਾਜਰਾ ਦੇ ਵਸਨੀਕ ਸਨ । ਇਸ ਪਿੰਡ ਦਾ ਨਾਂ ਹੁਣ ਵਾਰਨ ਹੈ, ਜਿੱਥੇ ਇਸ ਮਹਾਨ ਸ਼ਹੀਦ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਭਾਈ ਜੈ ਸਿੰਘ ਬਚਪਨ ਤੋਂ ਹੀ ਆਪਣੇ ਪਿਤਾ ਜੀ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਾ ਕੇ ਗੁਰੂ ਦਸਮੇਸ਼ ਜੀ ਦੀ ਹਜ਼ੂਰੀ ਮਾਣਦੇ ਸਨ । ਇਨ੍ਹਾਂ ਦਾ ਵਿਆਹ ਬੀਬੀ ਧੰਨ ਕੌਰ ਨਾਲ ਹੋਇਆ। ਇਨ੍ਹਾਂ ਦੇ ਦੋ ਸਪੁੱਤਰ ਭਾਈ ਕੜਾਕਾ ਸਿੰਘ ਅਤੇ ਭਾਈ ਖੜਕ ਸਿੰਘ ਸਨ। ਪੂਰਾ ਪਰਿਵਾਰ ਅੰਮ੍ਰਿਤਧਾਰੀ, ਸਿੱਖੀ ਸਿਦਕ ਦਾ ਧਾਰਨੀ ਅਤੇ ਗੁਰੂ ਪਿਆਰ ਵਿੱਚ ਜਿਊਣ ਵਾਲਾ ਸੀ। ਉਸ ਸਮੇਂ ਸਰਹਿੰਦ ਦਾ ਫੌਜਦਾਰ ਜ਼ਾਲਮ ਸਮੁੰਦ ਖਾਨ ਸੀ। ਚੇਤ ਸੁਦੀ ਦਸਵੀਂ ਸੰਨ 1753 ਨੂੰ ਇਹ ਆਪਣੇ ਕੋਤਵਾਲ ਸਮੇਤ ਹਿੰਦੂ-ਸਿੱਖਾਂ ਦਾ ਕਤਲੇਆਮ ਕਰਦਾ ਹੋਇਆ ਮੁਗਲਮਾਜਰੇ ਪਹੁੰਚਿਆ । ਇਸ ਨੇ ਹੁਕਮ ਕੀਤਾ ਕਿ ਪਿੰਡ ਵਿੱਚ ਜੇ ਕੋਈ ਸਿੰਘ ਹੈ ਤਾਂ ਉਹਨੂੰ ਫੜ ਕੇ ਮੇਰੇ ਅੱਗੇ ਪੇਸ਼ ਕੀਤਾ ਜਾਵੇ।

ਸਿਪਾਹੀ ਕਿਰਤ ਕਰ ਰਹੇ ਭਾਈ ਜੈ ਸਿੰਘ ਨੂੰ ਫੜ ਲਿਆਏ। ਸੂਬੇਦਾਰ ਨੇ ਕਿਹਾ ਕਿ ਮੈਂ ਤੇਰਾ ਗੁਰੂ ਪਿਆਰ ਪਟਿਆਲੇ ਜਾ ਕੇ ਦੇਖਾਂਗਾ, ਪਹਿਲਾਂ ਤੂੰ ਮੇਰਾ ਸਾਮਾਨ ਸਿਰ ਉੱਤੇ ਚੁੱਕ ਕੇ ਪਟਿਆਲੇ ਪਹੁੰਚਾ। ਭਾਈ ਸਾਹਿਬ ਨੇ ਦੇਖਿਆ ਕਿ ਸਾਮਾਨ ਵਿੱਚ ਸੂਬੇਦਾਰ ਦਾ ਹੁੱਕਾ ਸੀ ਉਨ੍ਹਾਂ ਨੇ

ਕਿਹਾ ਕਿ ਮੇਰੇ ਸੀਸ ਵਿੱਚ ਗੁਰੂ ਦਸਮੇਸ਼ ਜੀ ਦਾ ਅੰਮ੍ਰਿਤ ਰਚਿਆ ਹੋਇਆ ਹੈ, ਇਸ ਸੀਸ ’ਤੇ ਮੈਂ ਹੁੱਕਾ ਨਹੀਂ ਰੱਖ ਸਕਦਾ । ਨਿਰਦਈ ਸਮੁੰਦ ਖਾਨ ਨੇ ਕਿਹਾ ਕਿ ਇਸ ਦੀ ਛਾਂਟੇ ਮਾਰ-ਮਾਰ ਕੇ ਚਮੜੀ ਉਧੇੜ ਦਿਓ । ਭਾਈ ਸਾਹਿਬ ਦਾ ਜਿਸਮ ਲਹੂ-ਲੁਹਾਣ ਹੋ ਗਿਆ ਤਾਂ ਸੂਬੇਦਾਰ ਨੇ ਲਾਲਚ ਦਿੰਦਿਆਂ ਹੋਇਆਂ ਮੁਸਲਮਾਨ ਬਣਨ ਲਈ ਕਿਹਾ। ਇਨਕਾਰ ਕਰਨ ’ਤੇ ਉਸ ਨੇ ਦੋ ਕਸਾਈ ਬੁਲਾਏ ਅਤੇ ਪਿੰਡ ਦੇ ਬੋਹੜ ਅਤੇ ਪਿੱਪਲ ਦੇ ਵਿਚਕਾਰ ਭਾਈ ਸਾਹਿਬ ਨੂੰ ਪੁੱਠਾ ਲਟਕਾ ਕੇ ਤਸੀਹੇ ਦਿੱਤੇ ਪਰ ਉਹ ਸਿੱਖੀ ਸਿਦਕ ’ਤੇ ਅਡੋਲ ਰਹੇ । ਆਖਰ ਬੜੀ ਬੇਰਹਿਮੀ ਨਾਲ ਉਨ੍ਹਾਂ ਨੂੰ ਪੁੱਠੀ ਖੱਲ ਲਾਹ ਕੇ ਸ਼ਹੀਦ ਕਰ ਦਿੱਤਾ ਗਿਆ । ਉਪਰੰਤ ਉਨ੍ਹਾਂ ਦਾ ਸਾਰਾ ਪਰਿਵਾਰ ਵੀ ਬਹੁਤ ਘਿਨਾਉਣੇ ਢੰਗ ਨਾਲ ਸ਼ਹੀਦ ਕਰ ਦਿੱਤਾ ਗਿਆ। ਇਨ੍ਹਾਂ ਦੀ ਯਾਦ ਵਿੱਚ ਹਰ ਸਾਲ ਸੰਗਤਾਂ ਸ਼ਰਧਾ ਅਤੇ ਸਤਿਕਾਰ ਭੇਟ ਕਰਦੀਆਂ ਹਨ।

ਧੰਨ ਉਨ ਸਿੰਘਨ ਕੇ ਜਿਨ ਕਰ ਸਾਕਾ ਤਜੇ ਪਰਾਨ ।
ਰਹੇ ਨਾਮ ਇਸ ਕਰਮ ਕਾ ਹੈ ਜੱਗ ਆਵਨ ਜਾਨ ।
ਸ਼ਹੀਦ ਜੈ ਸਿੰਘ ਖਲਕੱਟ ਹੂਏ ਵੋਹ ਹੈਂ ਮਹਾਂਮਹਾਨ ।

(ਰੋ: ਅਜੀਤ 30-04-2019 ’ਚੋਂ ਧੰਨਵਾਦ ਸਹਿਤ !)



# ਗ਼ਦਰ ਲਹਿਰ ਦਾ ਨਾਇਕ ਲਾਲਾ ਹਰਦਿਆਲ

**ਹਰਦੀਪ ਸਿੰਘ ਝੱਜ**

ਗ਼ਦਰ ਲਹਿਰ (1913) ਨੇ ਅਨੇਕਾਂ ਦੇਸ਼ ਭਗਤ ਪੈਦਾ ਕੀਤੇ, ਜਿਨ੍ਹਾਂ ਨੇ ਸਾਰੀ ਜ਼ਿੰਦਗੀ ਆਪਣੇ ਮਿੱਥੇ ਉਦੇਸ਼ਾਂ ’ਤੇ ਚੱਲਦਿਆਂ ਤਸੀਹੇ ਝੱਲੇ ਅਤੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਆਪਣਾ ਵਡਮੁੱਲਾ ਯੋਗਦਾਨ ਦਿੱਤਾ । ਉਨ੍ਹਾਂ ਦੇਸ਼ ਭਗਤਾਂ ’ਚੋਂ ਲਾਲਾ ਹਰਦਿਆਲ ਅਜਿਹੀ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਭਾਰਤੀ ਲੋਕਾਂ ਵਿੱਚ ਗ਼ਦਰ ਲਹਿਰ ਪ੍ਰਤੀ ਜਾਗ  ਲਾਈ । ਲਾਲਾ ਜੀ ਦਾ ਜਨਮ 14 ਅਕਤੂਬਰ 1884 ਨੂੰ ਪੁਰਾਣੀ ਦਿੱਲੀ ਦੇ ਚੀਰੇਖਾਨਾ ਮੁਹੱਲੇ ਵਿੱਚ ਗੌਰੀ ਦਿਆਲ ਮਾਥੁਰ ਅਤੇ ਭੋਲੀ ਰਾਣੀ ਦੇ ਘਰ ਹੋਇਆ । ਉਨ੍ਹਾਂ ਨੇ ਦਿੱਲੀ ਦੇ ਕ੍ਰਿਸ਼ਚਨ ਸਕੂਲ ਤੋਂ ਦਸਵੀਂ ਦੀ ਪ੍ਰੀਖਿਆ ਪਾਸ ਕੀਤੀ। ਬਾਅਦ ਵਿੱਚ ਦਿੱਲੀ ਦੇ ਸੇਂਟ ਸਟੀਫਨਜ਼ ਕਾਲਜ ਤੋਂ ਬੀ.ਏ. ਵਜੀਫ਼ਾ ਪ੍ਰਾਪਤ ਕਰਕੇ ਪਾਸ ਕੀਤੀ । ਮਗਰੋਂ ਲਾਲਾ ਜੀ ਨੇ ਲਾਹੌਰ ਦੇ ਸਰਕਾਰੀ ਕਾਲਜ ਤੋਂ ਅੰਗਰੇਜ਼ੀ ਤੇ ਇਤਿਹਾਸ ਵਿਸ਼ੇ ’ਚ ਐਮ. ਏ. ਪਾਸ ਕੀਤੀ ।

ਲਾਲਾ ਹਰਦਿਆਲ ਜੀ ਪਹਿਲੇ ਪੰਜਾਬੀ ਸਨ, ਜਿਨ੍ਹਾਂ ਨੂੰ ਅੰਗਰੇਜ਼ ਹਕੂਮਤ ਵੱਲੋਂ ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ ਵਿੱਚ ਉਚੇਰੀ ਵਿੱਦਿਆ ਦੀ ਪ੍ਰਾਪਤੀ ਲਈ 200 ਪੌਂਡ ਸਲਾਨਾ ਦਾ ਵਜੀਫ਼ਾ ਦਿੱਤਾ ਗਿਆ ਸੀ । ਇੱਥੇ ਉਨ੍ਹਾਂ ਦਾ ਸੰਪਰਕ ਉੱਘੇ ਕ੍ਰਾਂਤੀਕਾਰੀ ਆਗੂਆਂ ਸੀ.ਐਫ. ਐਡਰਿਊਜ਼, ਸ਼ਿਆਮ ਜੀ, ਕ੍ਰਿਸ਼ਨ ਵਰਮਾ ਅਤੇ ਭਾਈ ਪਰਮਾਨੰਦ ਨਾਲ ਹੋਇਆ । ਮਗਰੋਂ ਉਹ ‘ਅਭਿਨਵ ਭਾਰਤ’ ਸੰਸਥਾ ਦੇ ਮੈਂਬਰ ਬਣ ਗਏ । ਲਾਲਾ ਜੀ ਨੇ ਫ਼ਰਵਰੀ 1911 ਵਿੱਚ ਅਮਰੀਕਾ ਪਹੁੰਚ ਕੇ ਇੱਥੋਂ ਦੀ ਹਾਰਵਰਡ ਯੂਨੀਵਰਸਿਟੀ ਵਿੱਚ ਦਾਖ਼ਲਾ ਲੈ ਕੇ ਬੁੱਧ ਧਰਮ ਬਾਰੇ ਖੋਜ ਕਰਨੀ ਸ਼ੁਰੂ ਕਰ ਦਿੱਤੀ । ਫ਼ਰਵਰੀ 1912 ਵਿੱਚ ਉਹ ਕੈਲੇਫੋਰਨੀਆ ਦੀ ਸਟੈਨਫੋਰਡ ਯੂਨੀਵਰਸਿਟੀ ਵਿੱਚ ਭਾਰਤੀ ਫ਼ਲਸਫ਼ੇ ਅਤੇ ਸੰਸਕ੍ਰਿਤ ਦੇ ਪ੍ਰੋਫ਼ੈਸਰ ਨਿਯੁਕਤ ਹੋਏ । ਇਸ ਸਮੇਂ ਦੌਰਾਨ ਉਨ੍ਹਾਂ ਨੇ ਵੱਖ-ਵੱਖ ਭਾਸ਼ਾਵਾਂ ਰਾਹੀਂ ਵਿਦਿਆਰਥੀਆਂ ਅਤੇ ਹੋਰ ਵਰਗਾਂ ਦੇ ਲੋਕਾਂ ’ਚ ਰਾਜਸੀ ਜਾਗਰੂਕਤਾ ਪੈਦਾ ਕੀਤੀ ।

21 ਅਪ੍ਰੈਲ, 1913 ਨੂੰ ਆਸਟਰੀਆ ਵਿੱਚ ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ ਦੀ ਬੈਠਕ ਹੋਈ, ਜਿਸ ਨੂੰ ਲਾਲਾ ਹਰਦਿਆਲ ਸਮੇਤ ਬਾਬਾ ਸੋਹਣ ਸਿੰਘ ਭਕਨਾ, ਪੰਡਤ ਕਾਸ਼ੀ ਰਾਮ, ਕਰਤਾਰ ਸਿੰਘ ਸਰਾਭਾ ਨੇ

ਸੰਬੋਧਿਤ ਕੀਤਾ । ਜਥੇਬੰਦੀ ਦਾ ਨਾਂ ਬਦਲ ਕੇ ਸਰਬਸੰਮਤੀ ਨਾਲ ਹਿੰਦੀ ਐਸੋਸੀਏਸ਼ਨ ਆਫ਼ ਪੈਸਫਿਕ ਕੋਸਟ ਰੱਖਿਆ ਗਿਆ । ਪਰ ਹਰਦਿਆਲ ਦੇ ਮਨ ਵਿੱਚ (ਹਿੰਦੀ ਦੀ ਥਾਂ) ਹਿੰਦੂ ਐਸੋਸੀਏਸ਼ਨ ਸੀ । ਇਹੀ ਨਾਂ ਉਸ ਦੀ ਜੀਵਨੀ ਦੀ ਲੇਖਕਾ ਐਮਿਲੀ ਬਰਾਊਨ ਨੇ ਵੀ ਵਰਤਿਆ ਹੈ। ਇਸ ਦੇ ਸਥਾਪਿਤ ਕੀਤੇ ਜਾਣ ਦੀ ਤਰੀਕ ਬਾਰੇ ਵੱਖ-ਵੱਖ ਇਤਿਹਾਸਕਾਰਾਂ ਵੱਲੋਂ ਕੁਝ ਅੰਤਰ ਦੱਸਿਆ ਗਿਆ ਹੈ ।ਪਰ ਹੋਮ ਡਿਪਾਰਟਮੈਂਟ ਦੀ ਪੋਲੀਟੀਕਲ ਫ਼ਾਈਲ ਨਵੰਬਰ 1913, ਨੰ. 62-66 ਦੇ ਮੁਤਾਬਕ ਇਹ ਮਈ 1913 ਸੀ । ਇਸ ਦਾ ਉਦੇਸ਼ ਹਥਿਆਰਬੰਦ ਇਨਕਲਾਬ ਦੁਆਰਾ ਭਾਰਤ ਨੂੰ ਬ੍ਰਿਟਿਸ਼ ਹਕੂਮਤ ਤੋਂ ਆਜ਼ਾਦ ਕਰਵਾਉਣਾ ਅਤੇ ਬਰਾਬਰੀ ਦੇ ਆਧਾਰ ’ਤੇ ਲੋਕਰਾਜ ਸਥਾਪਿਤ ਕਰਨਾ ਸੀ ।

ਲਾਲਾ ਹਰਦਿਆਲ ਨੂੰ ਗ਼ਦਰ ਪਾਰਟੀ ਦਾ ਜਨਰਲ ਸਕੱਤਰ ਚੁਣਿਆ ਗਿਆ । 1 ਨਵੰਬਰ 1913 ਨੂੰ ਗ਼ਦਰ ਨਾਂ ਦਾ ਹਫ਼ਤਾਵਾਰੀ ਅਖ਼ਬਾਰ ਉਰਦੂ ਵਿੱਚ ਪ੍ਰਕਾਸ਼ਿਤ ਕੀਤਾ ਗਿਆ । ਇਸ ਦੇ ਮੁੱਖ ਸੰਪਾਦਕ ਲਾਲਾ ਜੀ ਚੁਣੇ ਗਏ । ਇਸ ਪਰਚੇ ਦੀ ਸੰਪਾਦਨਾ ਵਿੱਚ ਉਨ੍ਹਾਂ ਦਾ ਮੁੱਖ ਸਹਿਯੋਗੀ ਰਾਮ ਚੰਦਰ ਪਿਸ਼ਾਵਰੀ ਸੀ । ਅੰਗਰੇਜ਼ ਸਰਕਾਰ ਗ਼ਦਰ ਲਹਿਰ ਦੇ ਵਧਦੇ ਪ੍ਰਚਾਰ-ਪ੍ਰਸਾਰ ਤੋਂ ਬਹੁਤ ਚਿੰਤਤ ਸੀ । ਸਰਕਾਰ ਸਮਝਦੀ ਸੀ ਕਿ ਗ਼ਦਰ ਲਹਿਰ ਦੇ ਉਭਾਰ ਵਿੱਚ ਪ੍ਰਮੁੱਖ ਯੋਗਦਾਨ ਲਾਲਾ ਹਰਦਿਆਲ ਦਾ ਸੀ । 26 ਮਾਰਚ 1914 ਨੂੰ ਲਾਲਾ ਜੀ ਨੂੰ ਰਘੁਬਰ ਦਿਆਲ ਗੁਪਤਾ ਨਾਲ ਸੀ. ਆਈ. ਡੀ. ਦੁਆਰਾ ਗ੍ਰਿਫ਼ਤਾਰ ਕਰ ਲਿਆ ਗਿਆ। ਭਾਵੇਂ ਉਹ ਬਾਅਦ ਵਿੱਚ ਸਾਨਫਰਾਂਸਿਸਕੋ ਦੀ ਐਮਾ ਗੋਲਡਨ ਦੁਆਰਾ 1000 ਡਾਲਰ ਦੀ ਜ਼ਮਾਨਤ ਰਾਹੀਂ ਰਿਹਾਅ ਹੋ ਗਏ , ਪਰ ਗ਼ਦਰ ਲਹਿਰ ਦੇ ਕੁਝ ਸਿਆਣੇ ਆਗੂਆਂ ਨੇ ਹਾਲਾਤ ਦੀ ਨਜ਼ਾਕਤ ਨੂੰ ਸਮਝਦੇ ਹੋਏ ਅਤੇ ਅੰਗਰੇਜ਼ ਸਰਕਾਰ ਦੀਆਂ ਸ਼ਰਾਰਤੀ ਚਾਲਾਂ ਤੋਂ ਬਚਣ ਲਈ ਉਨ੍ਹਾਂ ਨੂੰ ਅਮਰੀਕਾ ਤੋਂ ਸਵਿਟਰਜ਼ਰਲੈਂਡ ਭੇਜ ਦਿੱਤਾ । ਦਰੀਸੀ ਚੈਂਚਈਆ, ਜਿਹੜਾ ਗ਼ਦਰ ਪਾਰਟੀ ਦੇ ਬਣਨ ਸਮੇਂ ਬਰਕਲੀ ਯੂਨੀਵਰਸਿਟੀ ਵਿੱਚ ਪੜ੍ਹਾਈ ਕਰ ਰਿਹਾ ਸੀ, ਆਪਣੀ ਇੱਕ ਹੱਥ ਲਿਖਤ ਵਿੱਚ ਦੱਸਦਾ ਹੈ, "ਲਾਲਾ ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਮਗਰੋਂ ਪਾਰਟੀ ਜਥੇਬੰਦੀ ਵਿੱਚ ਟਕਰਾ ਪੈਦਾ ਹੋ ਗਿਆ ਸੀ । ਦੂਜੇ ਗ਼ਦਰੀ ਯੋਧੇ ਲੜਾਕੂ ਜਜ਼ਬੇ ਤੇ ਕੁਰਬਾਨੀ ਕਰਨ ਦੇ ਗੁਣਾਂ ਨਾਲ ਤਾਂ ਭਰਪੂਰ ਸਨ ਪਰ ਬਾਬਾ ਭਕਨਾ ਨੇ ਲਾਲਾ ਹਰਦਿਆਲ ਦੀ ਥਾਂ ਨਵੇਂ ਚੁਣੇ ਚੀਫ਼



ਸੈਕਟਰੀ ਭਾਈ ਸੰਤੋਖ ਸਿੰਘ ਦੀ ਕਾਬਲੀਅਤ ਦੀ ਸ਼ਲਾਘਾ ਕੀਤੀ । ਇੱਕ ਗੱਲਬਾਤ ਦੌਰਾਨ ਬਾਬਾ ਜੀ ਨੇ ਹੋਰ ਸਪੱਸ਼ਟ ਕੀਤਾ, “ਲਾਲਾ ਹਰਦਿਆਲ ਨੇ ਕੇਵਲ ਪੰਜ ਮਹੀਨੇ ਸਾਡੇ ਨਾਲ ਕੰਮ ਕੀਤਾ । ਜੇ ਉਹ ਪਾਰਟੀ ਦੀ ਜਿੰਦ ਜਾਨ ਹੁੰਦਾ, ਤਾਂ ਉਸ ਦੇ ਜਾਣ ਮਗਰੋਂ ਗ਼ਦਰ ਲਹਿਰ ਜ਼ਰੂਰ ਮੁੱਕ ਜਾਂਦੀ, ਪਰ ਇੰਵ ਨਹੀਂ ਹੋਇਆ। ਸਗੋਂ ਲਹਿਰ ਹੋਰ ਮਜ਼ਬੂਤ ਹੋਈ। ਇਨਕਲਾਬ ਲਈ ਤਿਆਰੀ ਉਸ ਦੇ ਜਾਣ ਪਿੱਛੋਂ ਕੀਤੀ ਗਈ ।" ਮਗਰੋਂ ਹਰਦਿਆਲ ਜਰਮਨੀ, ਆਸਟਰੀਆ, ਅਲਜੀਰੀਆ, ਸਵੀਡਨ ਵਿੱਚ ਵੀ ਗਏ । 1909 ਤੋਂ 1926 ਤਕ ਹਰਦਿਆਲ ਨੇ ਕਲਕੱਤਾ ਦੇ ‘ਮਾਡਰਨ ਰਿਵਿਊ’ ਮੈਗਜ਼ੀਨ ਵਿੱਚ 17 ਲੇਖ ਲਿਖੇ । 1909 ਵਿੱਚ ਪੈਰਿਸ ਪਹੁੰਚ ਕੇ ‘ਬੰਦੇ ਮਾਤਰਮ’ ਨਾਂ ਦਾ ਅਖ਼ਬਾਰ ਸ਼ੁਰੂ ਕੀਤਾ । ਅਕਤੂਬਰ 1914 ਵਿੱਚ ਲਾਲਾ ਜੀ ਜਰਮਨੀ ਪਹੁੰਚੇ ।

ਸੰਨ 1931 ਵਿੱਚ ਲਾਲਾ ਹਰਦਿਆਲ ਨੇ ਪੀ.ਐੱਚ.ਡੀ ਦੀ ਡਿਗਰੀ ਲਈ ‘ਬੋਧੀ ਸਤੇਵਾ ਨਾਂ ਦਾ ਖੋਜ-ਪ੍ਰਬੰਧ ਲੰਡਨ ਯੂਨੀਵਰਸਿਟੀ ਵਿੱਚ ਪੇਸ਼ ਕੀਤਾ ਅਤੇ 1932 ਵਿੱਚ 48 ਵਰ੍ਹਿਆਂ ਦੀ ਉਮਰ ਵਿੱਚ ਡਾ. ਹਰਦਿਆਲ ਬਣਿਆ । ਸੰਨ 1934 ਵਿੱਚ ਲਾਲਾ ਜੀ ਦੀ ਪ੍ਰਸਿੱਧ ਪੁਸਤਕ **‘ਹਿੰਟਸ ਫਾਰ ਸੈਲਫ਼ ਕਲਚਰ’** ਪ੍ਰਕਾਸ਼ਿਤ ਹੋਈ ।

ਲਾਲਾ ਜੀ ਅੰਗਰੇਜ਼ੀ ਤੋਂ ਇਲਾਵਾ ਉਰਦੂ, ਪੰਜਾਬੀ, ਸੰਸਕ੍ਰਿਤ, ਪਾਲੀ, ਫ਼ਾਰਸੀ, ਸਵੀਡਿਸ਼ ਅਤੇ ਜਰਮਨ ਭਾਸ਼ਾ ਦੇ ਮਹਾਨ ਵਿਦਵਾਨ ਸਨ । ਸੰਨ 1938 ਵਿੱਚ ਅੰਗਰੇਜ਼ ਸਰਕਾਰ ਇਸ ਗੱਲ ਲਈ ਸਹਿਮਤ ਹੋ ਗਈ  ਕਿ ਉਨ੍ਹਾਂ ਨੂੰ ਭਾਰਤ ਜਾਣ ਦੀ ਇਜਾਜ਼ਤ ਦਿੱਤੀ ਜਾਵੇ, ਪਰ ਉਨ੍ਹਾਂ ਨੂੰ ਦੇਸ਼ ਪਰਤਣਾ ਨਸੀਬ ਨਹੀਂ ਹੋਇਆ । ਉਹ ਅਮਰੀਕਾ ਦੇ ਫਿਲਾਡੇਲਫੀਆ ਸ਼ਹਿਰ ਵਿੱਚ ਸ਼ਾਂਤੀ ਸੰਬੰਧੀ ਭਾਸ਼ਣ ਦੇਣ ਗਏ ਕਿ ਉੱਥੇ ਹੀ ੫੫ ਸਾਲ ਦੀ ਉਮਰ ਵਿੱਚ 4 ਮਾਰਚ, 1939 ਨੂੰ ਅਕਾਲ ਚਲਾਣਾ ਕਰ ਗਏ

ਸੰਪਰਕ : 94633-64992

(ਪੰਜਾਬੀ ਟ੍ਰਿਬਿਊਨ, 3 ਅਪ੍ਰੈਲ 2019 ’ਚੋਂ ਧੰਨਵਾਦ ਸਹਿਤ !)

# ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ

## ਹਰਪ੍ਰੀਤ ਸਿੰਘ ਸਵੈਚ

ਆਜ਼ਾਦੀ ਹਾਸਲ ਕਰਨ ਲਈ ਦੇਸ਼ ਵਿੱਚ ਹੋਈਆਂ ਇਨਕਲਾਬੀ ਲਹਿਰਾਂ 'ਚੋਂ ਗ਼ਦਰ ਇਕ ਅਜਿਹੀ ਲਹਿਰ ਹੈ, ਜਿਸ ਨੇ ਮੁਲਕ ਵਿੱਚ ਹਥਿਆਰਬੰਦ ਸੰਘਰਸ਼ ਦਾ ਮੁੱਢ ਬੰਨ੍ਹਿਆਂ । ਸੈਂਕੜੇ ਆਜ਼ਾਦੀ ਦੇ ਆਸ਼ਕਾਂ ਨੇ ਇਸ ਲਹਿਰ ਅਧੀਨ ਸ਼ਹੀਦੀਆਂ ਦੇ ਜਾਮ ਪੀਤੇ ਅਤੇ ਕਈਆਂ ਨੇ ਜਿਉਂਦੇ ਰਹਿ ਕੇ ਕਾਲੇ ਪਾਣੀਆਂ ਦਾ ਅਣਮਨੁੱਖੀ ਤਸ਼ੱਦਦ ਪਿੰਡੇ 'ਤੇ ਹੰਢਾਇਆ। ਇਸੇ ਲਹਿਰ ਦੇ ਮੋਹਰੀ ਆਗੂਆਂ ਵਿੱਚ ਅੰਮ੍ਰਿਤਸਰ ਦੇ ਪਿੰਡ ਠੱਠੀਆਂ ਵਿੱਚ ਕਨ੍ਹੱਈਆ ਸਿੰਘ ਦੇ ਘਰ 1876 ਵਿੱਚ ਜਨਮੇ ਬਾਬਾ ਜਵਾਲਾ ਸਿੰਘ ਦਾ ਜ਼ਿਕਰ ਵੀ ਆਉਂਦਾ ਹੈ। 20ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਗ਼ੁਲਾਮੀ ਅਤੇ ਭੁੱਖ ਦੇ ਸਤਾਏ ਕਈ ਪੰਜਾਬੀਆਂ ਨੇ ਬਾਹਰਲੇ ਮੁਲਕਾਂ ਦਾ ਰੁਖ਼ ਕੀਤਾ । ਇਸੇ ਦੌਰ ਵਿੱਚ ਬਾਬਾ ਜਵਾਲਾ ਸਿੰਘ ਵੀ ਚੀਨ, ਪਨਾਮਾ, ਮੈਕਸੀਕੋ ਅਤੇ ਕੈਨੇਡਾ ਆਦਿ ਦੇਸ਼ਾਂ ਵਿੱਚ ਹੁੰਦੇ ਹੋਏ ਕੈਲੇਫੋਰਨੀਆ (ਅਮਰੀਕਾ) ਪਹੁੰਚੇ । ਇੱਥੇ ਉਨ੍ਹਾਂ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਸਟਾਕਟਨ ਸ਼ਹਿਰ ਦੇ ਨੇੜੇ ਹਾਲਟਵਿਲ ਵਿੱਚ 500 ਏਕੜ ਜ਼ਮੀਨ ਸਰਕਾਰ ਤੋਂ ਲੀਜ਼ 'ਤੇ ਲੈ ਕੇ ਆਲੂਆਂ ਦੀ ਖੇਤੀ ਸ਼ੁਰੂ ਕੀਤੀ । ਕੁਝ ਸਾਲਾਂ ਵਿੱਚ ਹੀ ਦ੍ਰਿੜ੍ਹ ਮਿਹਨਤ ਸਦਕਾ ਕੀਤੀ ਕਮਾਈ ਕਾਰਨ ਬਾਬਾ ਜੀ ਪੂਰੇ ਅਮਰੀਕਾ ਵਿੱਚ ਆਲੂਆਂ ਦੇ ਬਾਦਸ਼ਾਹ ਵਜੋਂ ਮਸ਼ਹੂਰ ਹੋ ਗਏ। ਬਾਬਾ ਜੀ ਦਾ ਹਾਲਟਵਿਲ ਫਾਰਮ ਹਾਊਸ ਭਾਰਤੀਆਂ ਖ਼ਾਸ ਕਰਕੇ ਪੰਜਾਬੀ ਨੌਜਵਾਨਾਂ ਲਈ ਸ਼ਰਨਗਾਹ ਵਜੋਂ ਪ੍ਰਸਿੱਧ ਸੀ । ਅਮਰੀਕਨ ਗੋਰੇ ਬਾਬਾ ਜੀ ਨੂੰ ਰੇਲਗੱਡੀ ਵਿੱਚ ਆਲੂਆਂ ਦੀਆਂ ਬੋਰੀਆਂ ਰੱਖਣ ਲਈ ਥਾਂ ਨਾ ਦਿੰਦੇ, ਹੋਟਲਾਂ ਵਿੱਚ ਵੀ ਬਾਬਾ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਕਈ ਵਾਰ ਵਿਤਕਰੇ ਦਾ ਸਾਹਮਣਾ ਕਰਨਾ ਪਿਆ । ਗੋਰਿਆਂ ਵੱਲੋਂ ਭਾਰਤੀਆਂ ਨਾਲ ਕੀਤੇ ਜਾਂਦੇ ਇਸ ਅਣਮਨੁੱਖੀ ਵਤੀਰੇ ਨੇ ਬਾਬਾ ਜੀ ਨੂੰ ਦੇਸ਼ ਦੀ ਗ਼ੁਲਾਮ ਫਿਜ਼ਾ ਦਾ ਦੁਖਦਾਈ ਅਹਿਸਾਸ ਕਰਵਾਇਆ। ਇਕ ਅਣਖੀ, ਦਲੇਰ ਤੇ ਨਿੱਡਰ ਯੋਧਾ ਆਖਿਰ ਕਦੋਂ ਤਕ ਇਹੋ ਜਿਹੀਆਂ ਜ਼ਿਆਦਤੀਆਂ ਸਹਾਰ ਸਕਦਾ ਸੀ, ਆਖਿਰ ਇਕ ਦਿਨ ਬਾਬਾ ਜੀ ਨੇ ਰੇਲਗੱਡੀ ਵਿੱਚ ਆਲੂਆਂ ਦੀ ਬੋਰੀ ਨਾ ਰੱਖਣ ਦੇਣ ਕਾਰਨ ਗੋਰਿਆਂ ਦੀ ਚੰਗੀ ਭੁਗਤ ਸਵਾਰੀ। ਇਸ ਘਟਨਾ ਤੋਂ ਬਾਅਦ ਬਾਬਾ ਜੀ ਨੇ ਬਾਬਾ ਵਸਾਖਾ ਸਿੰਘ, ਭਾਈ ਸੰਤੋਖ ਸਿੰਘ, ਪ੍ਰੋ. ਤੇਜਾ ਸਿੰਘ ਅਤੇ ਬਾਬਾ ਅਮਰ ਸਿੰਘ ਸੰਧਵਾਂ ਜਿਹੇ ਗ਼ਦਰ ਲਹਿਰ ਦੇ ਸਿਰਕੱਢ ਆਗੂਆਂ ਦੀ ਸੰਗਤ ਵਿੱਚ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਕੁੱਦਣ ਦਾ ਫ਼ੈਸਲਾ ਕਰ ਲਿਆ । 1912 ਵਿੱਚ ਬਾਬਾ ਜੀ



ਨੇ ਆਪਣੇ ਸਾਥੀਆਂ ਅਤੇ ਸਿੱਖ ਸੰਗਤ ਦੀ ਮਦਦ ਨਾਲ ਸਟਾਕਟਨ ਸ਼ਹਿਰ ਵਿੱਚ 9 ਹਜ਼ਾਰ ਡਾਲਰ ਦੀ ਇਮਾਰਤ ਖ਼ਰੀਦ ਕੇ ਉੱਥੇ ਗੁਰਦੁਆਰਾ ਸਾਹਿਬ ਸਥਾਪਿਤ ਕੀਤਾ, ਜੋ ਕਿ ਬਾਅਦ ਵਿੱਚ ਗ਼ਦਰ ਲਹਿਰ ਦਾ ਵੱਡਾ ਕੇਂਦਰ ਬਣਿਆ । ਇਸੇ ਦੌਰਾਨ ਬਾਬਾ ਜੀ ਨੇ ਗੁਰੂ ਨਾਨਕ ਐਜੂਕੇਸ਼ਨਲ ਸੁਸਾਇਟੀ ਬਣਾ ਕੇ ਸਕਾਲਰਸ਼ਿਪ ਤਹਿਤ ਲੋੜਵੰਦ ਭਾਰਤੀ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਹਾਸਲ ਕਰਨ ਦਾ ਮੌਕਾ ਦਿੱਤਾ ।

ਬਾਬਾ ਸੋਹਣ ਸਿੰਘ ਭਕਨਾ ਅਤੇ ਲਾਲਾ ਹਰਦਿਆਲ ਦੇ ਯਤਨਾਂ ਸਦਕਾ ਕਾਇਮ ਕੀਤੀ ਗ਼ਦਰ ਪਾਰਟੀ ਵਿੱਚ ਬਾਬਾ ਜਵਾਲਾ ਸਿੰਘ ਨੇ ਵਧ ਚੜ੍ਹ ਕੇ ਹਿੱਸਾ ਲਿਆ । ਗ਼ਦਰ ਲਹਿਰ ਦੇ ਨੌਜਵਾਨ ਆਗੂ ਕਰਤਾਰ ਸਿੰਘ ਸਰਾਭਾ ਨੇ ਬਾਬਾ ਜਵਾਲਾ ਸਿੰਘ ਦੀ ਮਦਦ ਨਾਲ ਹੀ ਅਮਰੀਕਾ ਵਿੱਚ ਹਵਾਈ ਜਹਾਜ਼ ਚਲਾਉਣ ਦੀ ਟਰੇਨਿੰਗ ਹਾਸਲ ਕੀਤੀ ਸੀ । 1913 ਵਿੱਚ ਬਾਬਾ ਜੀ ਦੇ ਉੱਧਮ ਸਦਕਾ ਹੀ ਸੈਕਰਾਮੈਂਟੋ ਵਿੱਚ ਗ਼ਦਰ ਪਾਰਟੀ ਦੀ ਇਕ ਵੱਡੀ ਕਾਨਫ਼ਰੰਸ ਕਰਵਾਈ ਗਈ, ਜਿਸ ਵਿੱਚ ਬਾਬਾ ਜੀ ਨੂੰ ਪਾਰਟੀ ਦਾ ਮੀਤ ਪ੍ਰਧਾਨ ਚੁਣਿਆ ਗਿਆ ।

ਗ਼ਦਰ ਪਾਰਟੀ ਦੀਆਂ ਗਤੀਵਿਧੀਆਂ ਦਾ ਕੇਂਦਰ ਬਣਾਏ ਹਾਲਟਵਿਲ ਫਾਰਮ ਵਿੱਚ ਜੁਲਾਈ 1914 ਦੌਰਾਨ ਬੰਬ ਬਣਾਉਣ ਦੀ ਸਿਖਲਾਈ ਲੈ ਰਹੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਬੰਬ ਫਟਣ ਕਾਰਨ ਜ਼ਖਮੀ ਹੋ ਗਏ, ਜਿਨ੍ਹਾਂ ਦਾ ਇਲਾਜ ਬਾਬਾ ਜੀ ਵੱਲੋਂ ਕਰਵਾਇਆ ਗਿਆ ।

1914 ਵਿੱਚ ਜਦੋਂ ਮੁਸਾਫ਼ਰਾਂ ਨਾਲ ਭਰੇ ਕਾਮਾਗਾਟਾਮਾਰੂ ਜਹਾਜ਼ ਨੂੰ ਵੈਨਕੋਵਰ ਵਿੱਚ ਘੇਰਾ ਪਾਇਆ ਗਿਆ ਤਾਂ ਰਾਸ਼ਨ ਪਾਣੀ ਖ਼ਤਮ ਹੋ ਜਾਣ ਕਾਰਨ ਮੁਸਾਫ਼ਰਾਂ ਦੀ ਮੁਸ਼ਕਲ ਦੀ ਖ਼ਬਰ ਚਾਰੇ ਪਾਸੇ ਫੈਲ ਗਈ। ਇਸ ਔਖਿਆਈ ਦੇ ਸਮੇਂ ਵਿੱਚ ਬਾਬਾ ਜਵਾਲਾ ਸਿੰਘ ਨੇ ਆਪਣੇ ਸਾਥੀਆਂ ਦੀ ਮਦਦ ਨਾਲ ਜਾਨ ਮਾਲ ਦੀ ਬਾਜ਼ੀ ਲਗਾ ਕੇ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਲਈ ਰਾਸ਼ਨ ਪਹੁੰਚਾਇਆ ।

ਭਾਰਤ ਵਿੱਚ ਗ਼ਦਰ ਸ਼ੁਰੂ ਕਰਨ ਦੇ ਇਰਾਦੇ ਨਾਲ ਪਾਰਟੀ ਦਾ ਪਹਿਲਾ ਜਥਾ ਬਾਬਾ ਜਵਾਲਾ ਸਿੰਘ ਦੀ ਅਗਵਾਈ ਹੇਠ ਰਵਾਨਾ ਹੋਇਆ। ਅਮਰੀਕਾ ਤੋਂ ਹਾਂਗਕਾਂਗ ਅਤੇ ਸਿੰਘਾਪੁਰ ਹੁੰਦੇ ਹੋਇਆਂ ਗ਼ਦਰੀਆਂ ਦਾ ਜਥਾ ਕਲਕੱਤੇ ਪੁੱਜਿਆ ਜਿੱਥੋਂ ਇਨ੍ਹਾਂ ਗਦਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ । ਇਨ੍ਹਾਂ ਗ਼ਦਰੀਆਂ 'ਤੇ ਪਹਿਲਾਂ ਲਾਹੌਰ ਸਾਜ਼ਸ਼ ਮੁਕੱਦਮਾ ਚਲਾਇਆ ਗਿਆ । ਇਸ ਮੁਕੱਦਮੇ ਦੀ ਸੁਣਵਾਈ ਦੌਰਾਨ ਜੱਜ ਨੇ ਬਾਬਾ ਜਵਾਲਾ ਸਿੰਘ ਨੂੰ ਬਰੇਨ ਆਫ ਪਾਰਟੀ ਗਰਦਾਨਦਿਆਂ ਮੌਤ ਦੀ ਸਜ਼ਾ ਸੁਣਾਈ, ਜੋ ਬਾਅਦ ਵਿੱਚ ਜਲਾਵਤਨੀ ਵਿੱਚ ਬਦਲ ਦਿੱਤੀ ਗਈ । ਬਾਬਾ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ

ਰਾਵਲਪਿੰਡੀ ਜੇਲ੍ਹ ਵਿੱਚ ਭੇਜਿਆ ਗਿਆ । ਬਾਬਾ ਜੀ ਦਾ ਗ਼ਦਰੀ ਖ਼ੂਨ ਹਾਲੇ ਠੰਡਾ ਨਹੀਂ ਸੀ ਹੋਇਆ । ਉਨ੍ਹਾਂ ਦੀ ਬੰਬ ਨਾਲ ਜੇਲ੍ਹ ਉਡਾਉਣ ਦੀ ਯੋਜਨਾ ਸਿਰੇ ਨਾ ਚੜ੍ਹ ਸਕੀ । ਬਾਬਾ ਜੀ ਦੇ ਇਰਾਦਿਆਂ ਤੋਂ ਖ਼ੌਫਜ਼ਦਾ ਅੰਗਰੇਜ਼ੀ ਹਕੂਮਤ ਨੇ ਦਸੰਬਰ, 1915 ਵਿੱਚ ਬਾਬਾ ਜੀ ਨੂੰ ਸਾਥੀਆਂ ਸਮੇਤ ਕਾਲੇਪਾਣੀ ਭੇਜ ਦਿੱਤਾ, ਜਿੱਥੇ ਉਨ੍ਹਾਂ ਤੇ ਅਣਮਨੁੱਖੀ ਤਸ਼ੱਦਦ ਢਾਹਿਆ ਗਿਆ; ਪਰ ਦਿਲ ਕੰਬਾਊ ਅੱਤਿਆਚਾਰ ਵੀ ਬਾਬਾ ਜੀ ਦੇ ਜਜ਼ਬੇ ਨੂੰ ਠੱਲ੍ਹ ਨਹੀਂ ਪਾ ਸਕੇ । 1921 ਦੌਰਾਨ ਅੰਗਰੇਜ਼ੀ ਹਕੂਮਤ ਵੱਲੋਂ ਕੁਝ ਸਮੇਂ ਲਈ ਕਾਲੇਪਾਣੀ ਜੇਲ੍ਹ ਨੂੰ ਬੰਦ ਕਰਨ ਕਰਕੇ ਕੈਦੀਆਂ ਨੂੰ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ। ਬਾਬਾ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਕੋਇੰਬਟੂਰ ਜੇਲ੍ਹ ਵਿੱਚ ਭੇਜਿਆ ਗਿਆ, ਜਿੱਥੇ ਭੁੱਖੇ ਰੱਖੇ ਜਾਣ ਵਾਲੇ ਕੈਦੀਆਂ ਨੂੰ ਆਪਣੇ ਹਿੱਸੇ ਦਾ ਭੋਜਨ ਖਵਾਏ ਜਾਣ ਦੇ ਦੋਸ਼ ਵਿੱਚ ਬਾਬਾ ਜੀ ਨੂੰ ਕੋੜਿਆਂ ਦੀ ਸਜ਼ਾ ਸੁਣਾਈ ਗਈ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਭੰਡਾਰਾ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ । ਲਗਭਗ 18 ਸਾਲ ਦੀ ਸਖ਼ਤ ਸਜ਼ਾ ਭੁਗਤਣ ਤੋਂ ਬਾਅਦ 1933 ਵਿੱਚ ਰਿਹਾਅ ਹੋਏ ਬਾਬਾ ਜੀ ਨੂੰ ਦੇਸ਼ ਭਗਤਾਂ ਦੇ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਬਣਾਈ ਸੁਸਾਇਟੀ ਦਾ ਪ੍ਰਧਾਨ ਥਾਪਿਆ ਗਿਆ । ਇਸ ਅਹੁਦੇ ’ਤੇ ਰਹਿੰਦਿਆਂ ਬਾਬਾ ਜੀ ਨੇ ਵਿੱਤੀ ਇਮਦਾਦ ਇਕੱਠੀ ਕਰਕੇ ਅਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਕੰਮ ਕੀਤਾ । ਰਿਹਾਈ ਤੋਂ ਬਾਅਦ ਵੀ ਬਾਬਾ ਜੀ ਨੇ ਅੰਗਰੇਜ਼ੀ ਹਕੂਮਤ ਵਿਰੁੱਧ ਆਪਣਾ ਪ੍ਰਚਾਰ ਜਾਰੀ ਰੱਖਿਆ, ਜਿਸ ਕਾਰਨ ਬਾਬਾ ਜੀ ਨੂੰ 1935 ਵਿੱਚ ਮੁੜ ਗ੍ਰਿਫ਼ਤਾਰ ਕਰਕੇ ਇਕ ਸਾਲ ਦੀ ਸਜ਼ਾ ਸੁਣਾ ਕੇ ਮੁਲਤਾਨ ਜੇਲ੍ਹ ਭੇਜਿਆ ਗਿਆ ।

ਬਾਬਾ ਜਵਾਲਾ ਸਿੰਘ ਨੇ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਜਥੇਬੰਦ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ । 1937 ਵਿੱਚ ਬਾਬਾ ਜੀ ਨੇ ਪੰਜਾਬ ਕਿਸਾਨ ਸਭਾ ਦੀ ਬੁਨਿਆਦ ਰੱਖੀ । ਇਹ ਬਾਬਾ ਜੀ ਦੀ ਮਿਹਨਤ ਦਾ ਹੀ ਨਤੀਜਾ ਸੀ ਕਿ ਕੁਝ ਦਿਨਾਂ ਵਿੱਚ ਹੀ ਕਿਸਾਨ ਸਭਾ ਦੇ ਮੈਂਬਰਾਂ ਦੀ ਗਿਣਤੀ 75 ਹਜ਼ਾਰ ਤੋਂ ਵੱਧ ਹੋ ਗਈ । ਪੰਜਾਬ ਕਿਸਾਨ ਸਭਾ ਤਹਿਤ ਮੁਜ਼ਾਰਾ ਲਹਿਰ ਨੂੰ ਤਕੜੀ ਕਰਨ ਲਈ ਦਿਨ ਰਾਤ ਇਕ ਕਰਨ ਵਾਲੇ ਬਾਬਾ ਜਵਾਲਾ ਸਿੰਘ 6 ਮਈ 1938 ਨੂੰ ਮਿੰਟਗੁਮਰੀ ਦੇ ਸ਼ਹਿਰ ਉਕਾੜਾ (ਪਾਕਿਸਤਾਨ) ਵਿੱਚ ਇਕ ਸੜਕ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋ ਗਏ। ਕੁਝ ਦਿਨ ਹਸਪਤਾਲ ਰਹਿਣ ਤੋਂ ਬਾਅਦ 9 ਮਈ ਨੂੰ ਗ਼ਦਰ ਲਹਿਰ ਦਾ ਇਹ ਅਣਖੀ ਯੋਧਾ ਸਦਾ ਦੀ ਨੀਂਦ ਸੌਂ ਗਿਆ ।

ਸੰਪਰਕ : 98782-24000

(ਪੰ: ਟ੍ਰਿ: 8 ਮਈ 2019 ’ਚੋਂ ਧੰਨਵਾਦ ਸਹਿਤ !)



### 1857 ਦਾ ਗ਼ਦਰ:

# ਪੰਜਾਬੀ ਨਾਇਕ ਅਹਿਮਦ ਖ਼ਾਂ ਖਰਲ

### ਨੂਰ ਮੁਹੰਮਦ ‘ਨੂਰ’

ਸਾਲ 1857 ਦਾ ਗ਼ਦਰ, ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਖ਼ਿਲਾਫ਼ ਪਹਿਲੀ ਵੱਡੀ ਬਗ਼ਾਵਤ ਸੀ । ਇਹ ਬਗ਼ਾਵਤ 10 ਮਈ 1857 ਨੂੰ ਮੇਰਠ ਦੀ ਫ਼ੌਜੀ ਕੰਪਨੀ ਦੇ ਸਿਪਾਹੀਆਂ ਵੱਲੋਂ ਫੌਜ ਦੇ ਹੁਕਮ ਮੰਨਣ ਤੋਂ ਨਾਂਹ ਕਰਨ ਨਾਲ ਸ਼ੁਰੂ ਹੋਈ । ਇਸ ਬਗ਼ਾਵਤ ਦੌਰਾਨ 29 ਵਰ੍ਹਿਆਂ ਦੇ ਨੌਜਵਾਨ ਮੰਗਲ ਪਾਂਡੇ ਦਾ ਨਾਂ ਉੱਭਰ ਕੇ ਸਾਹਮਣੇ ਆਇਆ । ਇਸ ਤੋਂ ਪਹਿਲਾਂ ਵੀ ਭਾਵੇਂ ਕੁਝ ਥਾਈਂ ਅੰਗਰੇਜ਼ਾਂ ਨਾਲ ਦਸਤਪੰਜੇ ਦੀਆਂ ਵਿੱਕੋਲਿਤਰੀਆਂ ਖ਼ਬਰਾਂ ਆਈਆਂ ਪਰ ਇਸ ਬਗ਼ਾਵਤ ਨੇ ਹਿੰਦੋਸਤਾਨੀ ਅਵਾਮ ਉੱਤੇ ਵੱਡੇ ਪੱਧਰ ’ਤੇ ਅਸਰ ਪਾਇਆ ਅਤੇ ਇਹ ਗੱਲ ਲੋਕ ਮਨਾਂ ਅੰਦਰ ਡੂੰਘੀ ਉੱਤਰ ਗਈ ਕਿ ਬਹੁਤ ਸ਼ਕਤੀਸ਼ਾਲੀ ਅੰਗਰੇਜ਼ ਹਾਕਮਾਂ ਨੂੰ ਵੰਗਾਰਿਆ ਜਾ ਸਕਦਾ ਹੈ । ਇਸ ਗ਼ਦਰ ਦੀ ਗੂੰਜ ਪੰਜਾਬ ਵਿੱਚ ਵੀ ਸੁਣਾਈ ਦਿੱਤੀ । ਰੋਪੜ ਵਿੱਚ ਮਿਹਰ ਸਿੰਘ ਦੀ ਅਗਵਾਈ ਵਿੱਚ ਹੋਈ ਬਗ਼ਾਵਤ ਵਿੱਚ ਮੁਗ਼ਲ-ਖ਼ਾਲਸਾ ਸਰਕਾਰ ਦੀ ਸਥਾਪਨਾ ਕੀਤੀ ਗਈ। ਜੈਤੋ ਵਿੱਚ ਸ਼ਾਮ ਦਾਸ ਦੀ ਅਗਵਾਈ ਵਿੱਚ ਬਗ਼ਾਵਤ ਹੋਈ ਪਰ ਸਭ ਤੋਂ ਵੱਡੀ ਬਗ਼ਾਵਤ ਅਹਿਮਦ ਖ਼ਾਂ ਖਰਲ ਦੀ ਅਗਵਾਈ ਵਿੱਚ ਸਾਂਦਲ ਬਾਰ ਵਿੱਚ ਹੋਈ ।

ਬਾਰਾਂ ਅਣਵੰਡੇ ਪੰਜਾਬ ਦੇ ਉਹ ਪੱਛਮੀ ਇਲਾਕੇ ਸਨ ਜਿੱਥੇ ਪਿਛਲੀਆਂ ਸਦੀਆਂ ਵਿੱਚ ਵਾਹੀ-ਬੀਜੀ ਨਹੀਂ ਹੁੰਦੀ ਸੀ । ਇੱਥੋਂ ਦੇ ਵਾਸੀ ਦੁੱਧ ਦੇਣ ਵਾਲੇ ਪਸ਼ੂ ਮੱਝਾਂ, ਗਊਆਂ ਤੇ ਭੇਡਾਂ ਬੱਕਰੀਆਂ ਪਾਲਦੇ ਸਨ । ਦੁੱਧ ਅਤੇ ਘੀ ਆਮ ਹੋਣ ਕਰਕੇ ਗੱਭਰੂ ਸਜੀਲੇ ਅਤੇ ਅਣਖੀਲੇ ਹੁੰਦੇ ਸਨ। ‘ਲੋਕ ਤਵਾਰੀਖ਼’ ਦਾ ਲੇਖਕ ਸਫ਼ਾ 177 ’ਤੇ ਜਿਹੜੀਆਂ ਬਾਰਾਂ ਦਾ ਜ਼ਿਕਰ ਕਰਦਾ ਹੈ, ਉਨ੍ਹਾਂ ਵਿੱਚ ਸਾਂਦਲ ਦੀ ਬਾਰ, ਕੇਰਾਨਾ ਦੀ ਬਾਰ, ਗੰਜੀ ਬਾਰ, ਨੀਲੀ ਬਾਰ, ਬਿਆਸ ਬਾਰ, ਰਾਵੀ ਬਾਰ, ਜੰਗਲ ਬਾਰ ਖ਼ਜ਼ਾਨਾ ਬਾਰ, ਦੁੱਲੇ ਦੀ ਬਾਰ ਅਤੇ ਮਾਨਾਂ ਦੀ ਬਾਰ ਸ਼ਾਮਲ ਹਨ । ਇਨ੍ਹਾਂ ਬਾਰਾਂ ਵਿੱਚ ਹੀ ਸਾਂਦਲ ਦੀ ਬਾਰ ਆਉਂਦੀ ਹੈ ਜਿੱਥੋਂ ਦੇ ਖ਼ਰਲਾਂ, ਗੋਗੇਰਿਆਂ ਅਤੇ ਸਿਆਲਾਂ ਨੇ ਰਲ ਕੇ 1857 ਦੀ ਆਜ਼ਾਦੀ ਦੀ ਲੜਾਈ ਵਿੱਚ ਰਾਏ ਅਹਿਮਦ ਖ਼ਾਂ ਖਰਲ ਦੀ ਕਮਾਨ ਹੇਠ ਅੰਗਰੇਜ਼ ਫ਼ੌਜਾਂ ਨਾਲ ਟੱਕਰ ਲਈ ।

ਕਈ ਵਿਦਵਾਨ ਉਸ ਇਲਾਕੇ ਜਿਸ ਵਿੱਚ ਰਾਏ ਅਹਿਮਦ ਖ਼ਾਂ

ਖ਼ਰਲ ਨੇ ਆਜ਼ਾਦੀ ਦੀ ਲੜਾਈ ਲੜੀ, ਨੂੰ ਨੀਲੀ ਬਾਰ ਦਾ ਇਲਾਕਾ ਆਖਦੇ ਹਨ ਪਰ ਅਜੋਕੀਆਂ ਖੋਜਾਂ ਅਨੁਸਾਰ ਵਿਦਵਾਨ ਇਹ ਸਿੱਧ ਕਰਨ ਵਿੱਚ ਕਾਮਯਾਬ ਹੋ ਗਏ ਹਨ ਕਿ ਇਹ ਲੜਾਈ ਨੀਲੀ ਬਾਰ ਨਹੀਂ ਸਗੋਂ ਸਾਂਦਲ ਬਾਰ ਵਿੱਚ ਲੜੀ ਗਈ ਸੀ । ਸਾਂਦਲ ਬਾਰ ਦੀ ਜੂਹ ਦਾ ਜ਼ਿਕਰ ਕਰਦਿਆਂ 'ਪੰਜਾਬੀ ਲੋਕ ਧਾਰਾ' ਦਾ ਲੇਖਕ ਵਣਜਾਰਾ ਬੇਦੀ ਲਿਖਦਾ ਹੈ ਕਿ ਸਾਂਦਲ ਬਾਰ ਦੀ ਜੂਹ ਵਿੱਚ ਰਾਵੀ ਤੇ ਝਨਾਂ ਦਾ ਉਹ ਵਿਚਕਾਰਲਾ ਇਲਾਕਾ ਆਉਂਦਾ ਹੈ ਜਿਸ ਵਿੱਚ ਸ਼ੇਖ਼ੂਪੁਰਾ, ਮਿੰਟਗੁਮਰੀ, ਝੰਗ ਅਤੇ ਲਾਇਲਪੁਰ ਦੇ ਜ਼ਿਲ੍ਹੇ ਸ਼ਾਮਲ ਹਨ ।

ਹਿੰਦੁਸਤਾਨ ਵਿੱਚ ਆਜ਼ਾਦੀ ਦੀ ਲੜਾਈ ਦਾ ਮੁੱਢ ਭਾਵੇਂ ਮੇਰਠ ਤੋਂ ਬੱਝਿਆ ਪਰ ਅਜੋਕੇ ਪੱਛਮੀ ਪੰਜਾਬ ਵਿੱਚ ਇਸ ਦਾ ਮੁੱਢ ਉਦੋਂ ਬੱਝਿਆ ਜਦੋਂ 6 ਜੁਲਾਈ 1857 ਨੂੰ ਸਾਂਦਲ ਦੀ ਬਾਰ ਦਾ ਜੋਇਆ ਕਬੀਲਾ ਅੰਗਰੇਜ਼ਾਂ ਨੂੰ ਮਾਮਲਾ ਦੇਣ ਤੋਂ ਇਨਕਾਰੀ ਹੋ ਗਿਆ ਅਤੇ ਛੋਟੇ ਮੋਟੇ ਹਥਿਆਰਾਂ ਨਾਲ ਅੰਗਰੇਜ਼ੀ ਫੌਜ ਦੇ ਸਾਹਮਣੇ ਡਟ ਗਿਆ । ਅੰਗਰੇਜ਼ ਸਰਕਾਰ ਨੇ ਸਖ਼ਤੀ ਦਾ ਪ੍ਰਗਟਾਵਾ ਕਰਦਿਆਂ ਹੋਇਆ ਕਬੀਲੇ ਦੇ ਬਹੁਤ ਸਾਰੇ ਆਦਮੀਆਂ ਨੂੰ ਕਤਲ ਕਰ ਦਿੱਤਾ ਅਤੇ ਬਾਕੀਆਂ ਨੂੰ ਔਰਤਾਂ ਤੇ ਬੱਚਿਆਂ ਸਮੇਤ ਜੇਲ੍ਹ ਵਿੱਚ ਬੰਦ ਕਰ ਦਿੱਤਾ । ਉਨ੍ਹਾਂ ਦੇ ਘਰਾਂ ਨੂੰ ਤਬਾਹ ਕਰ ਦਿੱਤਾ ਅਤੇ ਫ਼ਸਲਾਂ ਉਜਾੜ ਦਿੱਤੀਆਂ ।

ਜਦੋਂ ਇਸ ਕਬੀਲੇ ਦੇ ਅਣਖੀਲੇ ਜੋਧਿਆਂ ਨੇ ਪੰਜਾਬ ਦੇ ਰਾਠਾਂ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਦਾ ਤੌਕ (ring put around the neck of a criminal or slave) ਗਲੋਂ ਲਾਹ ਕੇ ਆਜ਼ਾਦੀ ਦੀ ਪ੍ਰਾਪਤੀ ਲਈ ਵੰਗਾਰਿਆ ਤਾਂ ਅੱਸੀ ਸਾਲ ਦੀ ਉਮਰ ਦੇ ਰਾਏ ਅਹਿਮਦ ਖ਼ਾਂ ਖਰਲ ਗੋਗੀਰਾ ਨੇ ਉਨ੍ਹਾਂ ਦੀ ਵੰਗਾਰ ਉੱਤੇ ਫੁੱਲ ਝੜਾਉਂਦਿਆਂ ਆਸ-ਪਾਸ ਦੇ ਕਬੀਲਿਆਂ ਨੂੰ ਇਕੱਠਾ ਕਰਕੇ ਗੋਗੀਰਾ ਜੇਲ੍ਹ ਉੱਤੇ ਧਾਵਾ ਬੋਲ ਦਿੱਤਾ ।

'ਜੰਗੇ ਆਜ਼ਾਦੀ ਕੇ ਮੁਸਲਿਮ ਮਸ਼ਾਹੀਰ' ਦਾ ਲੇਖਕ ਸਫ਼ਾ 156 ਉੱਤੇ ਲਿਖਦਾ ਹੈ, "ਅਹਿਮਦ ਖ਼ਾਂ ਖਰਲ ਉਪੇਰਾ ਕਬੀਲੇ ਦਾ ਸਰਦਾਰ ਸੀ । ਉਸ ਨੇ ਰਾਵੀ ਤੋਂ ਸਤਲੁਜ ਤਕ ਦੇ ਸਾਰੇ ਵੱਡੇ-ਵੱਡੇ ਕਬੀਲੇ ਅੰਗਰੇਜ਼ਾਂ ਵਿਰੁੱਧ ਆਪਣੇ ਨਾਲ ਰਲਾ ਲਏ ਜਿਨ੍ਹਾਂ ਵਿੱਚ ਫ਼ਤਿਆਣਾ ਅਤੇ ਕਾਠੀਆ ਕਬੀਲੇ ਮੁੱਖ ਸਨ । 26 ਜੁਲਾਈ 1857 ਨੂੰ ਅਹਿਮਦ ਖ਼ਾਂ ਖਰਲ ਨੇ ਗੋਗੀਰਾ ਜੇਲ੍ਹ ਵਿੱਚ ਹੰਗਾਮਾ ਕਰਵਾ ਦਿੱਤਾ । ਕੈਦੀ ਅਜੇ ਜੇਲ੍ਹ ਤੋੜ ਕੇ ਬਾਹਰ ਨਿਕਲ ਹੀ ਰਹੇ



ਸਨ ਕਿ ਅੰਗਰੇਜ਼ ਫੌਜ ਨੇ ਉੱਥੇ ਪਹੁੰਚ ਕੇ ਨਿਹੱਥੇ ਕੈਦੀਆਂ ਉੱਤੇ ਗੋਲੀ ਚਲਾ ਦਿੱਤੀ । ਇਸ ਗੋਲੀਬਾਰੀ ਵਿੱਚ ਚਾਲੀ ਦੇ ਕਰੀਬ ਕੈਦੀ ਮਾਰੇ ਗਏ, ਕੁਝ ਜ਼ਖ਼ਮੀ ਹੋ ਕੇ ਫੜੇ ਗਏ ਅਤੇ ਬਾਕੀ ਭੱਜ ਕੇ ਜੰਗਲ ਵਿੱਚ ਜਾ ਛੁਪੇ ।"

ਅਹਿਮਦ ਖ਼ਾਂ ਖਰਲ ਦਾ ਜਨਮ 1776 ਵਿੱਚ ਪਿੰਡ ਚਾਮਰਾ ਵਿਖੇ ਹੋਇਆ । ਉਨ੍ਹਾਂ ਦੇ ਪਿਤਾ ਦਾ ਨਾਂ ਰਾਏ ਨੱਥੂ ਖ਼ਾਂ ਖਰਲ ਸੀ ਜਿਹੜੇ ਖਰਲ ਕਬੀਲੇ ਦੇ ਸਰਦਾਰ ਸਨ । ਪਿਤਾ ਦੀ ਮੌਤ ਤੋਂ ਬਾਅਦ ਉਹ ਖਰਲ ਕਬੀਲੇ ਦੇ ਸਰਦਾਰ ਬਣੇ। ਜਦੋਂ ਉਨ੍ਹਾਂ ਨੇ ਜੋਇਆ ਕਬੀਲੇ ਦੇ ਜੁਝਾਰੂਆਂ ਦੀ ਹਮਾਇਤ ਵਿੱਚ ਜੇਲ੍ਹ ਦੀਆਂ ਕੰਧਾਂ ਢਾਹ ਕੇ ਕੈਦੀਆਂ ਨੂੰ ਆਜ਼ਾਦ ਕਰਵਾ ਲਿਆ ਤਾਂ ਅੰਗਰੇਜ਼ ਸਰਕਾਰ ਚਿੜ ਗਈ ਅਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ, ਪਰ ਉਸ ਦੇ ਜੋਟੀਦਾਰ ਮੁਰਾਦ ਫ਼ਤਿਆਨਾ ਨੇ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਇਕੱਠਾ ਕਰਕੇ ਲੜਾਈ ਦਾ ਬਿਗਲ ਵਜਾ ਦਿੱਤਾ । ਲੋਕਾਂ ਦੇ ਰੋਹ ਨੂੰ ਦੇਖਦਿਆਂ ਅੰਗਰੇਜ਼ਾਂ ਨੇ ਅਹਿਮਦ ਖ਼ਾਂ ਖਰਲ ਨੂੰ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ।

1857 ਦੀ ਆਜ਼ਾਦੀ ਦੀ ਲੜਾਈ ਸਮੇਂ ਇਸ ਇਲਾਕੇ ਦਾ ਅਸਿਸਟੈਂਟ ਕਮਿਸ਼ਨਰ ਮਿਸਟਰ ਬਰਕਲੇ ਸੀ । ਉਸ ਨੇ ਅਹਿਮਦ ਖ਼ਾਂ ਖਰਲ ਨੂੰ ਅੰਗਰੇਜ਼ ਪੱਖੀ ਬਣਾਉਣ ਲਈ ਉਸ ਨਾਲ ਦੋਸਤੀ ਗੰਢਣ ਦੀਆਂ ਸਕੀਮਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ । ਉਸ ਨੇ ਸਾਂਦਲ ਬਾਰ ਦੇ ਸਾਰੇ ਕਬੀਲਿਆਂ ਦਾ ਇਕੱਠ ਕੀਤਾ ਜਿਸ ਵਿੱਚ ਖਰਲ ਵੀ ਸ਼ਾਮਲ ਸੀ। ਲੇਖਕ ਅਤੇ ਖੋਜਕਾਰ ਸ਼ਾਰਿਬ ਅਨਸਾਰੀ ਆਪਣੀ ਰਚਨਾ 'ਕੰਨੀ ਬੂੰਦੇ' ਵਿੱਚ ਸਫ਼ਾ 213 ਉੱਤੇ ਲਿਖਦੇ ਹਨ, ਕਿਹਾ ਜਾਂਦਾ ਹੈ ਕਿ ਜਦੋਂ ਕਮਿਸ਼ਨਰ ਬਰਕਲੇ ਨੇ ਰਾਏ ਅਹਿਮਦ ਖ਼ਾਂ ਖਰਲ ਨਾਲ ਦੋਸਤੀ ਗੰਢਣ ਦੇ ਬਹਾਨੇ ਉਸ ਤੋਂ ਉਸ ਦੀ ਘੋੜੀ ਮੰਗੀ ਤਾਂ ਅੱਗਿਉਂ ਜਵਾਬ ਮਿਲਿਆ :

**"ਭੋਇੰ, ਰੰਨਾਂ, ਘੋੜੀਆਂ ਕਿਸੇ ਲੇਖ ਨਾ ਦਿੱਤੀਆਂ ।"**

ਉਪਰੋਕਤ ਪੰਕਤੀ ਦੀ ਵਿਆਖਿਆ ਕਰਦਿਆਂ ਖੋਜਕਾਰ ਮੁਹੰਮਦ ਆਸਿਫ਼ ਲਿਖਦੇ ਹਨ ਕਿ ਇਹ ਸਤਰ ਅਹਿਮਦ ਖ਼ਾਂ ਖਰਲ ਦੀ ਤਾਰੀਫ਼ ਵਿੱਚ ਲਿਖੇ ਢੋਲੇ ਦੀ ਪੰਕਤੀ ਹੈ ਜਿਸ ਦਾ ਸ਼ਾਇਰ ਮੀਰਦਾਦ ਮਰੂਆਨਾ ਹੈ ਜਿਹੜਾ ਹੜੱਪਾ ਦੇ ਨੇੜੇ ਰਹਿੰਦਾ ਸੀ ਅਤੇ ਅਹਿਮਦ ਖ਼ਾਂ ਖਰਲ ਦਾ ਸਮਕਾਲੀ ਸੀ । ਸ਼ਾਰਿਬ ਅਨਸਾਰੀ 'ਕੰਨੀ ਬੂੰਦੇ' ਵਿੱਚ ਸਫ਼ਾ 213 ਉੱਤੇ ਲਿਖਦੇ ਹਨ: "ਸਾਂਦਲ ਬਾਰ ਦੇ ਲੋਕ ਅੰਗਰੇਜ਼ ਅਸਿਸਟੈਂਟ ਕਮਿਸ਼ਨਰ ਬਰਕਲੇ ਨੂੰ

ਨਫ਼ਰਤ ਵਜੋਂ ਬਰਕਲੀ ਆਖਦੇ ਹਨ।" ਉਪਰੋਕਤ ਲਿਖਤਾਂ ਤੋਂ ਸਾਫ਼ ਜ਼ਾਹਰ ਹੈ ਕਿ ਲੋਕ ਅਹਿਮਦ ਖ਼ਾਂ ਖਰਲ ਨੂੰ ਕਿੰਨਾ ਚਾਹੁੰਦੇ ਸਨ।

ਸਾਂਦਲ ਦੀ ਬਾਰ ਦੇ ਕਬੀਲਿਆਂ ਜਿਨ੍ਹਾਂ ਵਿੱਚ ਕਾਠੀਏ, ਵੱਟੂ, ਬਘੇਲੇ, ਫ਼ਤਿਆਣੇ, ਅਤੇ ਖਰਲ ਸ਼ਾਮਲ ਸਨ, ਨੇ ਭਰਵਾਂ ਇਕੱਠ ਕਰਕੇ ਅੰਗਰੇਜ਼ਾਂ ਨਾਲ ਸਿੱਝਣ ਲਈ ਅਹਿਮਦ ਖ਼ਾਂ ਖਰਲ ਨੂੰ ਆਪਣਾ ਸਰਦਾਰ ਚੁਣ ਲਿਆ ਅਤੇ ਮਾਲੀਆ ਇਕੱਠਾ ਕਰਨ ਆਏ ਅੰਗਰੇਜ਼ ਅਫ਼ਸਰਾਂ ਨੂੰ ਸਾਫ਼ ਆਖ ਦਿੱਤਾ ਕਿ ਭੋਇੰ ਸਾਡੀ ਏ ਅਤੇ ਅਸੀਂ ਅੰਗਰੇਜ਼ਾਂ ਤੋਂ ਨਹੀਂ ਲਈ। ਮਾਲੀਆ ਤਾਂ ਅਸੀਂ ਉਦੋਂ ਨਹੀਂ ਦਿੱਤਾ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਕਬੀਲਿਆਂ ਦੇ ਏਕੇ ਦੀ ਖ਼ਬਰ ਗ਼ਦਾਰਾਂ ਤਕ ਵੀ ਅੱਪੜ ਗਈ ਅਤੇ ਸਰਫ਼ਰਾਜ਼ ਅਹਿਮਦ ਨਾਂ ਦਾ ਗ਼ੱਦਾਰ ਰਾਤ ਦੇ ਗਿਆਰਾਂ ਵਜੇ ਕਮਿਸ਼ਨਰ ਬਰਕਲੇ ਦੀ ਕੋਠੀ ਪਹੁੰਚ ਗਿਆ। ਸਵੇਰ ਹੁੰਦਿਆਂ ਹੀ ਅੰਗਰੇਜ਼ ਪੁਲੀਸ ਨੇ ਕਸ਼ੋਕਰੀ 'ਤੇ ਛਾਪਾ ਮਾਰਿਆ, ਪਰ ਅਹਿਮਦ ਖ਼ਾਂ ਖ਼ਰਲ ਬਚ ਕੇ ਨਿਕਲਣ ਵਿੱਚ ਕਾਮਯਾਬ ਹੋ ਗਿਆ।

ਕਬੀਲਿਆਂ ਨੂੰ ਲਾਮਬੰਦ ਕਰਨ ਤੋਂ ਬਾਅਦ ਅਹਿਮਦ ਖ਼ਾਂ ਖਰਲ ਨੇ ਗੋਗੀਰਾ ਜ਼ਿਲ੍ਹਾ ਸਾਹੀਵਾਲ ਤੋਂ ਅੰਗਰੇਜ਼ਾਂ ਖ਼ਿਲਾਫ਼ ਆਜ਼ਾਦੀ ਦੀ ਲੜਾਈ ਸ਼ੁਰੂ ਕਰ ਦਿੱਤੀ ਅਤੇ ਮੁਲਤਾਨ ਤੋਂ ਲਾਹੌਰ ਜਾਣ ਵਾਲੀ ਸਰਕਾਰੀ ਡਾਕ ਰੋਕ ਲਈ। ਉਸ ਨੇ ਆਪਣੀ ਇਸ ਛੋਟੀ ਜਿੰਨੀ ਫ਼ੌਜ ਨਾਲ ਗੋਗੀਰਾ ਤੋਂ ਝੁਮਰੇ ਵੱਲ ਚਾਲੇ ਪਾ ਦਿੱਤੇ। ਰਾਵੀ ਦੇ ਨੇੜੇ ਅਹਿਮਦ ਖ਼ਾਂ ਖਰਲ ਦੇ ਸਿਪਾਹੀਆਂ ਦੀ ਅੰਗਰੇਜ਼ੀ ਫੌਜ ਨਾਲ ਪਹਿਲੀ ਟੱਕਰ ਹੋਈ। ਅੰਗਰੇਜ਼ ਕਮਾਂਡਰ ਬਰਕਲੇ ਚਾਹੁੰਦਾ ਸੀ ਕਿ ਰਾਵੀ ਪਾਰ ਕਰਨ ਤੋਂ ਪਹਿਲਾਂ ਹੀ ਅਹਿਮਦ ਖ਼ਾਂ ਖਰਲ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ ਪਰ ਉਹ ਅਜਿਹਾ ਨਾ ਕਰ ਸਕਿਆ। ਦਰਿਆ ਪਾਰ ਕਰਨ ਤੋਂ ਬਾਅਦ ਆਪਣੇ ਇਲਾਕੇ ਵਿੱਚ ਪਹੁੰਚਦਿਆਂ ਹੀ ਅਹਿਮਦ ਖ਼ਾਂ ਖਰਲ ਨੇ ਐਲਾਨ ਕਰ ਦਿੱਤਾ ਕਿ ਉਹ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਦਾ ਵਫ਼ਾਦਾਰ ਸਿਪਾਹੀ ਹੈ ਅਤੇ ਅੰਗਰੇਜ਼ਾਂ ਨੂੰ ਮੁਲਕ ਵਿੱਚੋਂ ਬਾਹਰ ਕੱਢਣਾ ਚਾਹੁੰਦਾ ਹੈ। ਉਸ ਦੇ ਐਲਾਨ ਕਰਦਿਆਂ ਹੀ ਸਾਰਾ ਇਲਾਕਾ ਉਸ ਦੇ ਨਾਲ ਉੱਠ ਖਲੋਇਆ। 'ਜੰਗੇ ਆਜ਼ਾਦੀ ਕੇ ਮੁਸਲਿਮ ਮਸ਼ਾਹੀਰ' ਦਾ ਲੇਖਕ ਲਿਖਦਾ ਹੈ :

"ਅੰਗਰੇਜ਼ ਸਰਕਾਰ ਨੇ ਬਰਕਲੇ ਦੀ ਸਹਾਇਤਾ ਲਈ ਕਪਤਾਨ ਅਲਫ਼ੈਂਟਸ ਨੂੰ ਹੋਰ ਫੌਜ ਦੇ ਕੇ ਭੇਜਿਆ ਜਿਸ ਦੇ ਸਿਪਾਹੀਆਂ ਵਿੱਚ ਬਹੁਤੀ



ਗਿਣਤੀ ਪੰਜਾਬੀ ਫੌਜੀਆਂ ਦੀ ਸੀ। ਨਵਾਬ ਸਾਦਿਕ ਅਲੀ ਖ਼ਾਂ ਨੇ ਵੀ ਆਪਣੀ ਦਸ ਹਜ਼ਾਰ ਫੌਜ ਨਾਲ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਜਦੋਂ ਅਹਿਮਦ ਖ਼ਾਂ ਖਰਲ ਅਤੇ ਉਸ ਦੇ ਸਾਥੀਆਂ ਨੇ ਹੌਸਲਾ ਨਾ ਛੱਡਿਆ ਤਾਂ ਅੰਗਰੇਜ਼ਾਂ ਨੇ ਝੁਮਰਾ ਨਾਂ ਦੇ ਕਸਬੇ ਨੂੰ ਅੱਗ ਲਾ ਦਿੱਤੀ ਅਤੇ ਆਪਣੇ ਮੁਖ਼ਬਰਾਂ ਰਾਹੀਂ ਅਫ਼ਵਾਹ ਫੈਲਾ ਦਿੱਤੀ ਕਿ ਇਹ ਅੱਗ ਅਹਿਮਦ ਖ਼ਾਂ ਖਰਲ ਨੇ ਲਗਵਾਈ ਹੈ। ਅੱਗ ਤੋਂ ਭੜਕੇ ਝੁਮਰਾ ਦੇ ਖਰਲਾਂ ਨੇ ਅੰਗਰੇਜ਼ਾਂ ਦੇ ਹਿੰਦੁਸਤਾਨੀ ਪਿੱਠੂਆਂ ਦੀਆਂ ਗੱਲਾਂ ਵਿੱਚ ਆ ਕੇ ਅਹਿਮਦ ਖ਼ਾਂ ਖਰਲ ਦਾ ਸਾਥ ਛੱਡ ਦਿੱਤਾ। ਹੁਣ ਅਹਿਮਦ ਖ਼ਾਂ ਨੇ ਵੱਟੂ ਅਤੇ ਸਾਰੰਗ ਕਬੀਲਿਆਂ ਦੇ ਲੋਕਾਂ ਨੂੰ ਨਾਲ ਲੈ ਕੇ ਕਸ਼ਕੋਰੀ ਦੇ ਜੰਗਲ ਵਿੱਚ ਡੇਰੇ ਲਾ ਲਏ ਅਤੇ ਛਾਪਾਮਾਰ ਲੜਾਈ ਸ਼ੁਰੂ ਕਰ ਦਿੱਤੀ।"

ਅਹਿਮਦ ਖ਼ਾਂ ਖਰਲ ਦੀਆਂ ਛਾਪਾਮਾਰ ਲੜਾਈਆਂ ਤੋਂ ਤੰਗ ਆਏ ਅੰਗਰੇਜ਼ਾਂ ਨੇ ਹਿੰਦੁਸਤਾਨ ਦੇ ਹੋਰ ਇਲਾਕਿਆਂ ਤੋਂ ਫੌਜ ਇਕੱਠੀ ਕਰਕੇ 21 ਜਨਵਰੀ 1858 ਨੂੰ ਜੰਗਲ ਨੂੰ ਚਾਰੇ ਪਾਸਿਆਂ ਤੋਂ ਘੇਰਾ ਪਾ ਲਿਆ। ਜੰਗਲ ਵਿੱਚ ਜਿਹੜੀਆਂ ਝੜਪਾਂ ਹੋਈਆਂ, ਉਸ ਵਿੱਚ ਅਹਿਮਦ ਖ਼ਾਂ ਦੇ ਸਿਪਾਹੀਆਂ ਨੇ ਅੰਗਰੇਜ਼ ਫ਼ੌਜ ਦੇ ਕਈ ਅਫ਼ਸਰਾਂ ਨੂੰ ਮਾਰ ਮੁਕਾਇਆ। ਸ਼ਾਮ ਦੇ ਸਮੇਂ ਅੰਗਰੇਜ਼ੀ ਫੌਜ ਜੰਗਲ ਵਿੱਚੋਂ ਬਾਹਰ ਨਿਕਲ ਕੇ ਇਕ ਨਾਲੇ ਉੱਤੇ ਇਕੱਠੀ ਹੋ ਗਈ। ਅਗਲੀ ਸਵੇਰ ਅੰਗਰੇਜ਼ੀ ਫੌਜ ਨੇ ਪੂਰੇ ਜ਼ੋਰ ਨਾਲ ਚਾਰੇ ਪਾਸਿਉਂ ਜੰਗਲ ਉੱਤੇ ਹਮਲਾ ਕਰ ਦਿੱਤਾ। ਘਮਸਾਨ ਦੀ ਲੜਾਈ ਵਿੱਚ ਅਹਿਮਦ ਖ਼ਾਂ ਖਰਲ, ਉਸ ਦਾ ਭਤੀਜਾ ਮੁਰਾਦ ਅਤੇ ਸਾਰੰਗ ਸ਼ਹੀਦ ਹੋ ਗਏ। ਅੱਖੀਂ ਦੇਖਣ ਵਾਲਿਆਂ ਨਾਲ ਗੱਲ ਕਰਨ ਤੋਂ ਬਾਅਦ ਸ਼ਾਰਿਬ ਅਨਸਾਰੀ ਲਿਖਦਾ ਹੈ ਕਿ ਜਦੋਂ ਜ਼ਖ਼ਮੀ ਅਹਿਮਦ ਖ਼ਾਂ ਦਾ ਸਿਰ ਕੱਟਣ ਲਈ ਇਕ ਅੰਗਰੇਜ਼ ਅਫ਼ਸਰ ਅੱਗੇ ਵਧਿਆ ਤਾਂ ਉਸ ਨੇ ਤਲਵਾਰ ਦੇ ਇਕੋ ਵਾਰ ਨਾਲ ਅੰਗਰੇਜ਼ ਅਫ਼ਸਰ ਨੂੰ ਮਾਰ ਮੁਕਾਇਆ।

ਸੰਦਲ ਦੀ ਬਾਰ ਦਾ ਇਕ ਹੋਰ ਲੇਖਕ ਅਹਿਮਦ ਖ਼ਾਂ ਖਰਲ ਦੀ ਮੌਤ ਬਾਰੇ ਲਿਖਦਾ ਹੈ ਕਿ ਅਸਰ ਦੀ ਨਮਾਜ਼ ਦੇ ਸਮੇਂ ਜਦੋਂ ਅਹਿਮਦ ਖ਼ਾਂ ਖਰਲ, ਉਸ ਦਾ ਭਤੀਜਾ ਮੁਰਾਦ ਅਤੇ ਹੋਰ ਸਾਥੀ ਜੰਗਲ ਵਿੱਚ ਨਮਾਜ਼ ਪੜ੍ਹ ਰਹੇ ਸਨ ਤਾਂ ਅੰਗਰੇਜ਼ ਫੌਜ ਦੀ ਟੁਕੜੀ ਉੱਧਰ ਆ ਪਹੁੰਚੀ ਅਤੇ ਨਮਾਜ਼ ਪੜ੍ਹ ਰਹੇ ਅਹਿਮਦ ਖ਼ਾਂ ਖਰਲ ਉੱਤੇ ਅੰਗਰੇਜ਼ ਸਿਪਾਹੀ ਗੁਲਾਬ ਰਾਏ ਬੇਦੀ ਨੇ ਗੋਲੀ ਚਲਾ ਦਿੱਤੀ ਜਿਸ ਨਾਲ ਉਹ ਮੌਕੇ 'ਤੇ ਹੀ ਸ਼ਹੀਦ ਹੋ ਗਿਆ ਅਤੇ

ਇਕ ਅੰਗਰੇਜ਼ ਅਫ਼ਸਰ ਨੇ ਅੱਗੇ ਵਧ ਕੇ ਉਸ ਦਾ ਸਿਰ ਕੱਟ ਲਿਆ । ਕਿਹਾ ਜਾਂਦਾ ਹੈ ਕਿ ਇਸ ਸਿਰ ਨੂੰ ਰਾਤ ਦੇ ਸਮੇਂ ਘੜੇ ਵਿੱਚ ਬੰਦ ਕਰਕੇ ਕੋਤਵਾਲੀ ਦੇ ਅੰਦਰ ਰੱਖ ਦਿੱਤਾ ਜਾਂਦਾ ਅਤੇ ਦਿਨ ਵੇਲੇ ਘੜੇ ’ਚੋਂ ਬਾਹਰ ਕੱਢ ਕੇ ਕੋਤਵਾਲੀ ਦਰਵਾਜ਼ੇ ਉੱਤੇ ਟੰਗ ਦਿੱਤਾ ਜਾਂਦਾ । ਰਾਤ ਦੇ ਹਨੇਰੇ ਵਿੱਚ ਜਦੋਂ ਝਾਵਰ ਦੇ ਇਕ ਸਿਪਾਹੀ ਦੀ ਡਿਊਟੀ ਆਈ ਤਾਂ ਉਹ ਸਿਰ ਲੈ ਕੇ ਭੱਜ ਗਿਆ ਅਤੇ ਅਹਿਮਦ ਖ਼ਾਂ ਖਰਲ ਦੀ ਕਬਰ ਲੱਭ ਕੇ ਉਸ ਵਿੱਚ ਦਫ਼ਨਾਉਣ ਤੋਂ ਬਾਅਦ ਡਿਉਟੀ ’ਤੇ ਆ ਹਾਜ਼ਰ ਹੋਇਆ ।

ਅਹਿਮਦ ਖ਼ਾਂ ਦੀ ਸ਼ਹੀਦੀ ਤੋਂ ਬਾਅਦ ਉਸ ਦੇ ਸਾਥੀ ਅੰਗਰੇਜ਼ ਫੌਜ ਉੱਤੇ ਛਾਪਾਮਾਰ ਹਮਲੇ ਕਰਦੇ ਰਹੇ । ਉਹ ਜੰਗਲ ਵਿੱਚੋਂ ਬਾਹਰ ਨਿਕਲਦੇ ਅਤੇ ਅੰਗਰੇਜ਼ ਫੌਜ ’ਤੇ ਹਮਲਾ ਕਰਕੇ ਅੰਦਰ ਛੁਪ ਜਾਂਦੇ । ਅਜਿਹੇ ਹੀ ਇਕ ਹਮਲੇ ਵਿੱਚ ਕਮਿਸ਼ਨਰ ਬਰਕਲੇ ਵੀ ਮਾਰਿਆ ਗਿਆ ਅਤੇ ਉਸ ਦੀ ਥਾਂ ਕਰਨਲ ਪੀਟਰ ਨੇ ਲੈ ਲਈ । ਮੁਜਾਹਿਦਾਂ ਨੇ ਜੰਗਲ ਵਿੱਚੋਂ ਬਾਹਰ ਨਿਕਲ ਕੇ ਹੜੱਪਾ ਅਤੇ ਚੀਚਾ ਉੱਤੇ ਵੀ ਕੁਝ ਦਿਨ ਕਬਜ਼ਾ ਕਰੀ ਰੱਖਿਆ । ਅੰਗਰੇਜ਼ਾਂ ਨੇ ਲਾਹੌਰ, ਮੁਲਤਾਨ ਅਤੇ ਗੁਰਦਾਸਪੁਰ ਤੋਂ ਹੋਰ ਫੌਜ ਮੰਗਵਾ ਲਈ । ਕਿਲ੍ਹਾ ਝੱਲੀ ਦੇ ਸਥਾਨ ’ਤੇ ਦੋਵਾਂ ਫੌਜਾਂ ਵਿਚਕਾਰ ਲੜਾਈ ਹੋਈ ਜਿਸ ਵਿੱਚ ਅੰਗਰੇਜ਼ਾਂ ਦਾ ਪਾਸਾ ਭਾਰੀ ਰਿਹਾ ਅਤੇ ਉਨ੍ਹਾਂ ਨੇ ਇਕ ਇਕ ਕਰਕੇ ਆਜ਼ਾਦੀ ਘੁਲਾਟੀਆਂ ਦੇ ਅਧੀਨ ਹੋਏ ਸਥਾਨਾਂ ਉੱਤੇ ਕਬਜ਼ਾ ਕਰ ਲਿਆ। ਬਹੁਤ ਸਾਰੇ ਆਜ਼ਾਦੀ ਘੁਲਾਟੀਏ ਮਾਰੇ ਗਏ ਅਤੇ ਕੁਝ ਜੰਗਲਾਂ ਵਿੱਚ ਲੁਕ ਗਏ ।

ਜਿੱਤ ਦੀ ਖ਼ੁਸ਼ੀ ਵਿੱਚ ਹੰਕਾਰੀ ਅੰਗਰੇਜ਼ ਅਫ਼ਸਰ, ਕਰਨਲ ਪੀਟਰ ਪਿੰਡ-ਪਿੰਡ ਜਾ ਕੇ ਕਚਹਿਰੀ ਲਾ ਕੇ ਆਜ਼ਾਦੀ ਘੁਲਾਟੀਆਂ ਨੂੰ ਫ਼ਾਂਸੀ ਉੱਤੇ ਟੰਗਦਾ ਰਿਹਾ ਅਤੇ ਗ਼ਦਾਰਾਂ ਵਿੱਚ ਇਨਾਮ ਅਤੇ ਮੁਰੱਬੇ ਵੰਡਦਾ ਰਿਹਾ ।

**1913 ਵਿੱਚ ਸ਼ੁਰੂ ਹੋਈ ਗ਼ਦਰ ਲਹਿਰ ਦੇ ਕਵੀਆਂ ਨੇ 1857 ਦੇ ਗ਼ਦਰ ਨੂੰ ਬੜੀ ਮਾਰਮਿਕਤਾ ਨਾਲ ਯਾਦ ਕੀਤਾ । 1857 ਦੀ ਬਗ਼ਾਵਤ ਦੀ ਯਾਦ ਵਿੱਚ ਹੀ ਉਨ੍ਹਾਂ ਪਾਰਟੀ ਦਾ ਨਾਂ ‘ਗ਼ਦਰ ਪਾਰਟੀ’ ਰੱਖਿਆ ਤੇ ਆਪਣੇ ਅਖ਼ਬਾਰ ਦਾ ਨਾਂ ‘ਗ਼ਦਰ’ ਰੱਖਿਆ । ਗ਼ਦਰੀ ਕਵੀ ਦੁਖੀਆ ਸਿੰਘ ਨੇ ਆਪਣੀ ਕਵਿਤਾ ‘ਗ਼ਦਰ ਦੇ ਬੈਂਤ’ ਵਿੱਚ ਝਾਂਸੀ ਦੀ ਰਾਣੀ ਨੂੰ ਇੰਝ ਯਾਦ ਕੀਤਾ ਹੈ :**



ਜੇਹਨਾਂ ਵਿੱਚ ਸਤਵੰਜਾ ਦੇ ਗ਼ਦਰ ਕੀਤਾ, ਪੁਤਰ ਹਿੰਦ ਦੇ ਓਹ ਅਣਖ ਦਾਰ ਭੀ ਸੀ ।
ਰਲਕੇ ਨਾਲ ਟਰੇਟਰਾਂ ਬੇਈਮਾਨਾਂ , ਲਈ ਝਾਂਸੀ ਵਿਚਕਾਰ ਭੀ ਸੀ ।
‘ਝਾਂਸੀ ਛੱਡ’ ਲਿਖਿਆ ਲਫ਼ਜ਼ ਦੇਖਿਆ ਜਾਂ, ਲੱਗੀ ਸਾਂਗ ਸੀਨੇ ਵਿਚਕਾਰ ਭੀ ਸੀ ।
ਦੇਖਣ ਸਾਰ ਹੀ ਅੱਖੀਆਂ ਲਾਲ ਹੋਈਆਂ, ਚੇਹਰਾ ਭਖੇ ਜਿਉਂ ਭਖੇ ਅੰਗਿਆਰ ਭੀ ਸੀ ।
ਝਾਂਸੀ ਛੱਡਸਾਂ ਨਾ ਜਿਚਰ ਜਾਨ ਮੇਰੀ, ਲਿਖੇ ਲਖਸ਼ਮੀ ਬਾਈ ਲਲਕਾਰ ਭੀ ਸੀ ।
ਜਦੋਂ ਬਦਲਦੀ ਭੇਸ ਬਹਾਦਰਾਂ ਦਾ, ਸੋਹਣੇ ਸਜਦੇ ਬਦਨ ਹਥਿਯਾਰ ਭੀ ਸੀ।
ਦੇਵਾਂ ਜਾਣ ਝਾਂਸੀ! ਮੇਰੀ ਜਾਨ ਝਾਂਸੀ, ਲਿਯਾ ਜਾਣ ਝਾਂਸੀ ਗਲ ਦਾ ਹਾਰ ਭੀ ਸੀ ।
ਮੇਰੀ ਜਾਨ ਝਾਂਸੀ ਮੇਰਾ ਮਾਣ ਝਾਂਸੀ, ਮੇਰਾ ਨਾਲ ਝਾਂਸੀ ਡਾਢਾ ਪਿਯਾਰ ਭੀ ਸੀ ।
ਮੈਥੋਂ ਜੀਉਂਦੀ ਕਰੇ ਅਲਗ ਝਾਂਸੀ, ਕੇਹਦਾ ਕਦਰ ਦੁਨੀਯਾਂ ਵਿਚਕਾਰ ਭੀ ਸੀ।
ਕੇਹੜਾ ਜੰਮਿਆਂ ਏ ਝਾਂਸੀ ਲੈਣ ਵਾਲਾ, ਜਿਸਨੂੰ ਹੌਂਸਲਾ ਲਵੇ ਨਤਾਰ ਭੀ ਸੀ ।
ਸਿਰਫ ਧਮਕੀਆਂ ਨਾਲ ਨਾ ਮਿਲੂ ਝਾਂਸੀ, ਸ਼ਾਇਦ ਮਿਲੂਗੀ ਨਾਲ ਤਲਵਾਰ ਭੀ ਸੀ ।
ਆਓ ਵਿੱਚ ਮੈਦਾਨ ਦੇ ਹੱਥ ਦੇਖੋ, ਨਾਲੇ ਕਰੋ ਰੋਕੋ ਮੇਰਾ ਵਾਰ ਭੀ ਸੀ ।
ਜੀਉਂਦੀ ਜਾਨ ਨਾ ਪਿਛਾਂ ਨੂੰ ਮੂੰਹ ਕੀਤਾ, ਓਹ ਸਪੁੱਤਰੀ ਹਿੰਦ ਦੁਲਾਰ ਭੀ ਸੀ ।
ਹਾਰ ਥੱਕ ਕੇ ਅੰਤ ਸ਼ਹੀਦ ਹੋਈ, ਪਿਯਾਰੀ ਗਈ ਸੁਵਰਗ ਸਧਾਰ ਭੀ ਸੀ।
ਰਾਣੀ ਲਖਛਮੀ ਰੂਪ ਧਰ ਕੇ, ਹਿੰਦੋਸਤਾਨ ਨੂੰ ਲਿਯਾ ਉਭਾਰ ਭੀ ਸੀ ।

ਸੰਪਰਕ 9855551359

# ਜੈ ਸਿੰਘ ਖਲਕਟ

ਕੋਲ ਸ਼ਹਿਰ ਪਟਿਆਲੇ ਦੇ,
ਪਿੰਡ ਜਿਹਨੂੰ ਮੁਗਲਮਾਜਰਾ ਕਹਿੰਦੇ ।
ਉੱਥੇ ਜੈ ਸਿੰਘ ਖਲਕਟ ਜੀ,
ਆਪਣੇ ਟੱਬਰ ਨਾਲ ਸਨ ਰਹਿੰਦੇ ।
ਉਹ ਅੰਮ੍ਰਿਤਧਾਰੀ ਸੀ,
ਸਿੱਖੀ ਕੇਸਾਂ ਨਾਲ ਨਿਭਾਉਂਦੇ ।
ਪਿੰਡ ਮੁਗਲਮਾਜਰੇ ਦੇ,
ਜੈ ਸਿੰਘ ਪੁੱਠੀ ਖੱਲ ਲੁਹਾਉਂਦੇ।
ਇੱਕ ਜ਼ਾਲਮ ਸਰਹਿੰਦ ਸ਼ਹਿਰੋਂ,
ਸੁਮੰਦ ਖ਼ਾਨ ਨਾਮ ਦਾ ਚੱਲਿਆ ।
ਹਿੰਦੂ ਸਿੱਖਾਂ ਨੂੰ ਕਤਲ ਕਰੇ,
ਆ ਓਹਨੇ ਮੁਗਲਮਾਜਰਾ ਮੱਲਿਆ ।
ਉੱਚੀ ਬੋਲ ਕੇ ਹੁਕਮ ਕਰੇ,
ਫੜ ਲਉ ਜੋ ਸਿੰਘ ਨਜ਼ਰੀਂ ਆਉਂਦੇ ।
ਪਿੰਡ ਮੁਗਲਮਾਜਰੇ ਦੇ,
ਜੈ ਸਿੰਘ ਪੁੱਠੀ ਖੱਲ ਲੁਹਾਉਂਦੇ ।
ਫੜ ਪਕੜ ਸਿਪਾਹੀਆਂ ਨੇ,
ਜੈ ਸਿੰਘ ਕੀਤਾ ਖ਼ਾਨ ਹਵਾਲੇ ।
ਕਹੇ ਖ਼ਾਨ ਚੁੱਕੋ ਗੱਠੜੀ,
ਇਸਨੂੰ ਪਹੁੰਚਾ ਦੋ ਪਟਿਆਲੇ ।
ਤੱਕ ਹੁੱਕਾ ਗੱਠੜੀ ’ਚੋਂ,
ਜੈ ਸਿੰਘ ਵਾਹਿਗੁਰੂ ਨਾਮ ਧਿਆਉਂਦੇ ।
ਪਿੰਡ ਮੁਗਲਮਾਜਰਾ ਦੇ,
ਜੈ ਸਿੰਘ ਪੁੱਠੀ ਖੱਲ ਲੁਹਾਉਂਦੇ ।
ਮੈਂ ਹੁੱਕਾ ਨਹੀਂ ਚੁੱਕਣਾ,
ਖ਼ਾਨਾ ਜੋ ਮਰਜ਼ੀ ਤੂੰ ਕਰ ਲੈ ।
ਇੱਕ ਬਾਝ ਤੰਬਾਕੂ ਤੋਂ,
ਮੇਰੇ ਸਿਰ ਜੋ ਮਰਜ਼ੀ ਧਰ ਲੈ ।



ਮੈਂ ਗੱਠੜੀ ਨਹੀਂ ਚੁੱਕਣੀ,
ਬਾਜਾਂ ਵਾਲੇ ਦਾ ਹੁਕਮ ਪੁਗਾਉਂਦੇ ।
ਪਿੰਡ ਮੁਗਲਮਾਜਰਾ ਦੇ,
ਜੈ ਸਿੰਘ ਪੁੱਠੀ ਖੱਲ ਲੁਹਾਉਂਦੇ ।
ਇੰਨੀ ਗੱਲ ਸੁਣਦੇ ਹੀ,
ਗੁੱਸਾ ਖ਼ਾਨ ਸੁਮੰਦ ਦਿਖਾਵੇ ।
ਇਹਦੀ ਚਮੜੀ ਉਧੇੜ ਦਿਉ,
ਜਾਂ ਇਹ ਮੁਸਲਮਾਨ ਬਣ ਜਾਵੇ ।
ਮੈਂ ਮੁਸਲਮਾਨ ਨਹੀਂ ਬਣਨਾ,
ਕਰ ਲਉ ਜੋ ਥੋਡੇ ਮਨ ਭਾਉਂਦੇ ।
ਪਿੰਡ ਮੁਗਲਮਾਜਰਾ ਦੇ,
ਜੈ ਸਿੰਘ ਪੁੱਠੀ ਖੱਲ ਲੁਹਾਉਂਦੇ ।
ਆਖਰ ਨੂੰ ਬੰਨ੍ਹ ਲਿਆ,
ਸਿੰਘ ਨੂੰ ਵਿੱਚ ਦੋ ਖੜ੍ਹੇ ਦਰਖਤਾਂ ।
ਪੁੱਠਾ ਲਟਕਾ ਕੇ ਤੇ,
ਲਾਹੀ ਪੁੱਠੀ ਖੱਲ ਕੰਬਖਤਾਂ ।
'ਜੱਸਿਆ' ਨਾ ਡੋਲਿਆ ਸੀ,
ਉਲਟੇ ਬੰਨ੍ਹੇ ਵੀ ਮੁਸਕਾਉਂਦੇ ।
ਪਿੰਡ ਮੁਗਲਮਾਜਰੇ ਦੇ,
ਜੈ ਸਿੰਘ ਪੁੱਠੀ ਖੱਲ ਲਹਾਉਂਦੇ

ਜੈ ਸਿੰਘ 'ਜੱਸਾ'
ਪ੍ਰਸ਼ਾਸਕ
ਪਿੰਗਲਵਾੜਾ (ਮਾਨਾਂਵਾਲਾ ਬ੍ਰਾਂਚ) ਅੰਮ੍ਰਿਤਸਰ
M: 97814-01142

# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਤਰ੍ਹਾਂ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਪੂਰਨ ਸਿੰਘ ਜੀ ਇਕੱਲੇ ਹੀ ਇਸ ਸੇਵਾ ਦੇ ਕਠਨ ਰਾਹ 'ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਅਤੇ ਕਾਰਵਾਂ ਬਣਦਾ ਗਿਆ । ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ ।

## ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ** :-1807 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ-ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।



## ਮੁਫ਼ਤ ਵਿਦਿਅਕ ਸਹੂਲਤਾਂ:

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ,ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।

## ਨਿਵਾਸ ਅਤੇ ਸੰਭਾਲ :

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿਖੇ *1807 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :

| ਬਿਮਾਰੀ ਨਾਲ ਗ੍ਰਸਤ | ਗਿਣਤੀ | ਬਿਮਾਰੀ ਨਾਲ ਗ੍ਰਸਤ | ਗਿਣਤੀ |
|---|---|---|---|
| ਮਾਨਸਿਕ ਰੋਗੀ | -365 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -198 |
| ਮੰਦ-ਬੁੱਧੀ ਵਾਲੇ | -454 | ਸ਼ੂਗਰ ਵਾਲੇ | -85 |
| ਗੂੰਗੇ ਬੋਲੇ | -168 | ਕੈਂਸਰ ਵਾਲੇ | -01 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | -88 |
| ਜ਼ਖ਼ਮਾਂ ਵਾਲੇ | -30 | ਲਾਵਾਰਸ ਬੱਚੇ | -03 |
| ਟੀ.ਬੀ. ਵਾਲੇ | -20 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -43 | | |
| **30 ਜੂਨ 2019 ਤਕ ਕੁੱਲ ਗਿਣਤੀ** | | | **1807** |

***ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।**

**ਬ੍ਰਾਂਚਾਂ ਦਾ ਵੇਰਵਾ :**

| ਬ੍ਰਾਂਚ | ਮਰੀਜ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 343 |
| 2. ਮਾਨਾਂਵਾਲਾ ਕੰਪਲੈਕਸ | 881 |
| 3. ਪੰਡੋਰੀ ਵੜੈਚ ਸ਼ਾਖਾ | 109 |
| 4. ਗੋਇੰਦਵਾਲ ਸ਼ਾਖਾ | 97 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 217 |
| 7. ਪਲਸੋਰਾ ਸ਼ਾਖਾ ਚੰਡੀਗੜ੍ਹ | 119 |
| **ਕੁੱਲ ਮਰੀਜ਼** | **1807** |

**ਇਲਾਜ ਅਤੇ ਸਹੂਲਤਾਂ :**

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**:- ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬਾਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ੲ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।

**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ। ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ।

**(ਹ) ਬਣਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਣਾਂ ਲਈ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿੱਥੇ ਬਣਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 12411 ਲੋੜਵੰਦ ਲਾਭ ਉੱਠਾ ਚੁੱਕੇ ਹਨ ।



**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦਾ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ, ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ, ਤਾਂ ਕਿ ਜਨਮ ਤੋਂ ਬਹਿਰੇ ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੂੰਗਾਪਣ ਦੂਰ ਹੋ ਸਕੇ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਵੀ ਸਥਾਪਿਤ ਕੀਤਾ ਗਿਆ ਹੈ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ

ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਉਹ ਆਮ ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

**3. ਮੁਫ਼ਤ ਵਿਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-**

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇੱਥੇ ਗ਼ਰੀਬ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਕਿੱਤਾ ਸਿਖਲਾਈ ਕੇਂਦਰ** :- ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਦੀਆਂ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ**:-ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 185 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਪਿੰਗਲਵਾੜਾ ਦੇ 225 ਮੰਦਬੁੱਧੀ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

(ਹ) RCI ਦੇ ਅਧੀਨ

**ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼:**

(i) Diploma Special Education (Hearing Impairment) 25 ਸੀਟਾਂ।

(ii) Diploma Special Education (Mental Retardation) 25 ਸੀਟਾਂ।

**(ਕ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ**:- ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।



**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ** :- ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 437 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ।

**(ਗ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੋਰਾ, ਫਿਰੋਜ਼ਪੁਰ** :- ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ङ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ)** :- ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ**:- ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।

**(ਜ) ਕੰਪਿਊਟਰ ਸਿੱਖਿਆ** :- ਸੂਚਨਾ ਅਤੇ ਟੈਕਨੌਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਝ) ਹੋਸਟਲ ਦਾ ਪ੍ਰਬੰਧ** :- ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**4. ਵਾਤਾਵਰਣ ਜਾਗਰੂਕਤਾ :-**

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਰੁੱਖ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਸਥਾਨਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)

(ਕ) ਸੋਲਰ ਪਾਵਰ ਊਰਜਾ

**5. ਪੂਰਨ ਪ੍ਰਿੰਟਿੰਗ ਪ੍ਰੈਸ** :- ਇਹ ਛਾਪਾਖ਼ਾਨਾ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ । ਇਸ ਛਾਪੇਖ਼ਾਨੇ ਵਿੱਚ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨ-ਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲਿਸਿਟੀ ਦਾ ਸਾਲਾਨਾ ਖ਼ਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚੱਲਦੇ ਇਸ ਪ੍ਰੈਸ ਦੀ ਸਮਾਜ ਨੂੰ ਬੜੀ ਵੱਡੀ ਦੇਣ ਹੈ।

**6. ਹੋਰ ਸਮਾਜ ਕਲਿਆਣ ਸੰਬੰਧੀ ਕਾਰਜ**:-

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ



ਬੱਦਲ ਫੱਟਣ ਨਾਲ ਲੇਹ-ਲਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਜੀ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਮ ਸਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara—A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜ਼ੀ ਫ਼ਿਲਮ 'ਸ਼ੁਭ ਕਰਮਨ' ।

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

(ix) **ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)**:-ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ **"ਏਹੁ ਜਨਮ ਤੁਮ੍ਹਾਰੇ ਲੇਖੇ"** ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ ਜੋ 30 ਜਨਵਰੀ, 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।